ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

5-11 ਨਵੰਬਰ 2025

ਸਾਲ 16ਵਾਂ - ਅੰਕ 45

email : info@sadelok.com

Ph. : 510-706-1300

Fax : 925-373-1300


## ਬਾਬੇ ਨਾਨਕ ਦੀ ਧਰਤੀ

## ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਸਜਾਇਆ ਗਿਆ ਨਗਰ ਕੀਰਤਨ

(ਦੇਖੋ ਸਫ਼ਾ 24 'ਤੇ)



## ਜ਼ੋਹਰਾਨ ਮਮਦਾਨੀ ਨੇ ਇਤਿਹਾਸ ਸਿਰਜਿਆ

### ਨਿਊਯਾਰਕ ਦੇ ਮੇਅਰ ਦੀ ਵੱਕਾਰੀ ਚੋਣ ਜਿੱਤੀ



ਨਿਊਯਾਰਕ : ਭਾਰਤੀ ਮੂਲ ਦੇ ਆਗੂ ਜ਼ੋਹਰਾਨ ਮਮਦਾਨੀ (34) ਨੇ ਨਿਊਯਾਰਕ ਸਿਟੀ ਦੇ ਮੇਅਰ ਅਹੁਦੇ ਦੀ ਚੋਣ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਉਹ ਪਹਿਲਾ ਦੱਖਣ ਏਸ਼ਿਆਈ, ਮੁਸਲਿਮ ਅਤੇ ਸਦੀ ਦਾ ਸਭ ਤੋਂ ਛੋਟੀ ਉਮਰ ਦਾ ਆਗੂ ਬਣ ਗਿਆ ਹੈ ਜਿਸ ਨੇ ਦੁਨੀਆ ਦੀ ਵਿੱਤੀ ਰਾਜਧਾਨੀ ਵਜੋਂ ਜਾਣੇ ਜਾਂਦੇ ਨਿਊਯਾਰਕ ਦੀ ਕਮਾਨ

(ਦੇਖੋ ਸਫ਼ਾ 25 'ਤੇ)

## ਅਮਰੀਕਾ ਵਿਚ ਸਿੱਖਾਂ ਦੀ ਆਵਾਜ਼

## ਸ੍ਰ. ਸਵਰਨਜੀਤ ਸਿੰਘ ਖਾਲਸਾ ਕਨੈਕਟੀਕਟ ਵਿਚ ਪਹਿਲੇ ਸਿੱਖ ਮੇਅਰ ਬਣੇ



ਵਾਸ਼ਿਗਟਨ ਡੀ.ਸੀ. : ਕਨੈਕਟੀਕਟ ਰਾਜ ਵਿਚ ਹੋਈਆਂ ਮਿਊਂਸੀਪਲ ਚੋਣਾਂ ਵਿਚ ਸ੍ਰ. ਸਵਰਨਜੀਤ ਸਿੰਘ ਖਾਲਸਾ ਜਿੱਤ ਹਾਸਲ ਕਰਦਿਆਂ ਇਤਿਹਾਸ ਦੇ ਪੰਨੇ ਉੱਤੇ ਖਾਲਸਾ ਪੰਥ ਤੇ ਪੰਜਾਬ ਦਾ ਨਾਮ ਰੌਸ਼ਨ ਕਰ ਦਿੱਤਾ। ਉਨ੍ਹਾਂ

(ਦੇਖੋ ਸਫ਼ਾ 25 'ਤੇ)

# ਖਾਲਸਾਈ ਜਾਹੋ-ਜਲਾਲ ਨਾਲ ਯੂਬਾ ਸਿਟੀ ਦਾ 46ਵਾਂ ਮਹਾਨ ਨਗਰ ਕੀਰਤਨ ਸਮਾਪਤ

## ਲੱਖਾਂ ਦੀ ਸੰਗਤ 'ਚ ਇੱਕ ਵੀ ਝਗੜਾ ਜਾਂ ਅਣਸੁਖਾਵੀਂ ਘਟਨਾ ਨਾ ਵਾਪਰਨ ਨਾਲ ਸੰਗਤਾਂ 'ਚ ਖੁਸ਼ੀ ਦੀ ਲਹਿਰ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ 46ਵੇਂ ਮਹਾਨ ਵਿਸ਼ਾਲ ਨਗਰ ਕੀਰਤਨ ਤੇ ਧਾਰਮਿਕ ਸਮਾਗਮ ਸਮਾਪਤ ਹੋ ਗਏ। ਕਰੀਬ ਪੰਦਰਾਂ ਦਿਨਾਂ ਤੋਂ ਚੱਲ ਰਹੇ ਧਾਰਮਿਕ ਸਮਾਗਮ ਅਖੀਰਲੇ ਦਿਨ ਨਗਰ ਕੀਰਤਨ ਨਾਲ ਸਮਾਪਤ ਹੋ ਗਏ, ਜਿਸ ਵਿਚ ਐਤਕਾਂ ਪਿਛਲੇ ਸਾਲਾਂ ਤੋਂ ਕਰੀਬ ਦੁੱਗਣੀ ਸੰਗਤਾਂ ਨੇ ਸ਼ਮੂਲੀਅਤ ਕੀਤੀ। 31 ਅਕਤੂਬਰ ਨੂੰ ਆਤਿਸਬਾਜ਼ੀ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਪਹਿਲੀ ਨਵੰਬਰ ਨੂੰ ਅੰਮ੍ਰਿਤ ਸੰਚਾਰ ਕੀਤਾ ਗਿਆ। ਇਸੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਪਹਿਲੀ ਨਵੰਬਰ ਨੂੰ ਹੀ ਰੈਣ ਸਬਾਈ ਕੀਰਤਨ ਹੋਇਆ, ਜਿਸ ਵਿਚ ਭਾਰੀ ਗਿਣਤੀ ਵਿਚ ਸਥਾਨਕ ਅਤੇ ਬਾਹਰਲੀ ਸੰਗਤਾਂ ਨੇ ਗੁਰਬਾਣੀ ਦਾ ਲਾਹਾ ਲਿਆ। ਸ੍ਰੀ ਅਖੰਡਪਾਠਾਂ ਦੇ ਭੋਗ ਪਾਏ ਗਏ ਤੇ ਨਗਰ ਕੀਰਤਨ ਸਜਾਇਆ ਗਿਆ। ਰਾਤ ਨੂੰ ਲੱਗੇ ਦੀਵਾਨਾਂ ਵਿਚ ਸਿੱਖ ਵਿਦਵਾਨਾਂ ਅਤੇ ਸਥਾਨਕ ਸਿਆਸੀ ਲੋਕਾਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ। ਸੰਗਤਾ ਦੇ ਭਾਰੀ ਜੋਸ਼ ਅਤੇ ਸ਼ਰਧਾ ਨੇ ਇਤਿਹਾਸ ਸਿਰਜ ਦਿੱਤਾ ਪ੍ਰਬੰਧਕ ਕਮੇਟੀ ਨਾਲ ਹਮੇਸ਼ਾ ਚਟਾਨਾ ਦੇ ਵਾਂਗ ਖੜ੍ਹੇ ਲੋਕ ਇਸ ਵਾਰ ਖੁਸ਼ ਅਤੇ

(ਦੇਖੋ ਸਫ਼ਾ 26-28 'ਤੇ)

## ਲਗਾਤਾਰ 5ਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਸ੍ਰ. ਹਰਜਿੰਦਰ ਸਿੰਘ ਧਾਮੀ



### ਸੇਵਾ ਗੁਰੂ ਸਾਹਿਬ ਦੀ ਭੈਅ ਭਾਵਨਾ ਅਨੁਸਾਰ ਨਿਭਾਉਣ ਦਾ ਯਤਨ ਕਰਾਂਗਾ : ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਜਨਰਲ ਇਜਲਾਸ ਦੌਰਾਨ ਅਕਾਲੀ ਦਲ ਬਾਦਲ ਵਲੋਂ ਪੰਜਵੀਂ ਵਾਰ ਚੋਣ ਮੈਦਾਨ ਵਿਚ ਉਤਾਰੇ ਗਏ ਪ੍ਰਧਾਨਗੀ ਅਹੁਦੇ ਲਈ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਰੋਧੀ ਧਿਰ ਅਕਾਲੀ ਦਲ ਪੁਨਰ ਸੁਰਜੀਤ ਦੇ ਉਮੀਦਵਾਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਵੱਡੇ ਫਰਕ ਨਾਲ ਹਰਾ ਕੇ ਸ਼੍ਰੋਮਣੀ ਕਮੇਟੀ ਦੇ ਮੁੜ ਪ੍ਰਧਾਨ ਚੁਣੇ ਗਏ। ਕੁੱਲ ਪਈਆਂ 136 ਵੋਟਾਂ 'ਚੋਂ 117 ਵੋਟਾਂ ਸ. ਧਾਮੀ ਨੇ ਪ੍ਰਾਪਤ ਕਰਕੇ ਜਿੱਤ ਹਾਸਿਲ ਕੀਤੀ, ਜਦੋਂ ਕਿ ਸ. ਕਾਹਨੇਕੇ ਨੂੰ ਕੇਵਲ 18 ਵੋਟਾਂ ਪਈਆਂ ਤੇ 1 ਵੋਟ ਰੱਦ ਹੋਈ। ਇਜਲਾਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ

(ਦੇਖੋ ਸਫ਼ਾ 20 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000

Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com


ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111


# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਤਹਿਰਾਨ ’ਚ ਅਮਰੀਕਾ ਤੇ ਇਜ਼ਰਾਈਲ ਖਿਲਾਫ਼ ਮੁਜ਼ਾਹਰਾ

## ਅਮਰੀਕੀ ਸਫਾਰਤਖਾਨੇ ’ਤੇ ਕਬਜ਼ੇ ਦੀ ਵਰ੍ਹੇਗੰਢ ਮਨਾਈ



ਤਹਿਰਾਨ : ਇਰਾਨੀਆਂ ਨੇ ਤਹਿਰਾਨ ਵਿੱਚ ਅਮਰੀਕੀ ਸਫਾਰਤਖਾਨੇ ’ਤੇ 1979 ਵਿੱਚ ਕੀਤੇ ਕਬਜ਼ੇ ਦੀ ਵਰ੍ਹੇਗੰਢ ਮਨਾਈ। ਜੂਨ ਵਿੱਚ ਇਜ਼ਰਾਈਲ ਨਾਲ 12 ਦਿਨਾ ਜੰਗ ਦੌਰਾਨ ਅਮਰੀਕਾ ਵੱਲੋਂ ਇਰਾਨ ਦੇ ਪਰਮਾਣੂ ਟਿਕਾਣਿਆਂ ’ਤੇ ਕੀਤੀ ਗਈ ਬੰਬਾਰੀ ਤੋਂ ਬਾਅਦ ਇਹ ਅਜਿਹਾ ਪਹਿਲਾ ਸਮਾਗਮ ਸੀ। 4 ਨਵੰਬਰ 1979 ਨੂੰ ਇਰਾਨੀ ਵਿਦਿਆਰਥੀਆਂ ਨੇ ਸਫਾਰਤਖਾਨੇ ’ਤੇ ਕਬਜ਼ਾ ਕਰ ਕੇ ਦਰਜਨਾਂ ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਸਮਾਗਮ ਵਿੱਚ ਅੱਜ ਵੱਡੀ ਗਿਣਤੀ ਲੋਕ ਤਹਿਰਾਨ ਦੇ ਉਸੇ ਸਥਾਨ ’ਤੇ ਇਕੱਠੇ ਹੋਏ ਅਤੇ ‘ਅਮਰੀਕਾ ਮੁਰਦਾਬਾਦ’ ਤੇ ‘ਇਜ਼ਰਾਈਲ ਮੁਰਦਾਬਾਦ’ ਦੇ ਨਾਅਰੇ ਲਾਏ। ਕੁਝ ਲੋਕਾਂ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਪੁਤਲੇ ਫਾਹੇ ਲਾਏ ਅਤੇ ਅਮਰੀਕੀ ਤੇ ਇਜ਼ਰਾਇਲੀ ਝੰਡੇ ਫੂਕੇ। ਰੈਲੀਆਂ ਦੌਰਾਨ ਇਰਾਨੀ ਮਿਜ਼ਾਈਲਾਂ ਅਤੇ ਯੂਰੇਨੀਅਮ ਨੂੰ ਸ਼ੁੱਧ ਕਰਨ ਵਾਲੀਆਂ ਸੈਂਟਰੀਫਿਊਜ ਮਸ਼ੀਨਾਂ ਦੇ ਮਾਡਲ ਵੀ ਪ੍ਰਦਰਸ਼ਿਤ ਕੀਤੇ ਗਏ। ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਨੇ ਸੋਮਵਾਰ ਨੂੰ ਵਿਦਿਆਰਥੀਆਂ ਨਾਲ ਮੀਟਿੰਗ ਦੌਰਾਨ ਵਾਅਦਾ ਕੀਤਾ ਸੀ ਕਿ ਵਾਸ਼ਿੰਗਟਨ ਨਾਲ ਸਬੰਧਾਂ ਨੂੰ ਆਮ ਵਾਂਗ ਕਰਨ ਵੱਲ ਕੋਈ ਕਦਮ ਨਹੀਂ ਚੁੱਕਿਆ ਜਾਵੇਗਾ।

ਸੰਸਦ ਦੇ ਸਪੀਕਰ ਮੁਹੰਮਦ ਬਘੇਰ ਕਲੀਬਾਫ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, “ਅਮਰੀਕਾ ਆਜ਼ਾਦ ਅਤੇ ਸ਼ਕਤੀਸ਼ਾਲੀ ਇਰਾਨ ਦਾ ਵਿਰੋਧ ਕਰਦਾ ਹੈ।” ਉਨ੍ਹਾਂ ਸਾਬਕਾ ਅਮਰੀਕੀ ਦੂਤਾਵਾਸ ਨੂੰ ‘ਜਾਸੂਸਾਂ ਦਾ ਅੱਡਾ’ ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਜੂਨ ਵਿੱਚ ਹੋਈ ਜੰਗ ਦੌਰਾਨ ਇਜ਼ਰਾਈਲ ਦੇ ਹਵਾਈ ਹਮਲਿਆਂ ਵਿੱਚ ਲਗਪਗ 1,100 ਇਰਾਨੀ ਮਾਰੇ ਗਏ ਸਨ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration

3073 W Ashlan Ave <> Fresno, CA 93722

Ph. (559) 243-9200,
Fax (559) 549-6211

or visit
www.rakhrataxservice.com
or avtar06@gmail.com



Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।

S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਫਾਊਲਰ ਵਿਖੇ '25ਵਾਂ ਉਸਤਾਦ ਲਾਲ ਚੰਦ ਯਮਲਾ ਜੱਟ ਯਾਦਗਾਰੀ ਮੇਲਾ' ਲੱਗਿਆ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ/ ਨੀਟਾ ਮਾਛੀਕੇ): ਪੰਜਾਬੀ ਸੱਭਿਆਚਾਰ ਅਤੇ ਗਾਇਕੀ ਦਾ ਮਾਣ, ਤੂੰਬੀ ਦੇ ਬਾਦਸ਼ਾਹ ਮਰਹੂਮ ਕਲਾਕਾਰ ਉਸਤਾਦ ਲਾਲ ਚੰਦ ਯਮਲਾ ਜੱਟ ਦਾ 25ਵਾਂ ਯਾਦਗਾਰੀ ਮੇਲਾ ਕੈਲੇਫੋਰਨੀਆਂ ਦੇ ਸ਼ਹਿਰ ਫਾਊਲਰ ਵਿਖੇ ਲਾਇਆ ਗਿਆ। ਜਿਸ ਦੀ ਸੁਰੂਆਤ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਜਸਵੰਤ ਸਿੰਘ ਮਹਿੰਮੀ ਨੇ ਕੀਤੀ। ਇਸ ਉਪਰੰਤ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ ਉੱਪਰ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਰ ਪਾਉਣ ਦੀ ਰਸਮ ਕੀਤੀ ਗਈ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਕਨੇਡਾ ਤੋਂ ਆਪਣੀ ਗਾਇਕੀ ਨੂੰ ਉਸਤਾਦ ਲਾਲ ਚੰਦ ਯਮਲਾ ਜੱਟ ਦੀਆਂ ਲੀਹਾਂ 'ਤੇ ਤੋਰਦੇ ਹੋਏ ਨੌਜਵਾਨ ਗਾਇਕ ਪਵਨਜੋਤ ਯਮਲਾ ਖੁੱਲੇ ਅਖਾੜੇ ਰਾਹੀਂ ਆਪਣੀ ਹਾਜ਼ਰੀ ਭਰੀ ਅਤੇ ਮੇਲੇ ਨੂੰ ਸਫਲ ਬਣਾਉਣ 'ਤੇ ਵਧਾਈ ਦਿੱਤੀ। ਉਸਤਾਦ ਲਾਲ ਚੰਦ ਯਮਲਾ ਜੱਟ ਕਮੇਟੀ ਵੱਲੋਂ ਪਵਨਜੋਤ ਯਮਲੇ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਬਾਅਦ ਚਲੇ ਗਾਇਕੀ ਦੇ ਖੁੱਲ੍ਹੇ ਅਖਾੜੇ ਵਿੱਚ ਯਮਲਾ ਜੱਟ ਦੇ ਲਾਡਲੇ ਸ਼ਾਗਿਰਦ ਅਤੇ ਮੇਲਾ ਕਮੇਟੀ ਦੇ ਪ੍ਰੈਜ਼ੀਡੈਂਟ ਰਾਜਿੰਦਰ ਬਰਾੜ, ਉਰਫ ਰਾਜ ਬਰਾੜ ਯਮਲਾ ਨੇ ਸਭ ਨੂੰ ਜੀ ਆਇਆਂ ਕਹਿਣ ਉਪਰੰਤ ਆਪਣੀ ਗਾਇਕੀ ਰਾਹੀ ਖੂਬ ਰੰਗ ਬੰਨੇ। ਜਿਸ ਬਾਅਦ ਚੱਲੇ ਖੁੱਲੇ ਅਖਾੜੇ ਵਿੱਚ ਵਿਸ਼ੇਸ਼ ਤੌਰ 'ਤੇ ਕੈਨੇਡਾ ਤੋਂ ਪਹੁੰਚੇ ਯਮਲਾ ਜੀ ਨੂੰ ਆਪਣਾ ਅਦਰਸ ਮੰਨਣ ਵਾਲੇ ਗਾਇਕ ਪਵਨਜੋਤ ਯਮਲਾ ਨੇ ਆਪਣੀ ਤੂੰਬੀ ਵਾਲੀ ਗਾਇਕੀ ਵਾਲੇ ਅੰਦਾਜ਼ ਰਾਹੀ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਭ ਦੇ ਦਿਲਾਂ ਵਿੱਚ ਜ਼ਿੰਦਾ ਕਰ ਦਿੱਤਾ। ਇਉਂ ਜਾਪ ਰਿਹਾ ਸੀ ਕਿ ਉਹੀ ਆਵਾਜ਼ ਅਤੇ ਉਹੀ ਸਾਜ਼ ਵੱਜ ਰਹੇ ਜੋਣ। ਇਸੇ ਤਰ੍ਹਾਂ ਸਥਾਨਕ ਕੈਲੇਫੋਰਨੀਆਂ ਦੇ ਦਿਲਦਾਰ ਬ੍ਰਦਰਜ਼ ਗਰੁੱਪ ਦੇ ਗਾਇਕ ਰਾਣੀ ਗਿੱਲ ਅਤੇ ਕਾਤਾਂ ਸਹੋਤਾ ਨੇ ਆਪਣੇ ਭੰਗੜੇ ਵਾਲੇ ਗੀਤਾਂ ਰਾਹੀ ਖੂਬ

**ਗਾਇਕ ਪਵਨਜੋਤ ਯਮਲਾ ਕੈਨੇਡਾ ਤੋਂ ਪਹੁੰਚੇ**

ਰੌਣਕਾਂ ਲਾਈਆਂ। ਹੋਰ ਪ੍ਰਮੁੱਖ ਕਮਲਜੀਤ ਬੈਨੀਪਾਲ, ਪ੍ਰਗਟ ਜ਼ੀਰਾ ਅਤੇ ਹਰਜੀਤ ਸਿੰਘ ਆਦਿਕ ਨੇ ਯਮਲਾ ਜੀ ਦੇ ਅਤੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ।

ਜਦਕਿ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦੇ ਦੋਗਾਣਾ ਗਾਇਕ ਜੋੜੀਆਂ ਵਿੱਚ ਬੁਲੰਦ ਆਵਾਜ਼ ਅਤੇ ਸੁਰੀਲੇ ਗਾਇਕ ਪੱਪੀ ਭਦੌੜ ਅਤੇ ਦਿਲਪ੍ਰੀਤ ਕੌਰ ਦਿਲ ਦੀ ਜੋੜੀ ਨੇ ਪੰਜਾਬੀ ਸੱਭਿਆਚਾਰ ਦੇ ਦੋਗਾਣਾ ਰੰਗ ਨੂੰ ਪੇਸ਼ ਕਰਦੇ ਹੋਏ ਆਪਣੀ ਨੋਕ-ਝੋਕ ਨਾਲ ਸਭ ਦਾ ਦਿਲ ਜਿੱਤਿਆ।



ਇਸ ਸਮੇਂ ਹੋਰ ਬੁਲਾਰਿਆਂ ਵਿੱਚ ਨਾਜ਼ਰ ਸਿੰਘ ਕੂਨਰ, ਜਗਤਾਰ ਸਿੰਘ ਗਿੱਲ, ਰਾਜਿੰਦਰ ਬਰਾੜ ਅਤੇ ਮਲਕੀਤ ਦਾਖਾ (Ex. MLA) ਆਦਿਕ ਬਹੁਤ ਸਾਰੇ ਹਾਜ਼ਰੀਨ ਨੇ ਵਿਚਾਰਾ ਦੀ ਸਾਂਝ ਪਾਈ।

ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਜਸਵੰਤ ਸਿੰਘ ਮਹਿੰਮੀ ਨੇ ਯਮਲਾ ਜੀ ਦੇ ਜ਼ਿੰਦਗੀ ਦੇ ਪੱਖ ਸਾਂਝੇ ਕਰਦੇ ਹੋਏ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਹਾਜ਼ਰੀਨ ਲਈ ਚਾਹ-ਪਕੌੜੇ ਆਦਿਕ ਦੇ ਲੰਗਰ ਖੁੱਲ੍ਹੇ ਚੱਲੇ। ਸਮੁੱਚੇ ਪ੍ਰੋਗਰਾਮ ਦੌਰਾਨ ਸੰਗੀਤ ਨਰਿੰਦਰ ਬੱਗਾ, ਅਮਰੀਕ ਮੀਕਾ ਅਤੇ ਸੰਨੀ ਐਂਡ ਪਾਰਟੀ ਵੱਲੋਂ ਦਿੱਤਾ ਗਿਆ।

ਇਸ ਯਾਦਗਾਰੀ ਮੇਲੇ ਵਿੱਚ ਹਾਜ਼ਰ ਸਮੂੰਹ ਕਲਾਕਾਰਾਂ ਅਤੇ ਪ੍ਰਮੁਖ ਸਖਸੀਅਤਾਂ ਦਾ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ। ਮੇਲੇ ਦੀਆਂ ਯਾਦਾਂ ਨੂੰ ਕੈਮਰਾਬੰਧ ਕਰਨ ਲਈ ਵਿਸ਼ੇਸ਼ ਸੇਵਾਵਾਂ ਸ. ਸ਼ਿਆਰਾ ਸਿੰਘ ਢੀਂਡਸਾ "ਉਮਨੀ ਵੀਡੀਉ ਬੇਕਰਸਫੀਲਡ" ਨੇ ਨਿਭਾਈਆਂ। ਅੰਤ ਵਿੱਚ ਮੇਲੇ ਦੇ ਮੁੱਖ ਪ੍ਰਬੰਧਕ ਰਾਜਿੰਦਰ ਸਿੰਘ ਬਰਾੜ ਉਰਫ ਰਾਜ ਬਰਾੜ ਯਮਲੇ ਨੇ ਸਭ ਹਾਜ਼ਰੀਨ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਅਤੇ ਗੀਤਕਾਰੀ ਨੂੰ ਸਿੱਜਦਾ ਕਰਦੇ ਹੋਏ, ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਮੇਲਾ ਯਾਦਗਾਰੀ ਹੋ ਨਿਬੜਿਆ।

# ਕੈਨੇਡਾ 'ਚ 33,000 ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਮਿਲੇਗਾ ਮੌਕਾ

## ਵਰਕ, ਸਟੱਡੀ ਪਰਮਿਟ, ਵਿਜ਼ਟਰ ਵੀਜ਼ਾ ਤੇ ਪੱਕੀ ਇਮੀਗ੍ਰੇਸ਼ਨ 'ਚ ਕਟੌਤੀ

ਟੋਰਾਂਟੋ : ਕੈਨੇਡਾ ਦੀ ਸੰਸਦ 'ਚ ਬੀਤੇ ਦਿਨ ਵਿੱਤ ਮੰਤਰੀ ਫਰਾਂਸੁਆ ਫਿਲਿਪ ਸ਼ੈਂਪੇਨ ਵਲੋਂ 78 ਅਰਬ ਡਾਲਰ ਵਿੱਤੀ ਘਾਟੇ ਦਾ ਬਜਟ ਪੇਸ਼ ਕੀਤਾ ਗਿਆ, ਜਿਸ 'ਚ ਪੱਕੀ ਇਮੀਗ੍ਰੇਸ਼ਨ ਤੇ ਆਰਜੀ ਪਰਮਿਟ ਜਾਰੀ ਕਰਨ ਦੀ ਕਟੌਤੀ ਦਾ ਪ੍ਰਸਤਾਵ ਮੌਜੂਦ ਹੈ। 2026 ਤੋਂ 2028 ਤੱਕ ਸਰਕਾਰ ਵਲੋਂ ਇਮੀਗ੍ਰੇਸ਼ਨ ਯੋਜਨਾ 'ਚ ਅਗਲੇ ਦੋ ਸਾਲਾਂ ਦੌਰਾਨ 33 ਹਜ਼ਾਰ ਦੇ ਕਰੀਬ ਵਰਕ ਪਰਮਿਟ ਧਾਰਕ ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਮੌਕਾ ਦੇਣ ਲਈ ਨਵਾਂ ਪ੍ਰੋਗਰਾਮ ਸ਼ਾਮਿਲ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਦੇਸ਼ 'ਚ ਆਰਜੀ ਵੀਜ਼ੇ ਤੇ ਪਰਮਿਟਾਂ ਨਾਲ ਦਾਖਿਲ ਕੀਤੇ ਜਾਣ ਵਾਲੇ ਵਿਦੇਸ਼ੀਆਂ ਦੀ ਗਿਣਤੀ, ਜੋ ਮੌਜੂਦਾ ਸਾਲ 'ਚ 673650 ਹੈ ਤੋਂ ਘਟਾ ਕੇ 2026 'ਚ 385000 ਕਰਨ ਦਾ ਐਲਾਨ ਕੀਤਾ ਗਿਆ ਹੈ। ਸਟੱਡੀ ਪਰਮਿਟ ਜਾਰੀ ਕਰਨ ਦੀ ਗਿਣਤੀ ਕੱਟ ਕੇ ਅੱਧੀ (2026 ਲਈ 155000) ਕੀਤੀ ਜਾ ਰਹੀ ਹੈ, ਜੋ ਇਸ ਸਾਲ 2025 'ਚ 305900 ਸੀ। 2026 'ਚ ਵਰਕ ਪਰਮਿਟ ਵੀ 2025 ਦੇ ਮੁਕਾਬਲੇ 37 ਫੀਸਦੀ ਘੱਟ ਜਾਰੀ ਕੀਤੇ ਜਾਣਗੇ। 2025 'ਚ 367750 ਵਰਕ ਪਰਮਿਟ ਦੇਣ ਦੇ ਟੀਚੇ ਨੂੰ ਕੱਟ ਕੇ 2026 ਵਾਸਤੇ 230000 ਕੀਤਾ ਗਿਆ ਹੈ। ਕੈਨੇਡਾ 'ਚ ਆਰਥਿਕ ਮੰਦੀ ਤੇ ਵੱਧ ਰਹੀ ਬੇਰੁਜ਼ਗਾਰੀ ਨੂੰ ਧਿਆਨ 'ਚ ਰੱਖ ਕੇ ਸਰਕਾਰ ਵਲੋਂ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਘਟਾਉਣ ਤੇ ਦੇਸ਼ 'ਚ ਆਰਜੀ ਤੌਰ 'ਤੇ ਮੌਜੂਦ ਵਿਦੇਸ਼ੀਆਂ ਨੂੰ ਚਲੇ ਜਾਣ ਲਈ ਉਤਸ਼ਾਹਿਤ ਕਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਨਾਲ ਦੇਸ਼ 'ਚ ਅਬਾਦੀ ਸਥਿਰ ਹੋਵੇਗੀ ਤੇ ਕੈਨੇਡੀਅਨ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਮੌਕੇ ਮਿਲ ਸਕਣਗੇ। ਇਸੇ ਤਰ੍ਹਾਂ ਸਰਕਾਰ ਵਲੋਂ ਖਜ਼ਾਨੇ 'ਚ ਬਚਤ ਕਰਨ ਦੇ ਇਰਾਦੇ ਨਾਲ ਆਪਣੇ ਮਹਿਕਮਿਆਂ 'ਚ ਮੁਲਾਜ਼ਮਾਂ ਦੀ ਕਟੌਤੀ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਦਫਤਰਾਂ 'ਚੋਂ ਕੰਮ ਕਰਾਉਣ ਤੇ ਜਾਣਕਾਰੀ ਲੈਣ ਲਈ ਹੋਰ ਲੰਬੇ ਇੰਤਜ਼ਾਰ ਕਰਨੇ ਪੈ ਸਕਦੇ ਹਨ। ਬਜਟ 'ਚ ਰਾਸ਼ਟਰੀ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਦੇ ਤੇ ਫੌਜ 'ਚ ਵੱਧ ਨਿਵੇਸ਼ ਕਰਨ ਦੇ ਟੀਚੇ ਮਿੱਥੇ ਗਏ ਹਨ। ਸਰਕਾਰ ਦੀ 2025 ਦੌਰਾਨ 16000 ਮੁਲਾਜਮ ਘਟਾਉਣ ਤੇ 2028-2029 ਤੱਕ 40000 ਮੁਲਾਜ਼ਮ ਘਟਾਉਣ ਦੀ ਯੋਜਨਾ ਹੈ।



ਇਮੀਗ੍ਰੇਸ਼ਨ ਮੰਤਰੀ ਲੀਨਾ ਮੈਟਲਿਜ ਡਿਆਬ ਨੇ ਆਪਣੀ ਸਲਾਨਾ ਇਮੀਗ੍ਰੇਸ਼ਨ ਰਿਪੋਰਟ ਅਗਲੇ ਦਿਨਾਂ 'ਚ ਪੇਸ਼ ਕਰਨੀ ਹੈ, ਜਿਸ 'ਚ ਵੀਜਿਆਂ 'ਚ ਕਟੌਤੀ ਦਾ ਜ਼ਿਕਰ ਹੋਣ ਦੀ ਸੰਭਾਵਨਾ ਹੈ। ਜਾਣਕਾਰੀ ਅਨੁਸਾਰ 2026 'ਚ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ 380000 ਵਿਦੇਸ਼ੀਆਂ ਨੂੰ ਦੇਸ਼ 'ਚ ਪੱਕੇ ਤੌਰ 'ਤੇ ਵੱਸਣ ਦਾ ਮੌਕਾ ਦਿੱਤਾ ਜਾਵੇਗਾ, ਜਿਸ 64 ਫੀਸਦੀ ਵੀਜ਼ੇ ਕੈਨੇਡਾ 'ਚ ਰੁਜ਼ਗਾਰ ਮਾਰਕਿਟ ਦੀਆਂ ਲੋੜਾਂ ਅਨੁਸਾਰ ਯੋਗਤਾ ਪ੍ਰਾਪਤ ਵਿਦੇਸ਼ੀ ਨਾਗਰਿਕ ਸ਼ਾਮਿਲ ਹੋਣਗੇ। ਇਸ ਸਾਲ ਦੌਰਾਨ ਜਨਵਰੀ ਤੋਂ ਅਗਸਤ ਤੱਕ ਵਿਦੇਸ਼ਾਂ ਤੋਂ ਕੈਨੇਡਾ 'ਚ 154515 ਵਿਦੇਸ਼ੀ ਕਾਮਿਆਂ ਨੂੰ ਵਰਕ ਪਰਮਿਟ ਮਿਲੇ ਸਨ ਜਦਕਿ 2025 ਸਾਰੇ ਸਾਲ ਦੌਰਾਨ ਸਰਕਾਰ ਵਲੋਂ 367750 ਵਰਕ ਪਰਮਿਟ ਜਾਰੀ ਕਰਨ ਦਾ ਟੀਚਾ ਰੱਖਿਆ ਗਿਆ ਸੀ। ਇਸ ਸਾਲ ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਵਿਦੇਸ਼ੀ ਵਿਦਿਆਰਥੀ ਵੀ ਮਿੱਥੇ ਗਏ ਸਾਲਾਨਾ ਟੀਚੇ (305900) ਤੋਂ 29 ਫੀਸਦ ਘੱਟ (89430) ਦਾਖਿਲ ਕੀਤੇ ਗਏ। 2026 ਦੌਰਾਨ ਕੈਨੇਡਾ ਦੇ ਪੱਕੇ ਵਾਸੀਆਂ ਦੇ ਪਰਿਵਾਰਾਂ ਦੇ ਜੀਆਂ ਨੂੰ ਵੀਜ਼ੇ ਦੇਣ ਦੀ ਗਿਣਤੀ 'ਚ ਵੀ ਕਟੌਤੀ ਕਰ ਦਿੱਤੀ ਗਈ ਹੈ, ਜੋ 2025 'ਚ 88000 ਸੀ, ਪਰ 2026 ਲਈ ਇਹ ਗਿਣਤੀ 84000 ਹੋਵੇਗੀ। ਰਫਿਊਜੀ ਪੱਕੇ ਕਰਨ ਦੀ ਗਿਣਤੀ ਵੀ 62250 ਤੋਂ ਘਟਾ ਕੇ 56200 ਕੀਤੀ ਜਾ ਰਹੀ ਹੈ।

# ਸਿੱਖਸ ਆ.ਫ ਅਮੈਰਿਕਾ ਨੇ ਆਪਣੇ ਵਿਛੜੇ ਡਾਇਰੈਕਟਰ ਸਰਬਜੀਤ ਸਿੰਘ ਬਖਸ਼ੀ ਨੂੰ ਕੀਤੇ ਸ਼ਰਧਾ ਦੇ ਫੁੱਲ ਭੇਂਟ

## ਸਿੱਖਸ ਆਫ ਅਮੈਰਿਕਾ ਦੀ ਸਥਾਪਨਾ ਅਤੇ ਚੜ੍ਹਦੀ ਕਲਾ 'ਚ ਸ੍ਰ. ਬਖਸ਼ੀ ਦਾ ਵਡੇਰਾ ਯੋਗਦਾਨ ਰਿਹਾ : ਜੱਸੀ

ਵਾਸ਼ਿੰਗਟਨ, (ਰਾਜ ਗੋਗਨਾ) : ਸਿੱਖੀ ਦੇ ਸਰਬੱਤ ਦੇ ਭਲੇ ਦੇ ਮਹਾਨ ਸੰਕਲਪ ਨੂੰ ਪ੍ਰਣਾਈ ਹੋਈ ਸੰਸਥਾ ਅਮਰੀਕਾ ਆਧਾਰਿਤ ਸਿੱਖਸ ਆਫ ਅਮੈਰਿਕਾ ਦੇ ਡਾਇਰੈਕਟਰ ਸਰਦਾਰ ਸਰਬਜੀਤ ਸਿੰਘ ਬਖਸ਼ੀ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਆਪਣੇ ਸਾਥੀ ਦੀ ਯਾਦ ਵਿੱਚ ਸਿੱਖਸ ਆਫ਼ ਅਮੈਰਿਕਾ ਵੱਲੋਂ ਮੈਰੀਲੈਂਡ ਵਿਖੇ ਕੀਰਤਨ ਅਤੇ ਅੰਤਿਮ ਅਰਦਾਸ ਸਮਾਗਮ ਦਾ ਆਯੋਜਨ ਕੀਤਾ ਗਿਆ ਅਤੇ ਇਸ ਮੌਕੇ ਸਰਦਾਰ ਸਰਬਜੀਤ ਸਿੰਘ ਬਖਸ਼ੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਸਿੱਖਸ ਆਫ਼ ਅਮੈਰਿਕਾ ਦੀ ਤਰਫ਼ੋਂ ਸ਼ਰਧਾਂਜਲੀ ਭੇਂਟ ਕਰਦਿਆਂ ਸੰਸਥਾ ਦੇ ਚੇਅਰਮੈਨ ਸ੍ਰ. ਜਸਦੀਪ ਸਿੰਘ ਜੱਸੀ ਨੇ ਇਸ ਗੱਲ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਕਿ ਸਰਬਜੀਤ ਸਿੰਘ ਬਖਸ਼ੀ ਨੇ ਸ਼ਿੱਦਤ ਦੇ ਨਾਲ ਅਤੇ ਬੇਹੱਦ ਲਗਨ ਦੇ ਨਾਲ ਇਸ ਸੰਸਥਾ ਦੀ ਸਥਾਪਨਾ ਅਤੇ ਚੜ੍ਹਦੀਕਲਾ ਵਿੱਚ ਅਹਿਮ ਯੋਗਦਾਨ ਪਾਇਆ ਅਤੇ ਸਮੇਂ ਸਮੇਂ ਉੱਪਰ ਉਹਨਾਂ ਨੇ ਹਰੇਕ ਕਾਰਜ ਵਿੱਚ ਨਾ ਸਿਰਫ ਬੇਸ਼ਕੀਮਤੀ ਸੁਝਾਅ ਦਿੱਤੇ ਬਲਕਿ ਨਿੱਜੀ ਦਿਲਚਸਪੀ ਲੈ ਕੇ ਉਹਨਾਂ ਨੇ ਹਰੇਕ ਸੇਵਾ ਕਾਰਜ ਨੂੰ ਪ੍ਰਮੁੱਖਤਾ ਨਾਲ ਨਿਭਾਇਆ।




ਸ੍ਰ. ਜਸਦੀਪ ਸਿੰਘ ਜੱਸੀ ਨੇ ਇਸ ਗੱਲ ਦਾ ਵੀ ਉਚੇਚਾ ਜ਼ਿਕਰ ਕੀਤਾ ਕਿ ਸਰਦਾਰ ਸਰਬਜੀਤ ਸਿੰਘ ਬਖਸ਼ੀ ਨੇ ਸਿੱਖਸ ਆਫ ਅਮੈਰਿਕਾ ਨੂੰ ਹਮੇਸ਼ਾ ਆਪਣੇ ਪਰਿਵਾਰ ਵਾਂਗ ਸਮਝਿਆ ਅਤੇ ਹਰੇਕ ਸਮਾਗਮ ਮੌਕੇ ਉਨਾਂ ਨੇ ਤਿਆਰੀਆਂ ਵਿੱਚ ਆਪਣੀ ਭੂਮਿਕਾ ਬਾਖੂਬੀ ਨਿਭਾਈ। ਪਿਛਲੇ ਕੁਝ ਅਰਸੇ ਦੌਰਾਨ ਭਾਵੇਂ ਉਹਨਾਂ ਦੀ ਤਬੀਅਤ ਠੀਕ ਨਹੀਂ ਸੀ ਚੱਲ ਰਹੀ ਪਰ ਇਸ ਦੇ ਬਾਵਜੂਦ ਸ੍ਰ. ਸਰਬਜੀਤ ਸਿੰਘ ਬਖਸ਼ੀ ਸਿੱਖਸ ਆਫ਼ ਅਮੈਰਿਕਾ ਦੀ ਹਰੇਕ ਸਰਗਰਮੀ ਵਿੱਚ ਭਰਪੂਰ ਦਿਲਚਸਪੀ ਵਿਖਾਉਂਦੇ ਸਨ। ਇਸ ਮੌਕੇ ਹੋਰਨਾਂ ਪ੍ਰਮੁੱਖ ਸ਼ਖਸੀਅਤਾਂ ਅਤੇ ਪਤਵੰਤੇ ਸੱਜਣਾ ਨੇ ਵੀ ਸਰਦਾਰ ਸਰਬਜੀਤ ਸਿੰਘ ਬਖਸ਼ੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨਾਂ ਦੇ ਨਾਲ ਬਿਤਾਏ ਵਕਤ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਹਰੇਕ ਬੁਲਾਰੇ ਨੇ ਇਸ ਗੱਲ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਕਿ ਸਰਦਾਰ ਬਖਸ਼ੀ ਇੱਕ ਬਿਹਤਰੀਨ ਇਨਸਾਨ ਵਜੋਂ ਹਮੇਸ਼ਾ ਚੇਤੇ ਕੀਤੇ ਜਾਣਗੇ।

# ਅਮਰੀਕੀ ਸ਼ਟਡਾਊਨ ਨੇ ਬਣਾਇਆ ਰਿਕਾਰਡ ! ਸਭ ਤੋਂ ਲੰਬੇ ਸਮੇਂ ਤੱਕ ਠੱਪ ਹੋਈ ਸਰਕਾਰ

ਵਾਸ਼ਿੰਗਟਨ : ਅਮਰੀਕਾ ਦੀ ਫੈਡਰਲ ਸਰਕਾਰ ਬੁੱਧਵਾਰ ਨੂੰ 36ਵੇਂ ਦਿਨ ਵੀ ਠੱਪ ਰਹੀ, ਜੋ ਦੇਸ਼ ਦੇ ਇਤਿਹਾਸ 'ਚ ਹੁਣ ਤੱਕ ਇਸ ਤਰ੍ਹਾਂ ਦੇ ਸਭ ਤੋਂ ਲੰਬੇ ਗਤੀਰੋਧ ਦਾ ਰਿਕਾਰਡ ਹੈ। ਕਾਂਗਰਸ ਵਲੋਂ ਬਜਟ ਨੂੰ ਮਨਜ਼ੂਰੀ ਨਹੀਂ ਦਿੱਤੇ ਜਾਣ ਕਾਰਨ ਫੈਡਰਲ ਪ੍ਰੋਗਰਾਮਾਂ 'ਚ ਕਟੌਤੀ, ਉਡਾਣ 'ਚ ਦੇਰੀ ਅਤੇ ਦੇਸ਼ ਭਰ 'ਚ ਫੈਡਰਲ ਕਰਮਚਾਰੀਆਂ ਦੀ ਤਨਖਾਹ ਭੁਗਤਾਨ ਠੱਪ ਪੈ ਗਈ ਹੈ ਅਤੇ ਇਸ ਨਾਲ ਲੱਖਾਂ ਅਮਰੀਕੀਆਂ ਦਾ ਜੀਵਨ ਪ੍ਰਭਾਵਿਤ ਹੋ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੈਮੋਕ੍ਰੇਟਸ ਨਾਲ ਉਨ੍ਹਾਂ ਦੀਆਂ ਮੰਗਾਂ 'ਤੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਵਿਰੋਧੀ ਧਿਰ ਡੈਮੋਕ੍ਰੇਟ ਪਾਰਟੀ ਸਿਹਤ ਬੀਮਾ ਸਬਸਿਡੀ ਨੂੰ ਖ਼ਤਮ ਕਰਨ ਦੀ ਯੋਜਨਾ ਨੂੰ ਠੰਡੇ ਬਸਤੇ 'ਚ ਪਾਉਣ ਦੀ ਮੰਗ ਕਰ ਰਹੀ ਹੈ ਅਤੇ ਜਦੋਂ ਤੱਕ ਇਹ ਪੂਰਾ ਨਹੀਂ ਹੁੰਦਾ ਕਾਂਗਰਸ (ਸੰਸਦ) 'ਚ ਬਜਟ ਨੂੰ ਸਮਰਥਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਟਰੰਪ ਦੇ ਪਹਿਲੇ ਕਾਰਜਕਾਲ 'ਚ ਫੈਡਰਲ ਸਰਕਾਰ ਦੇ ਠੱਪ ਹੋਣ ਦਾ ਪਿਛਲਾ ਰਿਕਾਰਡ ਬਣਿਆ ਸੀ। ਉਸ ਸਮੇਂ ਮੈਕਸੀਕੋ ਦੀ ਸਰਹੱਦ 'ਤੇ ਸੁਰੱਖਿਆ ਦੀਵਾਰ ਲਈ ਪੈਸੇ ਮੁਹੱਈਆ ਕਰਵਾਉਣ ਨੂੰ ਲੈ ਕੇ ਗਤੀਰੋਧ ਬਣਿਆ ਸੀ ਅਤੇ ਫੈਡਰਲ ਸਰਕਾਰ ਕਰੀਬ 35 ਦਿਨਾਂ ਤੱਕ ਠੱਪ ਰਹੀ ਸੀ। ਰਿਪਬਲਿਕਨ ਸੀਨੇਟਰ ਬੁੱਧਵਾਰ ਨੂੰ ਇਸ ਸੰਕਟ 'ਤੇ ਚਰਚਾ ਲਈ ਨਾਸ਼ਤੇ 'ਤੇ ਮਿਲਣ ਵਾਲੇ ਹਨ ਪਰ ਡੈਮੋਕ੍ਰੇਟਸ ਨਾਲ ਕੋਈ ਗੱਲਬਾਤ ਤੈਅ ਨਹੀਂ ਹੈ।



**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

**ESQ, Abogado**

☛ ਪੋਲੀਟੀਕਲ ਅਸਾਈਲਮ ☛ Political Asylum
☛ Deportation of Defense ☛ BIA Appeal
☛ 9 Circuit Court ☛ Federal Court
☛ ਗਰੀਨਕਾਰਡ ☛ ਸਿਟੀਜਨਸ਼ਿਪ
☛ Green Card ☛ Citizenship
☛ ਡਾਈਵੋਰਸ ☛ ਸਿਵਲ ਐਂਡ ਕਰੀਮੀਨਲ ਕੇਸ
☛ Divorce ☛ Civil and Criminal Cases
☛ Family Petition Immigration
☛ Travel document ☛ Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕੀ ਅਦਾਲਤ ਨੇ ਪੋਰਟਲੈਂਡ 'ਚ ਫੌਜ ਤਾਇਨਾਤ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਫੈਸਲੇ 'ਤੇ ਲਗਾਈ ਰੋਕ

ਪੋਰਟਲੈਂਡ : ਓਰੇਗਨ ਦੇ ਇੱਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੂੰ ਪੋਰਟਲੈਂਡ ਵਿੱਚ ਸ਼ੁੱਕਰਵਾਰ ਤੱਕ ਨੈਸ਼ਨਲ ਗਾਰਡ ਤਾਇਨਾਤ ਕਰਨ ਤੋਂ ਰੋਕ ਦਿੱਤਾ ਹੈ ਅਤੇ ਕਿਹਾ ਕਿ ਉਸ ਨੂੰ 'ਕੋਈ ਭਰੋਸੇਯੋਗ ਸਬੂਤ' ਨਹੀਂ ਮਿਲਿਆ, ਜਿਸ ਨਾਲ ਇਹ ਸਾਬਤ ਹੋ ਸਕੇ ਕਿ ਇਸ ਸਾਲ ਦੇ ਸ਼ੁਰੂ ਵਿੱਚ ਸ਼ਹਿਰ ਵਿੱਚ ਹੋਏ ਵਿਰੋਧ ਪ੍ਰਦਰਸ਼ਨ ਕਾਬੂ ਤੋਂ ਬਾਹਰ ਹੋ ਗਏ ਸਨ, ਜਿਸ ਕਾਰਨ ਰਾਸ਼ਟਰਪਤੀ ਨੂੰ ਫੌਜ ਤਾਇਨਾਤ ਕਰਨੀ ਪਈ। ਸ਼ਹਿਰ ਅਤੇ ਰਾਜ ਨੇ ਸਤੰਬਰ ਵਿੱਚ ਇਸ ਤਾਇਨਾਤੀ ਨੂੰ ਰੋਕਣ ਲਈ ਮੁਕੱਦਮਾ ਦਾਇਰ ਕੀਤਾ ਸੀ।

ਜੱਜ ਦਾ ਇਹ ਫੈਸਲਾ ਪੋਰਟਲੈਂਡ, ਸ਼ਿਕਾਗੋ ਅਤੇ ਹੋਰ ਅਮਰੀਕੀ ਸ਼ਹਿਰਾਂ ਵਿੱਚ ਹਫ਼ਤਿਆਂ ਦੀਆਂ ਕਾਨੂੰਨੀ ਲੜਾਈਆਂ ਦੇ ਵਿਚਕਾਰ ਆਇਆ ਹੈ, ਜਿੱਥੇ ਟਰੰਪ ਪ੍ਰਸ਼ਾਸਨ ਨੇ ਵਿਰੋਧ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਨੈਸ਼ਨਲ ਗਾਰਡ ਕਰਮਚਾਰੀਆਂ ਨੂੰ ਤਾਇਨਾਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਟਰੰਪ ਦੁਆਰਾ ਨਿਯੁਕਤ ਕੀਤੀ ਗਈ ਜ਼ਿਲ੍ਹਾ ਅਦਾਲਤ ਦੀ ਜੱਜ ਕੈਰਿਨ ਇਮਰਗੁਟ ਇਹ ਹੁਕਮ ਤਿੰਨ ਦਿਨਾਂ ਦੀ ਸੁਣਵਾਈ ਤੋਂ ਬਾਅਦ ਜਾਰੀ ਕੀਤਾ।

ਸੁਣਵਾਈ ਦੌਰਾਨ, ਦੋਵਾਂ ਧਿਰਾਂ ਨੇ ਇਸ ਮੁੱਦੇ 'ਤੇ ਬਹਿਸ ਕੀਤੀ ਕਿ ਕੀ ਸ਼ਹਿਰ ਦੇ ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸੀਈ) ਇਮਾਰਤ ਵਿੱਚ ਹੋਏ ਪ੍ਰਦਰਸ਼ਨਾਂ ਦੌਰਾਨ ਫੌਜ ਤਾਇਨਾਤ ਕਰਨਾ ਸੰਘੀ ਕਾਨੂੰਨ ਦੀ ਪਾਲਣਾ ਕਰਦਾ ਹੈ ਜਾਂ ਨਹੀਂ। ਐਤਵਾਰ ਦੇਰ ਰਾਤ ਜਾਰੀ ਕੀਤੇ ਗਏ 16 ਪੰਨਿਆਂ ਦੇ ਹੁਕਮ ਵਿੱਚ, ਇਮਰਗੁਟ ਨੇ ਕਿਹਾ ਕਿ ਉਹ ਸ਼ੁੱਕਰਵਾਰ ਨੂੰ ਅੰਤਿਮ ਫੈਸਲਾ ਜਾਰੀ ਕਰੇਗੀ ਕਿਉਂਕਿ ਸੁਣਵਾਈ ਦੌਰਾਨ 750 ਤੋਂ ਵੱਧ ਗਵਾਹ ਸਮੇਤ ਵੱਡੀ ਗਿਣਤੀ ਵਿੱਚ ਸਬੂਤ ਪੇਸ਼ ਕੀਤੇ ਗਏ ਹਨ।

# ਨਾਈਜੀਰੀਆ 'ਚ ਈਸਾਈਆਂ ਦਾ ਕਤਲੇਆਮ ਬੰਦ ਨਾ ਹੋਇਆ ਤਾਂ ਕਰਾਂਗੇ ਫੌਜੀ ਕਾਰਵਾਈ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਾਈਜੀਰੀਆ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਨਾਈਜੀਰੀਆ ਵਿਚ ਈਸਾਈਆਂ ਦਾ ਕਤਲੇਆਮ ਅਤੇ ਉਨ੍ਹਾਂ 'ਤੇ ਹਮਲੇ ਬੰਦ ਨਾ ਹੋਏ ਤਾਂ ਅਮਰੀਕਾ ਨਾਈਜੀਰੀਆ ਸਰਕਾਰ ਨੂੰ ਦਿੱਤੀ ਜਾਣ ਵਾਲੀ ਸਾਰੀ ਆਰਥਿਕ ਅਤੇ ਫੌਜੀ ਸਹਾਇਤਾ ਤੁਰੰਤ ਰੋਕ ਦੇਵੇਗਾ। ਟਰੰਪ ਨੇ 'ਟਰੂਥ ਸੋਸ਼ਲ' 'ਤੇ ਲਿਖਿਆ ਕਿ ਜੇ ਜ਼ਰੂਰੀ ਹੋਇਆ ਤਾਂ ਅਮਰੀਕਾ ਨਾਈਜੀਰੀਆ ਵਿਚ 'ਬੰਦੂਕਾਂ ਨਾਲ' ਕਾਰਵਾਈ ਕਰੇਗਾ ਅਤੇ ਈਸਾਈਆਂ 'ਤੇ ਹਮਲਾ ਕਰਨ ਵਾਲੇ ਅੱਤਵਾਦੀਆਂ ਨੂੰ ਖਤਮ ਕਰੇਗਾ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ 'ਡਿਪਾਰਟਮੈਂਟ ਆਫ ਵਾਰ' ਨੂੰ ਸੰਭਾਵਿਤ ਫੌਜੀ ਕਾਰਵਾਈ ਲਈ ਤਿਆਰ ਰਹਿਣ ਦਾ ਹੁਕਮ ਦਿੱਤਾ ਹੈ।



ਟਰੰਪ ਨੇ ਲਿਖਿਆ, 'ਜੇ ਅਸੀਂ ਹਮਲਾ ਕਰਾਂਗੇ ਤਾਂ ਉਹ ਤੇਜ਼, ਖਤਰਨਾਕ ਅਤੇ ਸਪੱਸ਼ਟ ਹੋਵੇਗਾ। ਨਾਈਜੀਰੀਆ ਸਰਕਾਰ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਦੇਰ ਨਾ ਕਰੋ!' ਟਰੰਪ ਦੀ ਪੋਸਟ ਤੋਂ ਬਾਅਦ ਰੱਖਿਆ ਸਕੱਤਰ ਪੀਟ ਹੇਗਸੇਥ ਨੇ ਵੀ 'ਐਕਸ' 'ਤੇ ਇਕ ਬਿਆਨ ਜਾਰੀ ਕੀਤਾ। ਉਨ੍ਹਾਂ ਲਿਖਿਆ, 'ਨਾਈਜੀਰੀਆ 'ਚ ਨਿਰਦੋਸ਼ ਈਸਾਈਆਂ ਦਾ ਕਤਲੇਆਮ ਤੁਰੰਤ ਬੰਦ ਹੋਣਾ ਚਾਹੀਦਾ ਹੈ। 'ਡਿਪਾਰਟਮੈਂਟ ਆਫ ਵਾਰ' ਕਾਰਵਾਈ ਕਰਨ ਲਈ ਤਿਆਰ ਹੈ। ਜਾਂ ਤਾਂ ਨਾਈਜੀਰੀਆ ਈਸਾਈਆਂ ਦੀ ਰੱਖਿਆ ਕਰੇ ਜਾਂ ਅਸੀਂ ਉਨ੍ਹਾਂ ਇਸਲਾਮਿਕ ਅੱਤਵਾਦੀਆਂ ਨੂੰ ਖਤਮ ਕਰਾਂਗੇ, ਜੋ ਇਹ ਅੱਤਿਆਚਾਰ ਕਰ ਰਹੇ ਹਨ।'

# ਜਸ਼ਨਪ੍ਰੀਤ ਸਿੰਘ ਟੌਕਸੀਕੋਲੋਜੀ ਟੈਸਟ ਤੋਂ ਬਾਅਦ ਨਸ਼ੇ ਕਰਕੇ ਡਰਾਈਵਿੰਗ ਕਰਨ ਦੇ ਦੋਸ਼ਾਂ ਤੋਂ ਮੁਕਤ

ਸਾਨ ਫਰਾਂਸਿਸਕੋ : ਸੈਨ ਬਰਨਾਰਡੀਨੋ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਓਂਟਾਰੀਓ ਵਿਚ ਅੱਠ ਵਾਹਨਾਂ ਨਾਲ ਘਾਤਕ ਦੁਰਘਟਨਾ ਕਰਨ ਦੇ ਦੋਸ਼ੀ ਇਕ ਸੈਮੀ-ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਹੁਣ ਡੀ.ਯੂ.ਆਈ. (ਡਰਾਈਵਿੰਗ ਅੰਡਰ ਇਨਫਲਿਊਐਂਸ) ਦੇ ਦੋਸ਼ਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਕਿਉਂਕਿ ਟੌਕਸੀਕੋਲੋਜੀ ਰਿਪੋਰਟ ਤੋਂ ਬਾਅਦ ਉਸ ਦੇ ਖੂਨ ਵਿਚ ਜਾਂਚ ਕੀਤੇ ਗਏ ਕਿਸੇ ਵੀ ਨਸ਼ੀਲੇ ਪਦਾਰਥ ਦੀ ਪੁਸ਼ਟੀ ਨਹੀਂ ਹੋਈ। ਯੂਬਾ ਸਿਟੀ ਦੇ 21 ਸਾਲਾ ਜਸ਼ਨਪ੍ਰੀਤ ਸਿੰਘ ਦੇ ਡਰਾਈਵਰ ਨੂੰ 21 ਅਕਤੂਬਰ ਨੂੰ ਵੈਸਟ ਵੈਲੀ ਡਿਟੈਂਸ਼ਨ ਸੈਂਟਰ 'ਚ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਹੇਠ ਗੱਡੀ ਚਲਾਉਣ ਤੇ ਵਾਹਨਾਂ ਨਾਲ ਕਤਲ ਦੇ ਸ਼ੱਕ ਵਿਚ ਗ੍ਰਿਫਤਾਰ ਕਰਕੇ ਉਸ 'ਤੇ ਮੁਕੱਦਮਾ ਦਰਜ ਕੀਤਾ ਗਿਆ ਸੀ ਜਿਸ ਵਿਚ ਤਿੰਨ ਲੋਕਾਂ ਦੀ ਮੌਤ ਤੇ ਚਾਰ ਜ਼ਖ਼ਮੀ ਹੋ ਗਏ ਸਨ। ਜਸ਼ਨਪ੍ਰੀਤ ਦੇ ਪੰਜਾਬ ਰਹਿੰਦੇ ਮਾਪਿਆਂ ਦੇ ਇਸ ਦਾਅਵੇ ਨੂੰ ਵੀ ਬੂਰ ਪਿਆ ਹੀ ਕਿ ਉਨ੍ਹਾਂ ਦਾ ਪੁੱਤਰ ਕੋਈ ਨਸ਼ਾਂ ਨਹੀਂ ਕਰਦਾ ਸੀ। ਉਧਰ ਜ਼ਿਲ੍ਹਾ ਅਟਾਰਨੀ ਨੇ ਕਿਹਾ ਹੈ ਕਿ ਜਸ਼ਨਪ੍ਰੀਤ ਦੇ ਦਰਜ ਮੁਕੱਦਮੇ 'ਚੋਂ ਡੀ.ਯੂ.ਆਈ. ਦੀਆਂ



ਕਾਨੂੰਨੀ ਧਾਰਾਵਾਂ ਨੂੰ ਹਟਾ ਦਿੱਤਾ ਗਿਆ ਹੈ। ਡੀ.ਏ. (ਡਿਸਟ੍ਰਿਕ ਅਟਾਰਨੀ) ਨੇ ਕਿਹਾ ਕਿ ਸਿੰਘ 'ਤੇ ਹਾਲੇ ਵੀ ਘੋਰ ਲਾਪਰਵਾਹੀ ਨਾਲ ਵਾਹਨਾਂ ਨਾਲ ਟੱਕਰ ਦੇ ਦੋਸ਼ ਹਨ ਤੇ ਕੈਲੀਫੋਰਨੀਆ ਹਾਈਵੇਅ ਪੈਟਰੋਲ ਨੇ ਕਿਹਾ ਸੀ ਕਿ ਹਾਈ ਵੇ 10 'ਤੇ ਹਾਦਸੇ ਤੋਂ ਠੀਕ ਪਹਿਲਾਂ ਪੱਛਮ ਵੱਲ ਜਾਣ ਵਾਲੀਆਂ ਲੇਨਾਂ 'ਤੇ ਆਵਾਜਾਈ ਹੌਲੀ ਹੋ ਗਈ ਸੀ ਪਰ ਸਿੰਘ ਦਾ ਟਰੱਕ ਨਹੀਂ ਰੁਕਿਆ ਅਤੇ ਵਿਸ਼ਾਲ ਚੇਨ ਰਿਐਕਸ਼ਨ ਕਰੈਸ਼ ਦਾ ਕਾਰਨ ਬਣਿਆ। ਜਸ਼ਨਪ੍ਰੀਤ ਸਿੰਘ ਇਸ ਵੇਲੇ ਬਿਨਾਂ ਜ਼ਮਾਨਤ ਦੇ ਹਿਰਾਸਤ ਵਿਚ ਹੈ।

# ਸੁਪਰੀਮ ਕੋਰਟ ਟਰੰਪ ਦੇ ਸਾਰੇ ਟੈਰਿਫਾਂ ਨੂੰ ਰੋਕ ਨਹੀਂ ਸਕਦੀ

ਵਾਸ਼ਿੰਗਟਨ : ਅਮਰੀਕੀ ਫੈਕਟਰੀ ਉਪਕਰਣ ਨਿਰਮਾਤਾ ਓਟੀਸੀ ਇੰਡਸਟਰੀਅਲ ਟੈਕਨਾਲੋਜੀਜ਼ (OTC Industrial Technologies) ਲੰਬੇ ਸਮੇਂ ਤੋਂ ਘੱਟ ਲਾਗਤ ਵਾਲੇ ਦੇਸ਼ਾਂ ਨੂੰ ਕੰਪੋਨੈਂਟਸ ਦੀ ਸਪਲਾਈ ਕਰਨ ਲਈ ਵਰਤਦੀ ਆ ਰਹੀ ਹੈ। ਪਹਿਲਾਂ ਚੀਨ ਅਤੇ ਬਾਅਦ ਵਿੱਚ ਭਾਰਤ, ਪਰ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਈ ਵਪਾਰਕ ਭਾਈਵਾਲਾਂ 'ਤੇ ਟੈਰਿਫਾਂ ਦੇ ਧਮਾਕੇ ਨੇ ਸੀਈਓ ਬਿਲ ਕੈਨੇਡੀ ਲਈ ਸਪਲਾਈ ਚੇਨ ਗਣਿਤ ਨੂੰ ਉਲਟਾ ਦਿੱਤਾ ਹੈ। ਕੈਨੇਡੀ ਨੇ ਰਾਇਟਰਜ਼ ਨੂੰ ਦੱਸਿਆ, 'ਅਸੀਂ ਕੁਝ ਚੀਜ਼ਾਂ ਨੂੰ ਚੀਨ ਤੋਂ ਬਾਹਰ ਲੈ ਗਏ ਅਤੇ ਉਨ੍ਹਾਂ ਵਿੱਚੋਂ ਕੁਝ ਹੋਰ ਦੇਸ਼ਾਂ ਵਿੱਚ ਚਲੇ ਗਏ ਅਤੇ ਹੁਣ ਉਨ੍ਹਾਂ 'ਤੇ ਟੈਰਿਫ ਓਨੇ ਹੀ ਮਾੜੇ ਜਾਂ ਬਹੁਤ ਮਾੜੇ ਹਨ।' 'ਸਾਨੂੰ ਬੱਸ ਇਸ ਵਿੱਚੋਂ ਲੰਘਣਾ ਪਵੇਗਾ ਅਤੇ ਆਪਣਾ ਰਸਤਾ ਨੈਵੀਗੇਟ ਕਰਨਾ ਪਵੇਗਾ ਤਾਂ ਜੋ ਅਸੀਂ ਸਾਰੇ ਥੋੜ੍ਹੇ ਸਮੇਂ ਵਿੱਚ ਟੁੱਟ ਨਾ ਜਾਈਏ।'

ਇਹ ਇੱਕ ਦੁਬਿਧਾ ਹੈ ਜੋ ਕੰਪਨੀਆਂ, ਵਿਦੇਸ਼ੀ ਵਪਾਰ ਮੰਤਰਾਲਿਆਂ, ਵਪਾਰ ਵਕੀਲਾਂ ਅਤੇ ਅਰਥਸ਼ਾਸਤਰੀਆਂ ਨਾਲ ਡੁੱਬ ਰਹੀ ਹੈ ਕਿਉਂਕਿ ਅਮਰੀਕੀ ਸੁਪਰੀਮ ਕੋਰਟ ਟਰੰਪ ਦੇ ਗਲੋਬਲ ਟੈਰਿਫਾਂ ਦੀ ਕਾਨੂੰਨੀਤਾ 'ਤੇ ਵਿਚਾਰ ਕਰਦੀ ਹੈ, ਦਲੀਲਾਂ ਦੇ ਨਾਲ ਬੁੱਧਵਾਰ ਲਈ ਨਵਾਂ ਟੈਬ ਸੈੱਟ ਖੋਲ੍ਹਦੀ ਹੈ। ਇੱਕ ਜਾਂ ਦੂਜੇ ਕਾਨੂੰਨੀ ਅਧਿਕਾਰ ਤਹਿਤ, ਟਰੰਪ ਦੇ ਟੈਰਿਫਾਂ ਦੇ ਲੰਬੇ ਸਮੇਂ ਲਈ ਲਾਗੂ ਰਹਿਣ ਦੀ ਉਮੀਦ ਹੈ।

**ਹੇਠਲੀਆਂ ਅਦਾਲਤਾਂ ਨੇ ਟਰੰਪ ਵਿਰੁੱਧ ਫੈਸਲਾ ਸੁਣਾਇਆ** : ਅਦਾਲਤ, ਜਿਸਦੀ 6-3 ਰੂੜੀਵਾਦੀ ਬਹੁਮਤ ਨੇ ਇਸ ਸਾਲ ਕਈ ਵੱਡੇ ਫੈਸਲਿਆਂ ਵਿੱਚ ਟਰੰਪ ਦਾ ਸਮਰਥਨ ਕੀਤਾ ਹੈ, ਹੇਠਲੀਆਂ ਅਦਾਲਤਾਂ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਦੇ ਪ੍ਰਸ਼ਾਸਨ ਦੀ ਅਪੀਲ 'ਤੇ ਸੁਣਵਾਈ ਕਰ ਰਹੀ ਹੈ ਜਦੋਂ ਰਿਪਬਲਿਕਨ ਰਾਸ਼ਟਰਪਤੀ ਨੇ ਐਮਰਜੈਂਸੀ ਲਈ ਬਣਾਏ ਗਏ ਸੰਘੀ ਕਾਨੂੰਨ ਤਹਿਤ ਵਿਆਪਕ ਟੈਰਿਫ ਲਗਾਉਣ ਵਿੱਚ ਆਪਣੇ ਅਧਿਕਾਰ ਨੂੰ ਪਾਰ ਕੀਤਾ। ਟਰੰਪ ਦੁਆਰਾ 1977 ਦੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀ ਐਕਟ ਜਾਂ IEEPA ਦੀ ਵਰਤੋਂ ਨੂੰ ਤੇਜ਼ੀ ਨਾਲ ਵਿਆਪਕ ਗਲੋਬਲ ਟੈਰਿਫ ਲਗਾਉਣ ਨੂੰ ਰੱਦ ਕਰਨ ਦਾ ਫੈਸਲਾ ਉਨ੍ਹਾਂ ਦੇਸ਼ਾਂ ਨੂੰ ਸਜ਼ਾ ਦੇਣ ਲਈ ਇੱਕ ਪਸੰਦੀਦਾ ਚਾਲ ਨੂੰ ਵੀ ਖਤਮ ਕਰ ਦੇਵੇਗਾ ਜੋ ਗੈਰ-ਵਪਾਰਕ



ਰਾਜਨੀਤਿਕ ਮਾਮਲਿਆਂ 'ਤੇ ਉਨ੍ਹਾਂ ਦਾ ਗੁੱਸਾ ਕੱਢਦੇ ਹਨ। ਇਨ੍ਹਾਂ ਵਿੱਚ ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਜੇਅਰ ਬੋਲਸੋਨਾਰੋ 'ਤੇ ਮੁਕੱਦਮਾ ਚਲਾਉਣ ਤੋਂ ਲੈ ਕੇ ਭਾਰਤ ਦੁਆਰਾ ਰੂਸੀ ਤੇਲ ਦੀ ਖਰੀਦਦਾਰੀ ਤੱਕ ਸ਼ਾਮਲ ਹਨ, ਜੋ ਯੂਕਰੇਨ ਵਿੱਚ ਰੂਸ ਦੀ ਜੰਗ ਨੂੰ ਫੰਡ ਦੇਣ ਵਿੱਚ ਮਦਦ ਕਰਦੇ ਹਨ। ਟਰੰਪ ਨੇ ਐਤਵਾਰ ਨੂੰ ਏਅਰਫੋਰਸ ਵਨ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ, 'ਜੇ ਸਾਡੇ ਕੋਲ ਟੈਰਿਫ ਨਹੀਂ ਹਨ ਤਾਂ ਸਾਡੇ ਕੋਲ ਰਾਸ਼ਟਰੀ ਸੁਰੱਖਿਆ ਨਹੀਂ ਹੈ ਅਤੇ ਬਾਕੀ ਦੁਨੀਆ ਸਾਡੇ 'ਤੇ ਹੱਸੇਗੀ ਕਿਉਂਕਿ ਉਨ੍ਹਾਂ ਨੇ ਸਾਲਾਂ ਤੋਂ ਸਾਡੇ ਵਿਰੁੱਧ ਟੈਰਿਫ ਦੀ ਵਰਤੋਂ ਕੀਤੀ ਹੈ ਅਤੇ ਸਾਡਾ ਫਾਇਦਾ ਉਠਾਇਆ ਹੈ।' ਟਰੰਪ ਨੇ ਡਿਊਟੀਆਂ ਲਈ ਇੱਕ ਮੁੱਖ ਜਾਇਜ਼ਤਾ ਨੂੰ ਮਜ਼ਬੂਤ ਕਰਦੇ ਹੋਏ ਕਿਹਾ ਕਿ ਸਾਨੂੰ ਚੀਨ ਸਮੇਤ ਕਈ ਹੋਰ ਦੇਸ਼ਾਂ ਦੁਆਰਾ ਦੁਰਵਿਵਹਾਰ ਦਾ ਸਾਹਮਣਾ ਕਰਨਾ ਪਿਆ, ਸਾਲਾਂ ਤੋਂ ਹੁਣ ਨਹੀਂ। ਟੈਰਿਫਾਂ ਨੇ ਸਾਨੂੰ ਬਹੁਤ ਜ਼ਿਆਦਾ ਰਾਸ਼ਟਰੀ ਸੁਰੱਖਿਆ ਦਿੱਤੀ ਹੈ। ਟਰੰਪ ਨੇ ਅੱਗੇ ਕਿਹਾ ਕਿ ਉਹ ਬੁੱਧਵਾਰ ਦੀਆਂ ਦਲੀਲਾਂ ਵਿੱਚ ਸ਼ਾਮਲ ਨਹੀਂ ਹੋਣਗੇ ਜਦੋਂ ਪਹਿਲਾਂ ਇਹ ਸੰਕੇਤ ਦਿੱਤਾ ਗਿਆ ਸੀ ਕਿ ਉਹ ਸ਼ਾਮਲ ਹੋ ਸਕਦੇ ਹਨ। ਟਰੰਪ ਪਹਿਲੇ ਰਾਸ਼ਟਰਪਤੀ ਹਨ ਜਿਨ੍ਹਾਂ ਨੇ ਇਸ ਕਾਨੂੰਨ ਨੂੰ ਲਾਗੂ ਕੀਤਾ ਹੈ, ਜਿਸਦੀ ਵਰਤੋਂ ਅਕਸਰ ਵਿਰੋਧੀਆਂ 'ਤੇ ਦੰਡਕਾਰੀ ਆਰਥਿਕ ਪਾਬੰਦੀਆਂ ਲਾਗੂ ਕਰਨ ਲਈ ਕੀਤੀ ਜਾਂਦੀ ਹੈ ਟੈਰਿਫ ਲਗਾਉਣ ਲਈ। ਇਹ ਕਾਨੂੰਨ ਰਾਸ਼ਟਰਪਤੀ ਨੂੰ ਰਾਸ਼ਟਰੀ ਐਮਰਜੈਂਸੀ ਐਲਾਨ ਹੋਣ 'ਤੇ ਕਈ ਤਰ੍ਹਾਂ ਦੇ ਆਰਥਿਕ ਲੈਣ-ਦੇਣ ਨੂੰ ਨਿਯਮਤ ਕਰਨ ਲਈ ਵਿਆਪਕ ਅਧਿਕਾਰ ਪ੍ਰਦਾਨ ਕਰਦਾ ਹੈ। ਇਸ ਮਾਮਲੇ ਵਿੱਚ ਟਰੰਪ ਨੇ 2024 ਵਿੱਚ 1.2 ਟ੍ਰਿਲੀਅਨ ਡਾਲਰ ਦੇ ਅਮਰੀਕੀ ਵਸਤੂਆਂ ਦੇ ਵਪਾਰ ਘਾਟੇ ਨੂੰ ਇੱਕ ਰਾਸ਼ਟਰੀ ਐਮਰਜੈਂਸੀ ਮੰਨਿਆ, ਭਾਵੇਂ ਕਿ ਸੰਯੁਕਤ ਰਾਜ ਅਮਰੀਕਾ 1975 ਤੋਂ ਹਰ ਸਾਲ ਵਪਾਰ ਘਾਟਾ ਚਲਾ ਰਿਹਾ ਹੈ ਅਤੇ ਅਕਸਰ ਦੁਰਵਰਤੋਂ ਕੀਤੇ ਜਾਣ ਵਾਲੇ ਦਰਦ ਨਿਵਾਰਕ ਫੈਂਟਾਨਿਲ ਦੇ ਓਵਰਡੋਜ਼ ਦਾ ਹਵਾਲਾ ਵੀ ਦਿੱਤਾ।

ਯੂਐੱਸ ਦੇ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਸੁਪਰੀਮ ਕੋਰਟ ਆਈਈਈਪੀਏ-ਅਧਾਰਤ ਟੈਰਿਫਾਂ ਨੂੰ ਬਰਕਰਾਰ ਰੱਖੇਗੀ। ਪਰ ਜੇਕਰ ਇਹ ਟੈਰਿਫਾਂ ਨੂੰ ਘਟਾਉਂਦਾ ਹੈ ਤਾਂ ਬੇਸੈਂਟ ਨੇ ਇੱਕ ਇੰਟਰਵਿਊ ਵਿੱਚ ਕਿਹਾ, ਪ੍ਰਸ਼ਾਸਨ ਸਿਰਫ਼ ਹੋਰ ਟੈਰਿਫ ਅਥਾਰਟੀਆਂ ਵੱਲ ਬਦਲ ਜਾਵੇਗਾ, ਜਿਸ ਵਿੱਚ 1974 ਦੇ ਵਪਾਰ ਐਕਟ ਦੀ ਧਾਰਾ 122 ਸ਼ਾਮਲ ਹੈ, ਜੋ ਵਪਾਰ ਅਸੰਤੁਲਨ ਨੂੰ ਸ਼ਾਂਤ ਕਰਨ ਲਈ 150 ਦਿਨਾਂ ਲਈ ਵਿਆਪਕ 15% ਟੈਰਿਫਾਂ ਦੀ ਆਗਿਆ ਦਿੰਦਾ ਹੈ। ਬੇਸੈਂਟ ਨੇ ਕਿਹਾ ਕਿ ਟਰੰਪ 1930 ਦੇ ਟੈਰਿਫ ਐਕਟ ਦੀ ਧਾਰਾ 338 ਨੂੰ ਵੀ ਲਾਗੂ ਕਰ ਸਕਦਾ ਹੈ, ਇੱਕ ਕਾਨੂੰਨ ਜੋ ਅਮਰੀਕੀ ਵਪਾਰ ਨਾਲ ਵਿਤਕਰਾ ਕਰਨ ਵਾਲੇ ਦੇਸ਼ਾਂ 'ਤੇ 50% ਤੱਕ ਟੈਰਿਫਾਂ ਦੀ ਆਗਿਆ ਦਿੰਦਾ ਹੈ। ਬੇਸੈਂਟ ਨੇ ਟਰੰਪ ਦੇ ਟੈਰਿਫਾਂ ਬਾਰੇ ਕਿਹਾ ਕਿ ਤੁਹਾਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਹ ਇੱਥੇ ਰਹਿਣ ਲਈ ਹਨ। ਬੇਸੈਂਟ ਨੇ ਅੱਗੇ ਕਿਹਾ, "ਜਿਨ੍ਹਾਂ ਦੇਸ਼ਾਂ ਨੇ ਟਰੰਪ ਨਾਲ ਟੈਰਿਫ-ਘਟਾਉਣ ਵਾਲੇ ਵਪਾਰਕ ਸੌਦਿਆਂ 'ਤੇ ਗੱਲਬਾਤ ਕੀਤੀ ਹੈ, ਉਨ੍ਹਾਂ ਲਈ 'ਤੁਹਾਨੂੰ ਆਪਣੇ ਸਮਝੌਤੇ ਦਾ ਸਨਮਾਨ ਕਰਨਾ ਚਾਹੀਦਾ ਹੈ। ਤੁਹਾਡੇ ਵਿੱਚੋਂ ਜਿਨ੍ਹਾਂ ਨੂੰ ਚੰਗਾ ਸੌਦਾ ਮਿਲਿਆ ਹੈ, ਉਨ੍ਹਾਂ ਨੂੰ ਇਸ ਨਾਲ ਜੁੜੇ ਰਹਿਣਾ ਚਾਹੀਦਾ ਹੈ।'

ਸੁਪਰੀਮ ਕੋਰਟ ਦਾ ਕੇਸ ਇਸ ਸਾਲ ਟਰੰਪ ਦੁਆਰਾ ਲਗਾਏ ਗਏ ਟੈਰਿਫਾਂ ਦੇ ਸਿਰਫ ਇੱਕ ਹਿੱਸੇ ਨੂੰ ਕਵਰ ਕਰਦਾ ਹੈ। ਉਸਦਾ ਪ੍ਰਸ਼ਾਸਨ ਪਹਿਲਾਂ ਹੀ ਕੁਝ ਟੈਰਿਫਾਂ ਲਈ ਹੋਰ ਅਧਿਕਾਰੀਆਂ ਦੀ ਵਰਤੋਂ ਕਰ ਰਿਹਾ ਹੈ। ਉਹ 1962 ਦੇ ਵਪਾਰ ਵਿਸਥਾਰ ਐਕਟ ਦੀ ਧਾਰਾ 232 ਤਹਿਤ ਟੈਰਿਫ ਇਕੱਠਾ ਕਰਨ ਵਿੱਚ ਰੁੱਝਿਆ ਹੋਇਆ ਹੈ ਜਿਸ ਵਿੱਚ ਰਾਸ਼ਟਰੀ ਸੁਰੱਖਿਆ ਚਿੰਤਾਵਾਂ ਸ਼ਾਮਲ ਹਨ ਤਾਂ ਜੋ ਰਣਨੀਤਕ ਖੇਤਰਾਂ ਜਿਵੇਂ ਕਿ ਆਟੋ, ਤਾਂਬਾ, ਸੈਮੀਕੰਡਕਟਰ, ਫਾਰਮਾਸਿਊਟੀਕਲ, ਰੋਬੋਟਿਕਸ ਅਤੇ ਹਵਾਈ ਜਹਾਜ਼ਾਂ ਦੀ ਰੱਖਿਆ ਕੀਤੀ ਜਾ ਸਕੇ ਅਤੇ ਨਾਲ ਹੀ 1974 ਦੇ ਵਪਾਰ ਐਕਟ ਦੀ ਧਾਰਾ 301 ਦੇ ਤਹਿਤ ਟੈਰਿਫ ਲਗਾਉਣ ਵਿੱਚ ਰੁੱਝਿਆ ਹੋਇਆ ਹੈ ਜਿਸ ਵਿੱਚ ਅਨੁਚਿਤ ਵਪਾਰਕ ਅਭਿਆਸਾਂ ਦੀ ਜਾਂਚ ਸ਼ਾਮਲ ਹੈ।

# ਅਮਰੀਕਾ ਦੇ ਕੈਂਟਕੀ ਵਿੱਚ ਕਾਰਗੋ ਜਹਾਜ਼ ਹਾਦਸਾਗ੍ਰਸਤ; 7 ਲੋਕਾਂ ਦੀ ਮੌਤ

## ਅੱਠ ਕਿਲੋਮੀਟਰ ਦੇ ਦਾਇਰੇ ਵਿੱਚ ਲੋਕਾਂ ਨੂੰ ਘਰ 'ਚੋਂ ਬਾਹਰ ਨਾ ਨਿਕਲਣ ਦੇ ਆਦੇਸ਼ ਜਾਰੀ

ਲੁਈਸਵਿਲ : ਅਮਰੀਕਾ ਦੇ ਕੈਂਟਕੀ ਦੇ ਲੁਈਸਵਿਲ ਵਿੱਚ ਇੱਕ ਕਾਰਗੋ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਵਿੱਚ ਸੱਤ ਲੋਕ ਮਾਰੇ ਗਏ ਅਤੇ 11 ਜ਼ਖਮੀ ਹੋ ਗਏ।

ਫੈਡਰਲ ਏਵੀਏਸ਼ਨ ਅਥਾਰਟੀ (611) ਦੇ ਅਨੁਸਾਰ, UPS ਫਲਾਈਟ 2976 ਨੇ ਮੁਹੰਮਦ ਅਲੀ ਕੌਮਾਂਤਰੀ ਹਵਾਈ ਅੱਡੇ ਤੋਂ ਡੈਨੀਅਲ ਇਨੋਏ ਕੌਮਾਂਤਰੀ ਹਵਾਈ ਅੱਡੇ ਲਈ ਉਡਾਣ ਭਰੀ।

611 ਨੇ ਦੱਸਿਆ ਕਿ ਇਹ ਹਾਦਸਾ ਸ਼ਾਮ 5:15 ਵਜੇ (ਸਥਾਨਕ ਸਮੇਂ) ਦੇ ਕਰੀਬ ਹੋਇਆ। ਸੋਸ਼ਲ ਮੀਡੀਆ 'ਤੇ ਤੇਜ਼ੀ ਦੇ ਨਾਲ ਵਾਇਰਲ ਹੋ ਰਹੀਆਂ ਵੀਡੀਓਜ਼ ਵਿੱਚ ਤੇਜ਼ ਅੱਗ ਦੀਆਂ ਲਪਟਾਂ ਅਤੇ ਮਲਬਾ ਦਿਖਾਈ ਦੇ ਰਿਹਾ ਹੈ।

ਇੱਕ ਰਿਪੋਰਟ ਦੇ ਅਨੁਸਾਰ, ਜਹਾਜ਼ ਲਗਭਗ 38,000 ਗੈਲਨ ਬਾਲਣ (ਲਗਭਗ 1.5 ਲੱਖ ਲੀਟਰ ਤੇਲ) ਲੈ ਕੇ ਜਾ ਰਿਹਾ ਸੀ, ਜੋ ਧਮਾਕੇ ਤੋਂ ਬਾਅਦ ਅੱਗ ਦੀਆਂ ਲਪਟਾਂ ਵਿੱਚ ਬਦਲ ਗਿਆ। ਪੁਲਿਸ ਨੇ ਹਵਾਈ ਅੱਡੇ ਦੇ 8 ਕਿਲੋਮੀਟਰ ਦੇ ਘੇਰੇ ਵਿੱਚ ਰਹਿਣ ਵਾਲੇ ਨਿਵਾਸੀਆਂ ਨੂੰ ਘਰ ਦੇ ਅੰਦਰ ਰਹਿਣ ਦਾ



ਆਦੇਸ਼ ਦਿੱਤਾ ਹੈ। ਹਵਾਈ ਅੱਡੇ ਨੂੰ ਵੀ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਲੁਈਸਵਿਲ ਪੁਲਿਸ (LMPD) ਨੇ ਕਿਹਾ ਕਿ ਹਾਦਸੇ ਵਾਲੀ ਥਾਂ 'ਤੇ ਅਜੇ ਵੀ ਅੱਗ ਅਤੇ ਮਲਬਾ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਅੱਗ ਜਹਾਜ਼ ਵਿੱਚ ਲਿਥੀਅਮ ਬੈਟਰੀਆਂ ਕਾਰਨ ਲੱਗੀ ਹੋ ਸਕਦੀ ਹੈ। UPS ਨੇ ਰਿਪੋਰਟ ਦਿੱਤੀ ਕਿ ਜਹਾਜ਼ ਵਿੱਚ ਤਿੰਨ ਅਮਲਾ ਮੈਂਬਰ ਸਵਾਰ ਸਨ।

ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜਹਾਜ਼ ਵਿੱਚ ਲਗਭਗ 25,000 ਗੈਲਨ (95,000 ਲੀਟਰ) ਜੈੱਟ ਈਂਧਨ ਸੀ, ਜਿਸ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ।

# ਪੰਜਾਬ ਯੂਨੀਵਰਸਿਟੀ ਸੰਬੰਧੀ ਫ਼ੈਸਲੇ 'ਤੇ ਮੁੜ ਵਿਚਾਰ ਕਰੇ ਕੇਂਦਰ ਸਰਕਾਰ

ਕੇਂਦਰ ਵਿਚ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵੀ ਕੇਂਦਰ ਦੀਆਂ ਤਤਕਾਲੀ ਕਾਂਗਰਸੀ ਸਰਕਾਰਾਂ ਵਾਲੇ ਰਾਹ 'ਤੇ ਤੁਰ ਪਈ ਹੈ। ਕੇਂਦਰ ਵਿਚ ਰਹੀ ਕਾਂਗਰਸੀ ਸਰਕਾਰ ਨੇ ਪੰਜਾਬ ਦੇ ਪੁਨਰਗਠਨ ਸਮੇਂ 1966 ਵਿਚ ਪੰਜਾਬੀ ਬੋਲਦੇ ਪੂਰੇ ਇਲਾਕੇ ਨਵੇਂ ਪੰਜਾਬ ਸੂਬੇ ਵਿਚ ਸ਼ਾਮਿਲ ਨਹੀਂ ਕੀਤੇ ਸਨ। ਚੰਡੀਗੜ੍ਹ ਜੋ ਪੰਜਾਬ ਦੀ ਰਾਜਧਾਨੀ ਵਜੋਂ ਪੰਜਾਬੀ ਬੋਲਦੇ ਪਿੰਡ ਉਜਾੜ ਕੇ ਵਸਾਇਆ ਗਿਆ ਸੀ, ਉਸ ਨੂੰ ਪੰਜਾਬ ਤੇ ਹਰਿਆਣਾ ਦੋਵਾਂ ਦੀ ਸਾਂਝੀ ਰਾਜਧਾਨੀ ਬਣਾ ਕੇ ਆਰਜ਼ੀ ਤੌਰ 'ਤੇ ਕੇਂਦਰ ਪ੍ਰਸ਼ਾਸਿਤ ਖੇਤਰ ਬਣਾ ਦਿੱਤਾ ਗਿਆ। ਪਰ ਬਾਅਦ 'ਚ ਪੰਜਾਬੀਆਂ ਵਲੋਂ ਕਈ ਵਾਰ ਅੰਦੋਲਨ ਕਰਨ ਅਤੇ ਦਰਸ਼ਨ ਸਿੰਘ ਫੇਰੂਮਾਨ ਦੇ ਮਰਨ ਵਰਤ ਰੱਖ ਕੇ ਸ਼ਹੀਦ ਹੋਣ ਦੇ ਬਾਵਜੂਦ ਵੀ ਅਧੂਰੇ ਪੰਜਾਬੀ ਸੂਬੇ ਨੂੰ ਪੂਰਾ ਨਹੀਂ ਕੀਤਾ ਗਿਆ। ਦਰਿਆਈ ਪਾਣੀਆਂ ਦੀ ਵੰਡ ਸੰਬੰਧੀ ਪੰਜਾਬ 'ਤੇ ਧੱਕੇ ਨਾਲ ਫ਼ੈਸਲੇ ਠੋਸੇ ਗਏ।

ਹੁਣ ਇਸੇ ਰਾਹ 'ਤੇ ਚਲਦਿਆਂ ਭਾਜਪਾ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਇਕ-ਇਕ ਕਰਕੇ ਪੰਜਾਬ ਦੇ ਹੱਕਾਂ-ਹਿਤਾਂ ਦਾ ਘਾਣ ਕਰੀ ਜਾ ਰਹੀ ਹੈ। ਇਸ ਨੇ ਪਹਿਲਾਂ ਚੰਡੀਗੜ੍ਹ ਵਿਚ ਹਰਿਆਣੇ ਨੂੰ ਨਵੀਂ ਵਿਧਾਨ ਸਭਾ ਬਣਾਉਣ ਲਈ ਥਾਂ ਦੇਣ ਦਾ ਐਲਾਨ ਕੀਤਾ। ਫਿਰ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਵਿਚੋਂ ਪੰਜਾਬ ਦੀ ਨੁਮਾਇੰਦਗੀ ਘਟਾਈ ਤੇ ਫਿਰ ਡੈਮ ਸੁਰੱਖਿਆ ਕਾਨੂੰਨ ਪਾਸ ਕਰਕੇ ਭਾਖੜਾ ਤੇ ਨੰਗਲ ਹੈੱਡਵਰਕਸ ਦਾ ਕੰਟਰੋਲ ਆਪਣੇ ਹੱਥ ਲੈ ਲਿਆ। ਇਸ ਨਾਲ ਵੀ ਸ਼ਾਇਦ ਕੇਂਦਰ ਸਰਕਾਰ ਦੀ ਤਸੱਲੀ ਨਹੀਂ ਸੀ ਹੋਈ। ਇਸ ਸੰਬੰਧੀ ਹੋਰ ਅੱਗੇ ਵਧਦਿਆਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਪ੍ਰਸ਼ਾਸਨ ਚਲਾਉਣ ਵਾਲੀਆਂ ਜਮਹੂਰੀ ਸੰਸਥਾਵਾਂ ਸੈਨੇਟ ਤੇ ਸਿੰਡੀਕੇਟ ਨੂੰ ਭੰਗ ਕਰਕੇ ਇਨ੍ਹਾਂ ਸੰਸਥਾਵਾਂ ਦਾ ਨਵੇਂ ਸਿਰੇ ਤੋਂ ਪੁਨਰਗਠਨ ਕਰ ਦਿੱਤਾ ਹੈ। 91 ਮੈਂਬਰੀ ਸੈਨੇਟ ਹੁਣ 31 ਮੈਂਬਰੀ ਕਰ ਦਿੱਤੀ ਗਈ ਹੈ। ਇਸ ਦੇ 24 ਮੈਂਬਰ ਚੁਣੇ ਜਾਣਗੇ, ਜਿਨ੍ਹਾਂ ਵਿਚੋਂ 4 ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਵਿਚੋਂ, 4 ਚੰਡੀਗੜ੍ਹ ਤੇ ਪੰਜਾਬ ਦੇ ਯੂਨੀਵਰਸਿਟੀ ਨਾਲ ਸੰਬੰਧਿਤ ਕਾਲਜਾਂ ਦੇ ਪ੍ਰਿੰਸੀਪਲਾਂ ਵਿਚੋਂ ਅਤੇ 6 ਪੰਜਾਬ ਤੇ ਚੰਡੀਗੜ੍ਹ ਦੇ ਯੂਨੀਵਰਸਿਟੀ ਅਧਿਆਪਕਾਂ ਵਿਚੋਂ ਚੋਣਾਂ ਰਾਹੀਂ ਚੁਣੇ ਜਾਣਗੇ। 2 ਪੰਜਾਬ ਦੇ ਵਿਧਾਇਕ ਮੈਂਬਰ ਹੋਣਗੇ, ਪਰ ਉਨ੍ਹਾਂ ਦੀ ਯੋਗਤਾ ਗ੍ਰੈਜੂਏਟ ਪੱਧਰ ਦੀ ਹੋਵੇਗੀ। ਇਨ੍ਹਾਂ ਦੀ ਚੋਣ ਪੰਜਾਬ ਦਾ ਸਪੀਕਰ ਕਰੇਗਾ। 8 ਮੈਂਬਰ ਵਾਈਸ ਚਾਂਸਲਰ ਨਿਯੁਕਤ ਕਰੇਗਾ। 7 ਮੈਂਬਰ ਆਪਣੇ ਅਹੁਦਿਆਂ ਕਾਰਨ ਸੈਨੇਟ ਦੇ ਮੈਂਬਰ ਹੋਣਗੇ, ਜਿਨ੍ਹਾਂ ਵਿਚ ਪੰਜਾਬ ਦਾ ਮੁੱਖ ਮੰਤਰੀ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਮੁੱਖ ਜੱਜ, ਸਿੱਖਿਆ ਮੰਤਰੀ ਪੰਜਾਬ, ਚੰਡੀਗੜ੍ਹ ਦੇ ਪ੍ਰਸ਼ਾਸਕ ਦਾ ਸਲਾਹਕਾਰ, ਸੈਕਟਰੀ ਹਾਇਰ ਐਜੂਕੇਸ਼ਨ ਪੰਜਾਬ, ਸੈਕਟਰੀ ਹਾਇਰ ਐਜੂਕੇਸ਼ਨ ਚੰਡੀਗੜ੍ਹ ਤੇ ਚੰਡੀਗੜ੍ਹ ਦਾ ਸੰਸਦ ਮੈਂਬਰ ਸ਼ਾਮਿਲ ਹੋਣਗੇ। ਸੈਨਿਟ ਦੇ ਜਿਹੜੇ ਪਹਿਲਾਂ 15 ਮੈਂਬਰ ਯੂਨੀਵਰਸਿਟੀ ਦੇ ਗ੍ਰੈਜੂਏਟਾਂ ਵਿਚੋਂ ਚੁਣੇ ਜਾਂਦੇ ਸਨ, ਉਹ ਵਿਵਸਥਾ ਖ਼ਤਮ ਕਰ ਦਿੱਤੀ ਗਈ ਹੈ। ਯੂਨੀਵਰਸਿਟੀ ਦੀ ਸੈਨੇਟ ਤੋਂ ਬਾਅਦ ਦੂਜੀ ਸੰਸਥਾ ਜਿਸ ਨੂੰ ਕਾਰਜਕਾਰਨੀ ਕਹਿ ਸਕਦੇ ਹਾਂ, ਉਸ ਦੇ ਸਾਰੇ ਮੈਂਬਰ ਪਹਿਲਾਂ ਜੋ ਸੈਨੇਟ ਵਿਚੋਂ ਚੁਣੇ ਜਾਂਦੇ ਸਨ, ਉਹ ਸਾਰੇ ਹੁਣ ਵਾਈਸ ਚਾਂਸਲਰ ਵਲੋਂ ਨਿਯੁਕਤ ਕੀਤੇ ਜਾਣਗੇ, ਭਾਵੇਂ ਉਹ ਸੈਨੇਟ ਦੇ ਮੈਂਬਰ ਵੀ ਨਾ ਹੋਣ।

ਕੇਂਦਰ ਸਰਕਾਰ ਨੇ ਸੈਨੇਟ ਤੇ ਸਿੰਡੀਕੇਟ ਦਾ ਇਹ ਪੁਨਰਗਠਨ ਯੂਨੀਵਰਸਿਟੀ ਦੇ ਪ੍ਰਸ਼ਾਸਨ ਵਿਚ ਸੁਧਾਰ ਤੇ ਪਾਰਦਰਸ਼ਿਤਾ ਲਿਆਉਣ ਦੇ ਨਾਂਅ ਹੇਠ ਕੀਤਾ ਹੈ। ਇਸ ਦਾ ਅਸਲ ਮਕਸਦ ਯੂਨੀਵਰਸਿਟੀ ਵਿਚ ਪੰਜਾਬ ਦੀ ਨੁਮਾਇੰਦਗੀ ਘਟਾ ਕੇ ਯੂਨੀਵਰਸਿਟੀ ਦਾ ਕੰਟਰੋਲ ਆਪਣੇ ਹੱਥ ਲੈਣਾ ਹੈ ਤਾਂ ਜੋ ਹਰ ਅਕਾਦਮਿਕ ਤੇ ਪ੍ਰਸ਼ਾਸਨਿਕ ਪੱਖ ਤੋਂ ਕੇਂਦਰ ਆਪਣਾ ਏਜੰਡਾ ਲਾਗੂ ਕਰ ਸਕੇ ਅਤੇ ਚੰਡੀਗੜ੍ਹ ਤੋਂ ਪੰਜਾਬ ਨੂੰ ਪੱਕੇ ਤੌਰ 'ਤੇ ਬੇਦਖਲ ਕਰਨ ਦੇ ਅਮਲ ਨੂੰ ਇਸ ਢੰਗ ਨਾਲ ਹੋਰ ਅੱਗੇ ਵਧਾਇਆ ਜਾ ਸਕੇ। ਇਹ ਬਿਨਾਂ ਸ਼ੱਕ ਪੰਜਾਬ ਨਾਲ ਬਹੁਤ ਵੱਡਾ ਧੱਕਾ ਹੈ।

ਪਰ ਇਸ ਲਈ ਪੰਜਾਬ ਦੀਆਂ ਸਰਕਾਰਾਂ ਵੀ ਜ਼ਿੰਮੇਵਾਰ ਹਨ। ਉਨ੍ਹਾਂ ਨੇ ਪਿਛਲੇ ਲੰਮੇ ਸਮੇਂ ਵਿਚ ਯੂਨੀਵਰਸਿਟੀ ਨੂੰ ਆਪਣੇ ਹਿੱਸੇ ਦੇ ਫੰਡ ਸਮੇਂ ਸਿਰ ਮੁਹੱਈਆ ਕਰਨ ਅਤੇ ਇਸ ਦੇ ਕੰਮਕਾਜ ਨੂੰ ਸੁਚਾਰੂ ਬਣਾਈ ਰੱਖਣ ਲਈ ਕੋਈ ਬਹੁਤੀ ਦਿਲਚਸਪੀ ਨਹੀਂ ਸੀ ਦਿਖਾਈ। ਇਕ ਸਮੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਇਸ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਲਈ ਕੇਂਦਰ ਨੂੰ ਪੱਤਰ ਵੀ ਲਿਖ ਦਿੱਤਾ ਸੀ, ਪਰ ਬਾਅਦ ਵਿਚ ਵਿਰੋਧ ਹੋਣ ਕਾਰਨ ਉਹ ਪੱਤਰ ਵਾਪਸ ਲੈਣਾ ਪਿਆ ਸੀ। ਪੰਜਾਬ ਦੀਆਂ ਰਾਜ ਸਰਕਾਰਾਂ ਨੇ ਰਾਜ ਵਿਚ ਮੁਫ਼ਤਖੋਰੀ ਆਧਾਰਿਤ ਯੋਜਨਾਵਾਂ ਲਾਗੂ ਕਰਕੇ ਲੋਕਾਂ ਦੀਆਂ ਵੋਟਾਂ ਤਾਂ ਲੈ ਲਈਆਂ, ਪਰ ਆਪਣੇ ਵਿੱਦਿਅਕ ਅਦਾਰਿਆਂ ਵਲੋਂ ਅੱਖਾਂ ਫੇਰ ਕੇ ਉਨ੍ਹਾਂ ਨੂੰ ਰੱਬ ਭਰੋਸੇ ਛੱਡ ਦਿੱਤਾ। ਇਨ੍ਹਾਂ ਨੀਤੀਆਂ ਕਾਰਨ ਵੀ ਇਹ ਯੂਨੀਵਰਸਿਟੀ ਕੇਂਦਰ ਨੂੰ ਆਪਣੇ ਹੱਥ ਲੈਣ ਦਾ ਬਹਾਨਾ ਮਿਲਿਆ ਹੈ, ਪਰ ਕੇਂਦਰ ਸਰਕਾਰ ਦੇ ਇਸ ਕਦਮ ਦਾ ਪੰਜਾਬ ਵਿਚ ਤਿੱਖਾ ਵਿਰੋਧ ਹੋਇਆ ਹੈ। ਭਾਜਪਾ ਨੂੰ ਛੱਡ ਕੇ ਸਾਰੀਆਂ ਸਿਆਸੀ ਪਾਰਟੀਆਂ ਨੇ ਇਸ ਦੀ ਨਿੰਦਾ ਕਰਦਿਆਂ ਯੂਨੀਵਰਸਿਟੀ ਨਾਲ ਸੰਬੰਧਿਤ ਨਵਾਂ ਨੋਟੀਫ਼ਿਕੇਸ਼ਨ ਵਾਪਸ ਲੈਣ ਦੀ ਮੰਗ ਕੀਤੀ ਹੈ। ਯੂਨੀਵਰਸਿਟੀ ਦੇ ਵਿਦਿਆਰਥੀ ਵੀ ਅੰਦੋਲਨ 'ਤੇ ਉਤਰ ਆਏ ਹਨ।

ਭਾਜਪਾ ਦੀ ਕੇਂਦਰ ਸਰਕਾਰ ਦੀਆਂ ਪੰਜਾਬ ਪ੍ਰਤੀ ਵਿਤਕਰੇ ਵਾਲੀਆਂ ਕੁਝ ਪਿਛਲੀਆਂ ਨੀਤੀਆਂ ਕਾਰਨ ਰਾਜ ਦੇ ਲੋਕਾਂ ਵਿਚ ਪਹਿਲਾਂ ਹੀ ਰੋਸ ਪਾਇਆ ਜਾ ਰਿਹਾ ਹੈ। ਯੂਨੀਵਰਸਿਟੀ ਸੰਬੰਧੀ ਸਰਕਾਰ ਦੇ ਨਵੇਂ ਫ਼ੈਸਲੇ ਨਾਲ ਇਸ ਪੱਖੋਂ ਰੋਹ ਤੇ ਰੋਸ ਹੋਰ ਵਧੇਗਾ। ਸਾਡੀ ਕੇਂਦਰ ਸਰਕਾਰ ਨੂੰ ਅਪੀਲ ਹੈ ਕਿ ਉਹ ਆਪਣਾ ਇਹ ਇਕਤਰਫ਼ਾ ਫ਼ੈਸਲਾ ਵਾਪਸ ਲਵੇ ਤੇ ਯੂਨੀਵਰਸਿਟੀ ਦਾ ਪਹਿਲਾਂ ਵਾਲਾ ਪ੍ਰਸ਼ਾਸਨਿਕ ਢਾਂਚਾ ਹੀ ਮੁੜ ਬਹਾਲ ਕਰੇ। ਯੂਨੀਵਰਸਿਟੀ ਦੇ ਕੰਮਕਾਜ ਵਿਚ ਸੁਧਾਰ ਲਿਆਉਣ ਲਈ ਪੰਜਾਬ ਦੀ ਨੁਮਾਇੰਦਗੀ ਘਟਾਉਣ ਦੀ ਥਾਂ ਇਸ ਨੂੰ ਵਿਸ਼ਵਾਸ ਵਿਚ ਲੈਣ ਲਈ ਪਹਿਲ ਕਰੇ।

# ਪੰਜਾਬ ਬਹੁਪਰਤੀ ਸੰਕਟ ਦੇ ਦੌਰ ਵਿਚ

**ਸੁੱਚਾ ਸਿੰਘ ਗਿੱਲ**

ਪੰਜਾਬ ਦਾ ਸਮਾਜਿਕ, ਆਰਥਿਕ ਤੇ ਸਿਆਸੀ ਸੰਕਟ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ, ਇਸ ਨੂੰ ਹੱਲ ਕਰਨ ਦੀ ਬਜਾਏ ਸਰਕਾਰ 'ਤੇ ਕਾਬਜ਼ ਸੱਤਾਧਾਰੀ ਪਾਰਟੀਆਂ ਨੇ ਇਸ ਤੋਂ ਹਮੇਸ਼ਾ ਟਾਲਾ ਹੀ ਵੱਟਿਆ ਹੈ। ਸੱਤਾ 'ਤੇ ਕਾਬਜ਼ ਰਹਿਣ ਲਈ ਪਾਰਟੀਆਂ ਇਕ-ਦੂਜੇ 'ਤੇ ਦੂਸ਼ਣਬਾਜ਼ੀ ਕਰਦਿਆਂ ਲੋਕਾਂ ਨੂੰ ਗੁੰਮਰਾਹ ਕਰਨ ਲੱਗੀਆਂ ਹੋਈਆਂ ਹਨ। ਲੋਕਾਂ ਨੇ ਇੱਕ ਤੋਂ ਬਾਅਦ ਦੂਜੀ ਤੇ ਦੂਜੀ ਤੋਂ ਬਾਅਦ ਤੀਜੀ ਪਾਰਟੀ ਨੂੰ ਸੱਤਾ ਵਿਚ ਇਸ ਆਸ ਨਾਲ ਲਿਆਂਦਾ ਸੀ ਕਿ ਉਹ ਕੁਝ ਵੱਖਰਾ ਕਰਨਗੇ, ਪਰ ਲੋਕਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ। ਸੱਤਾ ਤੋਂ ਬਾਹਰ ਸਮਾਜਿਕ ਲਹਿਰ ਪੰਜਾਬ ਵਿਚ ਹਮੇਸ਼ਾ ਹੀ ਸਰਗਰਮ ਰਹੀ ਹੈ ਅਤੇ ਸਰਕਾਰ ਨੂੰ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਵਾਸਤੇ ਮਜਬੂਰ ਕਰਦੀ ਰਹੀ ਹੈ। ਪਰ ਇਸ ਮੌਕੇ ਸਮਾਜਿਕ ਲਹਿਰ ਧੜਿਆਂ ਤੇ ਮੁੱਦਿਆਂ 'ਤੇ ਇੰਨੀ ਵੰਡੀ ਹੋਈ ਹੈ ਕਿ ਸਰਕਾਰ 'ਤੇ ਦਬਾਅ ਬਣਾਉਣ ਦੇ ਸਮਰੱਥ ਨਹੀਂ ਹੈ। ਹਾਕਮ ਪਾਰਟੀਆਂ ਦੇ ਬਹੁਤੇ ਲੀਡਰ ਵੱਖ-ਵੱਖ ਮਾਫੀਆ ਨਾਲ ਰਲ ਗਏ ਹਨ, ਇਸ ਗਠਜੋੜ 'ਚ ਉੱਚ ਅਫਸਰ ਤੇ ਪੁਲਿਸ ਅਧਿਕਾਰੀ ਵੀ ਭਾਈਵਾਲ ਬਣ ਗਏ ਹਨ। ਇਹ ਸਾਰੇ ਲੋਕਾਂ ਨੂੰ ਲੁੱਟਣ ਤੋਂ ਇਲਾਵਾ ਗੁੰਮਰਾਹ ਵੀ ਕਰ ਰਹੇ ਹਨ। ਇਸ ਕਾਰਨ ਪੰਜਾਬ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਆਰਥਿਕ ਤੌਰ 'ਤੇ ਪਿਛੜਨ ਨਾਲ ਨਵੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ ਤੇ ਸੂਬਾ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਦਾ ਸ਼ਿਕਾਰ ਹੋ ਗਿਆ ਹੈ।

ਹਰੇ ਇਨਕਲਾਬ ਦੇ ਫਿੱਕਾ ਪੈਣ 'ਤੇ 1980 ਦੇ ਦਹਾਕੇ ਦੌਰਾਨ ਖੇਤੀ ਵਿਚ ਖੜੋਤ ਅਤੇ ਵਾਤਾਵਰਨ ਦੇ ਵਿਗਾੜ ਸ਼ੁਰੂ ਹੋ ਗਏ ਸਨ। ਪੇਂਡੂ ਇਲਾਕਿਆਂ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਵਧਣ ਕਾਰਨ ਨੌਜਵਾਨਾਂ 'ਚ ਬੇਚੈਨੀ ਵਧੀ, ਪਰ ਸਰਕਾਰ ਨੇ ਇਸ ਬੇਚੈਨੀ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨ ਦੀ ਬਜਾਏ ਬੇਚੈਨੀ ਤੋਂ ਪੈਦਾ ਹੋਈ ਹਿੰਸਾ ਨੂੰ ਸਰਕਾਰੀ ਹਿੰਸਾ ਨਾਲ ਕੁਚਲਣ ਦੀ ਕੋਸ਼ਿਸ਼ ਕਰਕੇ ਸੂਬੇ ਨੂੰ ਘੋਰ ਸਿਆਸੀ ਸੰਕਟ ਵਿਚ ਫਸਾ ਦਿੱਤਾ। ਲਗਭਗ 10 ਸਾਲ ਦੇ ਗਵਰਨਰ/ਕੇਂਦਰੀ ਰਾਜ ਨੇ ਸੂਬੇ ਦੇ ਪ੍ਰਸ਼ਾਸਨ ਦੀ ਪਹਿਲ ਨੂੰ ਵਿਕਾਸ ਤੋਂ ਬਦਲ ਕੇ ਅਮਨ ਕਾਨੂੰਨ ਦੀ ਬਹਾਲੀ ਵਿਚ ਤਬਦੀਲ ਕਰ ਦਿੱਤਾ ਸੀ। ਉਸ ਸਮੇਂ ਪੁਲਿਸ ਅਧਿਕਾਰੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਉਣ ਦੀ ਮਿਲੀ ਖੁੱਲ੍ਹ ਖਾੜਕੂ ਹਿੰਸਾ ਖਤਮ ਹੋਣ ਤੋਂ ਬਾਅਦ ਵੀ ਜਾਰੀ ਰਹਿਣ ਕਰਕੇ ਪੰਜਾਬ ਨੂੰ ਪੁਲਿਸ ਰਾਜ ਬਣਾਈ ਰੱਖਣ ਕਾਰਨ ਕਾਫ਼ੀ ਉਲਝਣਾਂ ਵਧ ਗਈਆਂ ਹਨ। ਇਸ ਨਾਲ ਪੁਲਿਸ ਨੇ ਅਮਨ ਸ਼ਾਂਤੀ ਬਣਾਈ ਰੱਖਣ ਦੀ ਬਜਾਏ ਇਸ ਖੁੱਲ੍ਹ ਨੂੰ ਲੋਕਾਂ 'ਤੇ ਤਸ਼ੱਦਦ ਕਰਕੇ ਅਤੇ ਭ੍ਰਿਸ਼ਟਾਚਾਰ ਕਰਕੇ ਪੈਸੇ ਉਗਰਾਹੁਣ ਦਾ ਜ਼ਰੀਆ ਬਣਾ ਲਿਆ ਹੈ। ਇਕ ਪਾਸੇ ਝੂਠੇ ਕੇਸ ਬਣਾਏ ਜਾਂਦੇ ਹਨ ਅਤੇ ਦੂਜੇ ਪਾਸੇ ਅਸਲੀ ਕੇਸਾਂ ਨੂੰ ਖ਼ੁਰਦ-ਬੁਰਦ ਕਰਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਨਸ਼ਾ ਤਸਕਰਾਂ ਨੂੰ ਸੁਰੱਖਿਆ ਦੇ ਕੇ ਉਨ੍ਹਾਂ ਤੋਂ ਉਗਰਾਹੀ ਕੀਤੀ ਜਾਂਦੀ ਹੈ। ਗੈਂਗਸਟਰ ਸ਼ਰੇਆਮ ਲੋਕਾਂ ਤੋਂ ਫ਼ਿਰੌਤੀਆਂ ਮੰਗਦੇ ਹਨ ਤੇ ਵਪਾਰੀਆਂ ਨੂੰ ਡਰਾ ਰਹੇ ਹਨ। ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਵੱਲ ਧੱਕਣ ਵਿਚ ਪੁਲਿਸਤੰਤਰ ਤੇ ਖਾਸ ਕਰਕੇ ਉੱਚ ਅਫਸਰਾਂ ਦੀ ਭੂਮਿਕਾ ਜੱਗ ਜ਼ਾਹਰ ਹੋ ਚੁੱਕੀ ਹੈ। ਇਸ ਦੀ ਪੁਸ਼ਟੀ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੇ ਘਰ ਤੋਂ ਵੱਡੀ ਮਾਤਰਾ ਵਿਚ ਮਿਲੀ ਨਕਦੀ, ਸੋਨੇ ਤੇ ਜਾਇਦਾਦ ਦੇ ਦਸਤਾਵੇਜ਼ਾਂ ਤੋਂ ਹੋ ਗਈ ਹੈ। ਇਸ ਤੋਂ ਪਹਿਲਾਂ ਵੀ ਕੁਝ ਹੋਰ ਪੁਲਿਸ ਅਧਿਕਾਰੀਆਂ 'ਤੇ ਦਰਜ ਕੇਸਾਂ ਤੇ ਸ਼ਿਕਾਇਤਾਂ ਬਾਅਦ ਉਨ੍ਹਾਂ 'ਚੋਂ ਕਈਆਂ ਦੇ ਰੂਪੋਸ਼ ਹੋ ਜਾਣ ਨਾਲ ਪੁਲਿਸ ਦੀ ਸਾਖ ਨੂੰ ਕਾਫ਼ੀ ਧੱਕਾ ਲੱਗਾ ਹੈ। ਇਸ ਤੋਂ ਪਹਿਲਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਰਵੀ ਸਿੱਧੂ ਦੇ ਸਕੈਂਡਲ ਨੇ ਸੂਬੇ ਵਿਚ ਫੈਲੇ ਭ੍ਰਿਸ਼ਟਾਚਾਰ ਦਾ 2002 ਵਿਚ ਹੀ ਪਰਦਾਫਾਸ਼ ਕਰ ਦਿੱਤਾ ਸੀ। ਸਿਵਲ ਅਫ਼ਸਰਸ਼ਾਹੀ ਵੀ ਇਸ ਜਿੱਲ੍ਹਣ ਵਿਚ ਪੂਰੀ ਤਰ੍ਹਾਂ ਫਸੀ ਹੋਈ ਹੈ, ਕਈ ਪੀ.ਸੀ.ਐੱਸ. ਅਤੇ ਆਈ.ਏ.ਐੱਸ. ਅਫਸਰਾਂ ਦੇ ਨਾਮ ਮੀਡੀਆ ਵਿਚ ਲਗਾਤਾਰ ਨਸ਼ਰ ਹੋ ਰਹੇ ਹਨ। ਹਾਕਮ ਪਾਰਟੀਆਂ ਦੇ ਆਗੂਆਂ ਵਲੋਂ ਮਾਫੀਆ, ਪੁਲਿਸ ਤੇ ਸਿਵਲ ਅਧਿਕਾਰੀਆਂ ਨੂੰ ਸਰਪ੍ਰਸਤੀ ਪ੍ਰਦਾਨ ਕੀਤੀ ਜਾਂਦੀ ਹੈ। ਇਸੇ ਕਰਕੇ ਆਗੂਆਂ ਤੇ ਅਫਸਰਾਂ ਦੇ ਕਾਰੋਬਾਰਾਂ ਤੇ ਜਾਇਦਾਦਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਇਸ ਲੋਕ ਵਿਰੋਧੀ ਗਠਜੋੜ ਦੇ ਚਲਦਿਆਂ ਟੈਕਸਾਂ ਦੀ ਉਗਰਾਹੀ ਵੀ ਲੋੜੀਂਦੀ ਪੱਧਰ 'ਤੇ ਨਹੀਂ ਕੀਤੀ ਜਾਂਦੀ। ਵਪਾਰੀ ਵਰਗ ਤੋਂ ਟੈਕਸਾਂ ਦੀ ਚੋਰੀ ਅਫ਼ਸਰਾਂ ਤੇ



ਹਾਕਮ ਪਾਰਟੀਆਂ ਦੇ ਆਗੂਆਂ ਦੀ ਮਿਲੀਭੁਗਤ ਤੇ ਸਰਪ੍ਰਸਤੀ ਨਾਲ ਕਰਵਾਈ ਜਾਂਦੀ ਹੈ। ਇਸ ਕਰਕੇ ਪੰਜਾਬ ਟੈਕਸ ਤੇ ਆਮਦਨ ਦੇ ਅਨੁਪਾਤ ਨਾਲ ਦੇਸ਼ 'ਚ ਸਭ ਤੋਂ ਪਿੱਛੇ ਚੱਲ ਰਿਹਾ ਹੈ। ਦੂਜੇ ਪਾਸੇ ਖਾਂਦੇ-ਪੀਂਦੇ ਲੋਕਾਂ ਨੂੰ ਮੁਫ਼ਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਲਗਾਤਾਰ ਬੈਂਕਾਂ ਤੋਂ ਕਰਜ਼ੇ ਚੁੱਕ ਰਹੀ ਹੈ। ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ, ਜੋ ਮਾਰਚ 2026 ਤੱਕ 4 ਲੱਖ ਕਰੋੜ ਰੁਪਏ ਤੋਂ ਵਧ ਜਾਵੇਗੀ। ਸੂਬੇ ਦੇ ਬਜਟ ਦਾ ਲਗਭਗ 1/3 ਹਿੱਸਾ ਕਰਜ਼ੇ ਦੇ ਵਿਆਜ ਤੇ ਮੂਲ ਕਿਸ਼ਤ ਨੂੰ ਚੁਕਾਉਣ 'ਤੇ ਚਲਾ ਜਾਂਦਾ ਹੈ। ਸਰਕਾਰ ਕੋਲ ਵਿਕਾਸ ਤੇ ਰੁਜ਼ਗਾਰ ਵਾਸਤੇ ਵਿੱਤੀ ਸਾਧਨਾਂ ਦੀ ਘਾਟ ਕਈ ਦਹਾਕਿਆਂ ਤੋਂ ਚੱਲ ਰਹੀ ਹੈ। ਪੰਜਾਬ 1992-93 'ਚ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੇ ਸੂਬਿਆਂ ਵਿਚ ਪਹਿਲੇ ਸਥਾਨ ਤੋਂ ਖਿਸਕ ਕੇ 2022-23 ਵਿਚ 14ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਵਿੱਤੀ ਸਾਧਨਾਂ ਦੀ ਕਿੱਲਤ ਦੀ ਮਾਰ ਸਿੱਖਿਆ ਤੇ ਸਿਹਤ ਸਹੂਲਤਾਂ 'ਤੇ ਪਈ ਹੈ, 1980ਵਿਆਂ 'ਚ ਸੂਬੇ ਦੇ ਕੁੱਲ ਬਜਟ ਦਾ 23-24 ਫ਼ੀਸਦੀ ਹਿੱਸਾ ਸਿੱਖਿਆ ਦੇ ਖੇਤਰ 'ਤੇ ਖ਼ਰਚ ਹੁੰਦਾ ਸੀ ਜੋ ਘਟਦਾ ਹੋਇਆ 12-13 ਫ਼ੀਸਦੀ ਹੀ ਰਹਿ ਗਿਆ ਹੈ। ਇਸ ਦੇ ਚਲਦਿਆਂ ਵਿਦਿਅਕ ਸੰਸਥਾਵਾਂ, ਸਰਕਾਰੀ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਵਿੱਤੀ ਸੰਕਟ ਦਾ ਸ਼ਿਕਾਰ ਹੋਣ ਕਾਰਨ ਸਹਿਕ ਰਹੇ ਹਨ। 1980ਵਿਆਂ ਵਿਚ ਸਰਕਾਰ ਸਿਹਤ ਦੇ ਖੇਤਰ 'ਤੇ ਬਜਟ ਦਾ 12-13 ਫ਼ੀਸਦੀ ਖਰਚ ਕਰਦੀ ਸੀ, ਜੋ 2022-23 ਵਿਚ ਘਟ ਕੇ 5-6 ਫ਼ੀਸਦੀ ਰਹਿ ਗਿਆ ਹੈ। ਸਰਕਾਰੀ ਸਿਹਤ ਸੇਵਾਵਾਂ ਦੇ ਖ਼ੁਦ ਬਿਮਾਰ ਪੈ ਜਾਣ ਕਰਕੇ ਗਰੀਬ ਲੋਕ ਇਲਾਜ ਤੋਂ ਵਾਂਝੇ ਹੋਏ ਹਨ ਤਾਂ ਦੂਜੇ ਪਾਸੇ ਲੋਕ ਪ੍ਰਾਈਵੇਟ ਹਸਪਤਾਲਾਂ ਦੀ ਲੁੱਟ ਦਾ ਵੀ ਸ਼ਿਕਾਰ ਹੋ ਰਹੇ ਹਨ।

ਪੰਜਾਬ ਵਿਚ ਬੇਰੁਜ਼ਗਾਰੀ ਦੀ ਦਰ ਦੇਸ਼ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹੋਣ ਕਾਰਨ ਸੂਬੇ ਦੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਪਰ ਵਿਕਸਤ ਦੇਸ਼ਾਂ ਅਤੇ ਖਾਸ ਕਰਕੇ ਅਮਰੀਕਾ, ਕੈਨੇਡਾ, ਬਰਤਾਨੀਆ ਵਲੋਂ ਪ੍ਰਵਾਸ 'ਤੇ ਰੋਕਾਂ ਲਗਾਈਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਵਲੋਂ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਦੀ ਸੰਘੀ ਘੁੱਟਣ ਦੇ ਨਾਲ-ਨਾਲ ਪੰਜਾਬ ਦੇ ਖਿਲਾਫ਼ ਗੈਰ-ਸਿਧਾਂਤਕ ਫ਼ੈਸਲੇ ਲਏ ਜਾ ਰਹੇ ਹਨ। ਪੁਰਾਣੇ ਮਸਲੇ- ਚੰਡੀਗੜ੍ਹ ਦਾ ਰੇੜਕਾ, ਪੰਜਾਬ ਤੋਂ ਬਾਹਰ ਰਹਿੰਦੇ ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀਆਂ ਦੀ ਨਿਆਂਪੂਰਨ ਵੰਡ ਕਰਨਾ ਲਟਕੇ ਪਏ ਹਨ ਤੇ ਹੋਰ ਕਈ ਮਸਲੇ ਪੈਦਾ ਕਰ ਦਿੱਤੇ ਗਏ ਹਨ, ਜਿਵੇਂ- ਬੀ.ਐੱਸ.ਐੱਫ. ਲਈ ਬਾਰਡਰ ਏਰੀਆ ਦਾ ਘੇਰਾ 5 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰਨਾ, ਵਾਹਗਾ ਬਾਰਡਰ ਤੋਂ ਵਪਾਰ ਬੰਦ ਕਰਨਾ, ਭਾਖੜਾ-ਬਿਆਸ ਮੈਨੇਜਮੈਂਟ ਤੋਂ ਪੰਜਾਬ ਨੂੰ ਲਾਂਭੇ ਕਰਨਾ, ਹੈੱਡਵਰਕਸਾਂ ਤੇ ਕੇਂਦਰੀ ਬਲਾਂ ਦੀ ਤਾਇਨਾਤੀ ਕਰਨਾ, ਪੰਜਾਬ ਦੇ ਪੇਂਡੂ ਵਿਕਾਸ ਫੰਡਾਂ ਨੂੰ ਰੋਕਣਾ ਆਦਿ। ਕੇਂਦਰ ਸਰਕਾਰ ਦੀ ਸੂਬੇ ਅੰਦਰ ਦਖਲਅੰਦਾਜ਼ੀ ਵਧ ਗਈ ਹੈ, ਪਰ ਉਹ ਕੋਈ ਜ਼ਿੰਮੇਵਾਰੀ ਨਿਭਾਉਣ ਤੋਂ ਇਨਕਾਰੀ ਹੈ। ਇਸ ਸਾਲ ਦਰਿਆਵਾਂ 'ਚ ਆਏ ਹੜ੍ਹਾਂ ਦੌਰਾਨ ਪੰਜਾਬ ਦੇ ਲੋਕਾਂ ਨੂੰ ਪਈ ਮਾਰ ਸਮੇਂ ਕੇਂਦਰ ਸਰਕਾਰ ਮੰਤਰੀਆਂ ਨੂੰ ਪੰਜਾਬ ਭੇਜ ਕੇ ਡਰਾਮੇ ਕਰਦੀ ਰਹੀ ਹੈ। ਪੰਜਾਬ ਦੇ ਦਰਿਆਵਾਂ ਵਲੋਂ 5000 ਏਕੜ ਤੋਂ ਵੱਧ ਜ਼ਮੀਨ ਨੂੰ ਖੋਰਾ ਲਾ ਕੇ ਖਤਮ ਕਰਨ 'ਤੇ ਸਰਕਾਰ ਵਲੋਂ ਕਿਸਾਨਾਂ ਦੀ ਬਾਂਹ ਫੜਨ ਦੀ ਕੋਈ ਪਹਿਲ ਨਹੀਂ ਕੀਤੀ ਗਈ। ਪੰਜਾਬ ਦੀ ਸੱਤਾਧਾਰੀ ਪਾਰਟੀ ਤੇ ਮੁੱਖ ਵਿਰੋਧੀ ਪਾਰਟੀਆਂ ਜ਼ੁਬਾਨ ਖੋਲ੍ਹਣ ਲਈ ਤਿਆਰ ਨਹੀ, ਲੋਕ ਪੱਖੀ ਖੱਬੀਆਂ ਪਾਰਟੀਆਂ ਇਸ ਸਮਰੱਥ ਨਹੀਂ ਹਨ ਕਿ ਪੰਜਾਬ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਉਭਾਰ ਸਕਣ। ਇਸ ਕਰਕੇ ਪੰਜਾਬ ਦੇ ਭਵਿੱਖ ਬਾਰੇ ਗੌਰ ਕਰਨ ਅਤੇ ਪੰਜਾਬ ਦੀ ਬਾਂਹ ਫੜਨ ਵਾਲੀ ਤਾਕਤ ਦੀ ਅਣਹੋਂਦ ਬਹੁਤ ਰੜਕਦੀ ਹੈ।

ਇਨ੍ਹਾਂ ਮਸਲਿਆਂ ਬਾਰੇ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਖੋਜਾਰਥੀਆਂ ਨੇ ਅਣਗਿਣਤ ਰਿਪੋਰਟਾਂ, ਖੋਜ ਪੱਤਰਾਂ ਤੇ ਕਿਤਾਬਾਂ ਲਿਖ ਕੇ ਸੁਝਾਅ ਦਿੱਤੇ ਹਨ। ਕਈ ਕਮੇਟੀਆਂ ਨੇ ਸਰਕਾਰ ਨੂੰ ਰਿਪੋਰਟਾਂ ਵੀ ਦਿੱਤੀਆਂ ਹਨ। ਕਿਸਾਨਾਂ ਦੇ ਮਸਲਿਆਂ ਨੂੰ ਨਜਿੱਠਣ ਲਈ ਪੰਜਾਬ ਰਾਜ ਕਿਸਾਨ ਤੇ ਮਜ਼ਦੂਰ ਕਮਿਸ਼ਨ ਵਲੋਂ 3 ਵਾਰ (2013, 2018 ਤੇ 2025) ਖੇਤੀ ਨੀਤੀ ਦਾ ਖਰੜਾ ਤਿਆਰ ਕਰਕੇ ਸਰਕਾਰ ਨੂੰ ਸੌਂਪਿਆ, ਪਰ ਸਰਕਾਰ ਨੇ ਇਨ੍ਹਾਂ ਖਰੜਿਆਂ ਨੂੰ ਕੈਬਨਿਟ ਵਿਚ ਪੇਸ਼ ਨਹੀਂ ਕੀਤਾ, ਕਿਉਂਕਿ ਇਹ ਖਰੜੇ ਤੇ ਰਿਪੋਰਟਾਂ ਸਮਾਜਿਕ ਇਨਸਾਫ਼ ਤੇ ਲੋਕ ਭਲਾਈ ਨੂੰ ਧਿਆਨ ਵਿਚ ਰੱਖ ਕੇ ਲਿਖੇ ਗਏ ਹਨ। ਹਾਕਮ ਪਾਰਟੀਆਂ ਦੀਆਂ ਸਰਕਾਰਾਂ ਨੂੰ ਇਹ ਨਜ਼ਰੀਆ ਮਨਜ਼ੂਰ ਨਹੀਂ ਕਿਉਂਕਿ ਪਾਰਟੀਆਂ ਉਪਰ ਧਨਾਢਾਂ ਦਾ ਕਬਜ਼ਾ ਹੈ ਤੇ ਉਨ੍ਹਾਂ ਦੀ ਸੋਚ ਤੇ ਵਿਸ਼ਵਾਸ ਕਾਰਪੋਰੇਟ ਪੱਖੀ ਨੀਤੀਆਂ ਵਿਚ ਹੈ। ਮੌਜੂਦਾ ਸਰਕਾਰ ਵਲੋਂ ਆਰਥਿਕ ਨੀਤੀਆਂ ਤੇ ਵਿਕਾਸ ਪ੍ਰੋਗਰਾਮਾਂ ਵਾਸਤੇ ਬੋਸਟਨ ਗਰੁੱਪ ਦੇ ਮਾਹਿਰ ਲਾਏ ਹੋਏ ਹਨ, ਜਿਨ੍ਹਾਂ ਦੀ ਸਲਾਹ ਅਨੁਸਾਰ ਹੀ ਲੈਂਡ ਪੂਲਿੰਗ ਪਾਲਿਸੀ ਅਤੇ ਸਰਕਾਰੀ ਤੇ ਪਬਲਿਕ ਅਦਾਰਿਆਂ ਦੀ ਜ਼ਮੀਨ ਵੇਚ ਕੇ ਵਿੱਤੀ ਸਾਧਨ ਇਕੱਠੇ ਕਰਨ ਵਰਗੇ ਗੈਰ-ਪ੍ਰਸੰਗਿਕ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਜਦੋਂ ਸਰਕਾਰਾਂ ਲੋਕਾਂ ਦੇ ਵਿਰੋਧ ਵਿਚ ਫ਼ੈਸਲੇ ਲੈਣ ਲਈ ਬਜ਼ਿੱਦ ਹੋਣ ਤਾਂ ਲੋਕਾਂ ਦੀਆਂ ਜਥੇਬੰਦੀਆਂ ਦਾ ਏਕਾ ਤੇ ਸਾਂਝੀ ਲਹਿਰ ਹੀ ਇਕ ਸੰਭਵ ਬਦਲ ਰਹਿ ਜਾਂਦਾ ਹੈ।

ਸਾਡੇ ਲੋਕ SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਟਰੰਪ ਤੇ ਮਿਲਾਨੀਆ ਨੇ ਵ੍ਹਾਈਟ ਹਾਊਸ 'ਚ ਮਨਾਇਆ ਹੈਲੋਵਿਨ ਤਿਉਹਾਰ

ਸਾਨ ਫਰਾਂਸਿਸਕੋ : ਰਾਸ਼ਟਰਪਤੀ ਟਰੰਪ ਤੇ ਪਹਿਲੀ ਮਹਿਲਾ ਮੇਲਾਨੀਆ ਟਰੰਪ ਨੇ ਵਾਸ਼ਿੰਗਟਨ ਸਥਿਤ ਵ੍ਹਾਈਟ ਹਾਊਸ ਦੇ



ਸਾਊਥ ਲਾਅਨ 'ਤੇ ਇਕ ਹੈਲੋਵੀਨ ਸਮਾਗਮ ਦੌਰਾਨ ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਕੈਰੋਲੀਨ ਲੀਵਿਟ, ਡਿਪਟੀ ਵ੍ਹਾਈਟ ਹਾਊਸ ਚੀਫ਼ ਆਫ਼ ਸਟਾਫ਼ ਸਟੀਵਨ ਮਿਲਰ ਦੇ ਬੱਚਿਆਂ ਨੂੰ ਟਾਫਿਆਂ ਵੰਡ ਕੇ ਹੈਲੋਵਿਨ ਦੇ ਜਸ਼ਨ ਮਨਾਏ। ਟਰੰਪ ਮਲੇਸ਼ੀਆ, ਜਪਾਨ ਤੇ ਦੱਖਣੀ ਕੋਰੀਆ ਦੀ 5 ਦਿਨਾਂ ਏਸ਼ਿਆਈ ਯਾਤਰਾ ਤੋਂ ਬਾਅਦ ਸਿੱਧੇ ਵ੍ਹਾਈਟ ਹਾਊਸ ਵਾਪਸ ਪਰਤੇ। ਰਾਸ਼ਟਰਪਤੀ ਟਰੰਪ ਆਪਣੀ ਏਸ਼ੀਆ ਯਾਤਰਾ ਤੋਂ ਵਾਪਸ ਪਰਤਦੇ ਹੋਏ ਵ੍ਹਾਈਟ ਹਾਊਸ 'ਚ ਇਕ ਡਰਾਉਣੇ ਦ੍ਰਿਸ਼ ਨੂੰ ਵੇਖਿਆ ਜਦੋਂ ਇਮਾਰਤ ਦੇ ਸਾਊਥ ਪੋਰਟੀਕੋ ਦੇ ਨਾਲ ਦਰਜਨਾਂ ਕੱਦੂਆਂ ਨਾਲ ਘਿਰੇ ਡਾਇਨਾਸੌਰ, ਭੂਤ, ਇਕ ਭੂਤ-ਬਸਟਰ ਸਨ। ਇਸ ਮੌਕੇ ਟਰੰਪ ਨੇ ਸੂਟ ਤੇ ਲਾਲ 'ਯੂ.ਐਸ.ਏ.' ਟੋਪੀ ਪਹਿਨੀ ਸੀ ਜਿਸ 'ਤੇ '45-47' ਛਪਿਆ ਹੋਇਆ ਸੀ, ਜੋ ਕਿ 45ਵੇਂ ਤੇ 47ਵੇਂ ਰਾਸ਼ਟਰਪਤੀ ਵਜੋਂ ਉਸਦੀ ਭੂਮਿਕਾ ਦਾ ਸੰਕੇਤ ਸੀ।

# ਪਾਕਿ ਤੇ ਚੀਨ ਕਰ ਰਹੇ ਹਨ ਪ੍ਰਮਾਣੂ ਪ੍ਰੀਖਣ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਿੰਨ ਦਹਾਕਿਆਂ ਤੋਂ ਜ਼ਿਆਦਾ ਸਮੇਂ ਦੇ ਵਕਫ਼ੇ ਤੋਂ ਬਾਅਦ ਅਮਰੀਕਾ ਦੇ ਆਪਣੇ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਫਿਰ ਤੋਂ ਸ਼ੁਰੂ ਕਰਨ ਦੇ ਆਪਣੇ ਪ੍ਰਸ਼ਾਸਨ ਦੀ ਯੋਜਨਾ ਨੂੰ ਸਹੀ ਦੱਸਦਿਆਂ ਕਿਹਾ ਕਿ ਪਾਕਿਸਤਾਨ ਤੇ ਚੀਨ ਉਨ੍ਹਾਂ ਦੇਸ਼ਾਂ 'ਚ ਸ਼ਾਮਿਲ ਹਨ, ਜੋ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਕਰ ਰਹੇ ਹਨ। ਐਤਵਾਰ ਨੂੰ ਸੀ. ਬੀ. ਐੱਸ. ਨਿਊਜ਼ ਨੂੰ ਦਿੱਤੇ ਇਕ ਇੰਟਰਵਿਊ 'ਚ ਉਨ੍ਹਾਂ ਨੇ ਦਾਅਵਾ ਕੀਤਾ ਕਿ ਅਮਰੀਕਾ ਕੋਲ ਏਨੇ ਪ੍ਰਮਾਣੂ ਹਥਿਆਰ ਹਨ ਕਿ ਦੁਨੀਆ ਨੂੰ 150 ਵਾਰ ਤਬਾਹ ਕੀਤਾ ਜਾ ਸਕਦਾ ਹੈ, ਪਰ ਰੂਸ ਤੇ ਚੀਨ ਦੀਆਂ ਸਰਗਰਮੀਆਂ ਦੇ ਚਲਦਿਆਂ ਪ੍ਰੀਖਣ ਕਰਨਾ ਜ਼ਰੂਰੀ ਹੈ। ਜਦੋਂ ਟਰੰਪ ਕੋਲੋਂ ਇਹ ਪੁੱਛਿਆ ਗਿਆ ਕਿ ਉੱਤਰੀ ਕੋਰੀਆ ਤੋਂ ਇਲਾਵਾ ਕੋਈ ਵੀ ਪ੍ਰਮਾਣੂ ਪ੍ਰੀਖਣ ਨਹੀਂ ਕਰ ਰਿਹਾ ਤਾਂ ਤੁਸੀਂ ਕਿਉਂ ਕਰ ਰਹੇ ਹੋ? ਇਸ 'ਤੇ ਟਰੰਪ ਨੇ ਕਿਹਾ ਕਿ ਰੂਸ, ਪਾਕਿਸਤਾਨ ਅਤੇ ਚੀਨ ਵੀ ਗੁਪਤ ਪ੍ਰੀਖਣ ਕਰ ਰਹੇ ਹਨ, ਬਸ ਦੁਨੀਆ ਨੂੰ ਪਤਾ ਨਹੀਂ ਲੱਗਦਾ। ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਅਮਰੀਕਾ ਆਪਣੇ ਪ੍ਰਮਾਣੂ ਪ੍ਰੀਖਣ ਕਦੋਂ ਅਤੇ ਕਿਥੇ ਕਰੇਗਾ, ਬਸ ਏਨਾ ਹੀ ਕਿਹਾ," ਸਾਡੇ ਕੋਲ ਪ੍ਰੀਖਣ ਸਥਾਨ ਹਨ, ਇਨ੍ਹਾਂ ਦਾ ਜਲਦੀ ਐਲਾਨ ਕਰ ਦਿੱਤਾ ਜਾਵੇਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਇਸ ਨਾਲ ਦੁਨੀਆ ਇਕ ਹੋਰ ਖਤਰਨਾਕ ਪ੍ਰਮਾਣੂ ਮਾਹੌਲ 'ਚ ਜਾ ਸਕਦੀ ਹੈ, ਤਾਂ ਟਰੰਪ ਨੇ ਜਵਾਬ ਦਿੱਤਾ, "ਮੈਨੂੰ ਲੱਗਦਾ ਹੈ ਅਸੀਂ ਇਸ ਨੂੰ ਕਾਫੀ ਹੱਦ ਤੱਕ ਕੰਟਰੋਲ 'ਚ ਰੱਖਿਆ ਹੈ।" ਟਰੰਪ ਨੇ ਅੱਗੇ ਕਿਹਾ, "ਮੈਂ ਪ੍ਰਮਾਣੂ ਨਿਰਸਤਰੀਕਰਨ ਦੇਖਣਾ ਚਾਹੁੰਦਾ ਹਾਂ। ਅਸੀਂ ਇਸ ਬਾਰੇ ਰੂਸ ਨਾਲ ਗੱਲਬਾਤ ਕਰ ਰਹੇ ਹਾਂ, ਜੇਕਰ ਕੁਝ ਹੁੰਦਾ ਹੈ ਤਾਂ ਚੀਨ ਨੂੰ ਵੀ ਇਸ 'ਚ ਸ਼ਾਮਿਲ ਕੀਤਾ ਜਾਵੇਗਾ।" ਜ਼ਿਕਰਯੋਗ ਹੈ ਕਿ ਅਮਰੀਕੀ ਕਾਂਗਰਸ ਦੀ ਖੋਜ ਸੇਵਾ ਦੀ ਇਕ ਅਗਸਤ ਦੀ ਰਿਪੋਰਟ ਦੇ ਮੁਤਾਬਿਕ, ਰਾਸ਼ਟਰਪਤੀ ਦੇ ਆਦੇਸ਼ ਦੇਣ ਤੋਂ ਬਾਅਦ ਅਮਰੀਕਾ ਨੂੰ ਪ੍ਰਮਾਣੂ ਹਥਿਆਰ ਪ੍ਰੀਖਣ ਕਰਨ 'ਚ ਲਗਭਗ 24 ਤੋਂ 36 ਮਹੀਨੇ ਲੱਗਣਗੇ।

# "ਝੁਕਾਂਗਾ ਨਹੀਂ..!", ਸ਼ਟਡਾਊਨ ਜਾਰੀ ਰਹਿਣ ਬਾਰੇ ਬੋਲੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ

ਅਮਰੀਕਾ 'ਚ ਜਾਰੀ 'ਸ਼ਟਡਾਊਨ' ਦੇ ਵਿਚਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਸਰਕਾਰੀ ਵਿਭਾਗਾਂ 'ਚ ਕੰਮਕਾਜ ਨੂੰ ਮੁੜ ਚਾਲੂ ਕਰਵਾਉਣ ਲਈ ਡੈਮੋਕ੍ਰੇਟਸ ਦੇ 'ਦਬਾਅ ਅੱਗੇ ਨਹੀਂ ਝੁਕਣਗੇ'। ਟਰੰਪ ਨੇ ਸਪੱਸ਼ਟ ਕੀਤਾ ਕਿ ਸਰਕਾਰੀ 'ਸ਼ਟਡਾਊਨ' (ਸਰਕਾਰੀ ਕਾਰਜਾਂ ਲਈ ਫੰਡਾਂ ਦੀ ਘਾਟ) ਨੂੰ ਜਲਦ ਹੀ 6ਵਾਂ ਹਫ਼ਤਾ ਸ਼ੁਰੂ ਹੋਣ ਦੇ ਬਾਵਜੂਦ ਉਨ੍ਹਾਂ ਦੀ ਗੱਲਬਾਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਰਾਸ਼ਟਰਪਤੀ ਨੇ ਐਤਵਾਰ ਨੂੰ ਪ੍ਰਸਾਰਿਤ ਇਕ ਪ੍ਰੋਗਰਾਮ 'ਚ ਕਿਹਾ ਕਿ ਸਿਹਤ ਸੰਭਾਲ ਸਬਸਿਡੀ 'ਚ ਵਿਸਥਾਰ ਦੀ ਮੰਗ ਕਰ ਰਹੇ ਡੈਮੋਕ੍ਰੇਟਸ 'ਆਪਣਾ ਰਸਤਾ ਭਟਕ ਚੁੱਕੇ ਹਨ'। ਉਨ੍ਹਾਂ ਭਵਿੱਖਬਾਣੀ ਕੀਤੀ ਕਿ ਡੈਮੋਕ੍ਰੇਟਿਕ ਨੇਤਾ ਅੰਤ 'ਚ ਰਿਪਬਲੀਕਨ ਨੇਤਾਵਾਂ ਅੱਗੇ ਝੁਕ ਜਾਣਗੇ। ਰਿਪਬਲੀਕਨ ਨੇਤਾਵਾਂ ਨੇ ਕਿਹਾ ਹੈ ਕਿ ਜਦੋਂ ਤੱਕ ਡੈਮੋਕ੍ਰੇਟਸ ਸਰਕਾਰ ਨੂੰ ਮੁੜ ਖੋਲ੍ਹਣ ਲਈ ਵੋਟਿੰਗ ਨਹੀਂ ਕਰਦੇ ਉਦੋਂ ਤੱਕ ਉਹ ਗੱਲਬਾਤ ਨਹੀਂ ਕਰਨਗੇ। ਟਰੰਪ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਵੋਟਿੰਗ ਕਰਨੀ ਪਵੇਗੀ। ਜੇਕਰ ਉਹ ਵੋਟਿੰਗ ਨਹੀਂ ਕਰਦੇ, ਤਾਂ ਇਹ ਉਨ੍ਹਾਂ ਦੀ ਸਮੱਸਿਆ ਹੈ। ਟਰੰਪ ਦੀਆਂ ਟਿੱਪਣੀਆਂ ਤੋਂ ਸੰਕੇਤ ਮਿਲਦਾ ਹੈ ਕਿ 'ਸ਼ਟਡਾਊਨ' ਕੁਝ ਸਮੇਂ ਤੱਕ ਜਾਰੀ ਰਹਿ ਸਕਦਾ ਹੈ।

# 1984 ਸਿੱਖ ਵਿਰੋਧੀ ਦੰਗਿਆਂ ਨੂੰ ਮਿਲੇਗਾ ਨਸਲਕੁਸ਼ੀ ਦਾ ਦਰਜਾ, ਚਾਰ ਅਮਰੀਕੀ ਸਾਂਸਦਾਂ ਨੇ ਸਦਨ 'ਚ ਰੱਖਿਆ ਪ੍ਰਸਤਾਵ

## ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨੇ ਵੀ ਕੀਤਾ ਸਮਰਥਨ





ਸੰਯੁਕਤ ਰਾਜ ਅਮਰੀਕਾ ਦੀ ਪਾਰਲੀਮੈਂਟ ਵਿਚ ਚਾਰ ਸਾਂਸਦਾਂ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਰਸਮੀ ਤੌਰ 'ਤੇ ਨਸਲਕੁਸ਼ੀ ਦੇ ਰੂਪ ਵਿਚ ਮਾਨਤਾ ਦੇਣ ਅਤੇ ਉਸ ਨੂੰ ਯਾਦ ਰੱਖਣ ਲਈ ਇਕ ਇਤਿਹਾਸਕ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਇਸ ਪ੍ਰਸਤਾਵ ਨੂੰ ਰਿਪਬਲਿਕਨ ਪਾਰਟੀ ਦੇ ਸਾਂਸਦ ਡੇਵਿਡ ਵਲਾਡਾਓ ਵੱਲੋਂ ਪੇਸ਼ ਕੀਤਾ ਗਿਆ ਜਦਕਿ ਤਿੰਨ ਹੋਰ ਸਾਂਸਦਾਂ ਨੇ ਇਸ ਦਾ ਸਮਰਥਨ ਕੀਤਾ।

1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਹੁਣ ਅਮਰੀਕਾ ਵਿਚ ਨਸਲਕੁਸ਼ੀ ਦਾ ਦਰਜਾ ਮਿਲ ਸਕਦਾ ਹੈ ਕਿਉਂਕਿ ਅਮਰੀਕਾ ਦੇ ਚਾਰ ਸਾਂਸਦਾਂ ਵੱਲੋਂ ਇਸ ਦਾ ਮੰਗ ਦਾ ਸਮਰਥਨ ਕੀਤਾ ਗਿਆ। ਜਾਣਕਾਰੀ ਅਨੁਸਾਰ ਰਿਪਬਲਿਕਨ ਪਾਰਟੀ ਦੇ ਸਾਂਸਦ ਡੇਵਿਡ ਵਲਾਡਾਓ ਵੱਲੋਂ ਇਹ ਪ੍ਰਸਤਾਵ ਲਿਆਂਦਾ ਗਿਆ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ ਵਿਚ ਸਿੱਖਾਂ ਦੇ ਖ਼ਿਲਾਫ਼ ਹੋਏ ਹਿੰਸਕ ਹਮਲਿਆਂ ਨੂੰ 1984 ਸਿੱਖ ਨਸਲਕੁਸ਼ੀ ਦੇ ਰੂਪ ਵਿਚ ਅਧਿਕਾਰਕ ਤੌਰ 'ਤੇ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ ਇਸ ਵਿਚ ਇਹ ਵੀ ਮੰਗ ਕੀਤੀ ਗਈ ਕਿ ਸਾਰੇ ਅਪਰਾਧੀਆਂ ਨੂੰ ਇਨਸਾਫ਼ ਦੇ ਕਟਹਿਰੇ ਵਿਚ ਲਿਆਂਦਾ ਜਾਣਾ ਚਾਹੀਦੈ, ਚਾਹੇ ਉਹ ਕਿਸੇ ਵੀ ਅਹੁਦੇ ਜਾਂ ਸਥਿਤੀ ਵਿਚ ਹੋਣ। ਡੇਵਿਡ ਦੇ ਇਸ ਪ੍ਰਸਤਾਵ ਦਾ ਤਿੰਨ ਹੋਰ ਸਾਂਸਦਾਂ ਵੱਲੋਂ ਵੀ ਸਮਰਥਨ ਕੀਤਾ ਗਿਆ।

ਸਾਂਸਦਾਂ ਤੋਂ ਇਲਾਵਾ ਅਮਰੀਕਾ ਦੀਆਂ ਕਈ ਪ੍ਰਮੁੱਖ ਸਿੱਖ ਜਥੇਬੰਦੀਆਂ ਵੱਲੋਂ ਵੀ ਇਸ ਮੰਗ ਦਾ ਜ਼ੋਰਦਾਰ ਸਮਰਥਨ ਕੀਤਾ ਗਿਆ, ਜਿਨ੍ਹਾਂ ਵਿਚ ਸਿੱਖ ਕੋਲੀਏਸ਼ਨ, ਅਮਰੀਕਨ ਗੁਰਦੁਆਰਾ ਮੈਨੇਜਮੈਂਟ ਕਮੇਟੀ, ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਅਤੇ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਨਾਂਅ ਸ਼ਾਮਲ ਹਨ। ਇਨ੍ਹਾਂ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਕਦਮ ਨਾ ਸਿਰਫ਼ ਇਨਸਾਫ਼ ਦੀ ਦਿਸ਼ਾ ਵਿਚ ਮਹੱਤਵਪੂਰਨ ਹੈ, ਬਲਕਿ 1984 ਦੀਆਂ ਘਟਨਾਵਾਂ ਵਿਚ ਮਾਰੇ ਗਏ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਯਾਦ ਵਿਚ ਇਕ ਜ਼ਰੂਰੀ ਸਨਮਾਨ ਵੀ ਹੋਵੇਗਾ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਜਦੋਂ ਅਮਰੀਕੀ ਸੰਸਦ ਵਿਚ ਇਸ ਤਰ੍ਹਾਂ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੋਵੇ। ਇਸ ਤੋਂ ਪਹਿਲਾਂ ਅਕਤੂਬਰ 2024 ਵਿਚ ਵੀ ਵਲਾਡਾਓ ਨੇ ਇਕ ਸਨਮਾਨ ਪ੍ਰਸਤਾਵ ਪੇਸ਼ ਕੀਤਾ ਸੀ, ਪਰ ਉਹ ਵੋਟਿੰਗ ਦੇ ਲਈ ਸਦਨ ਵਿਚ ਨਹੀਂ ਪਹੁੰਚ ਸਕਿਆ ਸੀ।

ਕਾਂਗਰਸਮੈਨ ਵਲਾਡਾਓ ਨੇ ਆਪਣੇ ਬਿਆਨ ਵਿਚ ਆਖਿਆ ਕਿ ਸਿੱਖ ਭਾਈਚਾਰੇ ਨੂੰ ਇਤਿਹਾਸ ਵਿਚ ਉਨ੍ਹਾਂ ਦੇ ਧਰਮ ਅਤੇ ਪਛਾਣ ਦੇ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। 1984 ਦੀ ਨਸਲਕੁਸ਼ੀ ਇਸ ਦਾ ਇਕ ਦਰਦਨਾਕ ਉਦਾਹਰਨ ਹੈ। ਉਨ੍ਹਾਂ ਕਿਹਾ ਕਿ ਅਸੀਂ ਇਹ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਅਜਿਹੀਆਂ ਘਟਨਾਵਾਂ ਨੂੰ ਕਦੇ ਭੁਲਾਇਆ ਨਾ ਜਾਵੇ ਅਤੇ ਸਾਰੇ ਦੋਸ਼ੀਆਂ ਨੂੰ ਸਜ਼ਾ ਮਿਲੇ। ਪ੍ਰਸਤਾਵ ਵਿਚ ਇਹ ਵੀ ਜ਼ਿਕਰ ਕੀਤਾ ਗਿਆ ਏ ਕਿ 1984 ਦੀ ਹਿੰਸਾ ਸਿਰਫ਼ ਇਕ ਭੀੜ ਦੀ ਪ੍ਰਤੀਕਿਰਿਆ ਨਹੀਂ ਸੀ, ਬਲਕਿ ਇਸ ਵਿਚ ਭਾਰਤ ਸਰਕਾਰ, ਰਾਜ ਸੰਸਥਾਵਾਂ ਅਤੇ ਕੁੱਝ ਸੰਸਦ ਮੈਂਬਰਾਂ ਦੀ ਮਿਲੀਭੁਗਤ ਦੇ ਸੰਕੇਤ ਮਿਲੇ ਸੀ। ਇਸ ਪ੍ਰਸਤਾਵ ਦਾ ਉਦੇਸ਼ ਇਨ੍ਹਾਂ ਘਟਨਾਵਾਂ ਦੀ ਕੌਮਾਂਤਰੀ ਪੱਧਰ 'ਤੇ ਇਤਿਹਾਸ ਅਤੇ ਨੈਤਿਕ ਜਵਾਬਦੇਹੀ ਤੈਅ ਕਰਨਾ ਹੈ।

ਕੈਲੀਫੋਰਨੀਆ ਦੇ ਸਾਂਸਦ ਜਿਮ ਕੋਸਟਾ ਨੇ ਆਖਿਆ ਕਿ 1984 ਸਿੱਖ ਨਸਲਕੁਸ਼ੀ ਦੀ 40ਵੀਂ ਬਰਸੀ 'ਤੇ ਅਸੀਂ ਉਸ ਭਿਆਨਕ ਅਧਿਆਏ ਨੂੰ ਯਾਦ ਕਰਦੇ ਹਾਂ ਜਿਸ ਨੇ ਅਣਗਿਣਤ ਸਿੱਖ ਪਰਿਵਾਰਾਂ ਨੂੰ ਡੂੰਘਾ ਦਰਦ ਦਿੱਤਾ। ਉਨ੍ਹਾਂ ਕਿਹਾ ਕਿ ਸੈਨ ਜੋਕਵਿਨ ਘਾਟੀ ਵਿਚ ਵਸੇ ਸਾਡੇ ਸਿੱਖ ਭਾਈਚਾਰੇ ਦੇ ਕਈ ਲੋਕਾਂ ਨੇ ਆਪਣੇ ਨੁਕਸਾਨ ਅਤੇ ਸਾਹਸ ਦੀਆਂ ਕਈ ਕਹਾਣੀਆਂ ਸਾਡੇ ਨਾਲ ਸਾਂਝੀਆਂ ਕੀਤੀਆਂ ਹਨ। ਇਹ ਪ੍ਰਸਤਾਵ ਸਿਰਫ਼ ਇਕ ਪ੍ਰਤੀਕ ਨਹੀਂ ਹੈ ਬਲਕਿ ਇਹ ਸਬੰਧਤ ਲੋਕਾਂ ਦੇ ਦਰਦ ਨੂੰ ਮਾਨਤਾ ਦੇਣ ਦਾ ਕਦਮ ਹੈ। ਦੱਸ ਦਈਏ ਕਿ ਅਮਰੀਕੀ ਸੰਸਦ ਵਿਚ ਪੇਸ਼ ਕੀਤੇ ਗਏ ਇਸ ਪ੍ਰਸਤਾਵ ਨੂੰ ਲੈ ਕੇ ਹਾਲੇ ਤੱਕ ਵਾਸ਼ਿੰਗਟਨ ਡੀਸੀ ਸਥਿਤ ਭਾਰਤੀ ਸ਼ਫਾਰਤਖ਼ਾਨੇ ਅਤੇ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਕੋਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਅਮਰੀਕਾ ਅਤੇ ਭਾਰਤ ਦੇ ਵਿਚਕਾਰ ਕੂਟਨੀਤਕ ਤਣਾਅ ਵਧ ਸਕਦਾ ਹੈ ਕਿਉਂਕਿ ਪਹਿਲਾਂ ਵੀ ਅਮਰੀਕੀ ਕਾਂਗਰਸ ਵੱਲੋਂ ਲਿਆਂਦੇ ਗਏ ਅਜਿਹੇ ਪ੍ਰਸਤਾਵਾਂ 'ਤੇ ਭਾਰਤ ਨੇ ਇਤਰਾਜ਼ ਜਤਾਇਆ ਸੀ।

# ਅਮਰੀਕਾ 'ਤੇ ਵਪਾਰਕ ਨਿਰਭਰਤਾ ਘਟਾਉਣ ਲਈ ਭਾਰਤ ਨਾਲ ਸਬੰਧ ਮਜ਼ਬੂਤ ਕਰਨ ਵੱਲ ਅੱਗੇ ਵਧ ਰਿਹਾ ਕੈਨੇਡਾ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਸ਼ਨੀਵਾਰ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਨੇ ਸੰਯੁਕਤ ਰਾਜ ਅਮਰੀਕਾ (US) 'ਤੇ ਵਪਾਰਕ ਨਿਰਭਰਤਾ ਘਟਾਉਣ ਦੀ ਵਿਆਪਕ ਕੋਸ਼ਿਸ਼ ਦੇ ਹਿੱਸੇ ਵਜੋਂ, ਭਾਰਤ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ 'ਤਰੱਕੀ' ਕੀਤੀ ਹੈ।

ਕਾਰਨੀ ਨੇ ਗਿਓਂਗਜੂ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਰਣਨੀਤੀ ਪਹਿਲਾਂ ਹੀ ਨਤੀਜੇ ਦਿਖਾ ਰਹੀ ਹੈ। ਉਨ੍ਹਾਂ ਦੀ ਸਰਕਾਰ ਦੀ ਪਹੁੰਚ ਦਾ ਟੀਚਾ ਘਰੇਲੂ ਅਰਥਵਿਵਸਥਾ ਨੂੰ ਮਜ਼ਬੂਤ ਕਰਨਾ ਹੈ ਜਦੋਂ ਕਿ ਵਿਦੇਸ਼ਾਂ ਵਿੱਚ ਭਾਈਵਾਲੀ ਬਣਾ ਕੇ ਅਮਰੀਕਾ 'ਤੇ ਨਿਰਭਰਤਾ ਘਟਾਉਣਾ ਹੈ। ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ, ਕੈਨੇਡਾ ਅਗਲੇ ਦਹਾਕੇ ਵਿੱਚ ਆਪਣੀਆਂ ਗੈਰ-ਅਮਰੀਕੀ ਬਰਾਮਦਾਂ ਨੂੰ ਦੁੱਗਣਾ ਕਰਨ ਲਈ ਇੰਡੋ-ਪੈਸੀਫਿਕ ਵਿੱਚ ਭਾਈਵਾਲਾਂ ਨਾਲ ਕੰਮ ਕਰਨ 'ਤੇ ਧਿਆਨ ਕੇਂਦ੍ਰਿਤ ਕਰ ਰਿਹਾ ਹੈ। ਵਪਾਰਕ ਸਬੰਧਾਂ ਵਿੱਚ ਵਿਭਿੰਨਤਾ ਲਿਆਉਣ ਦੀ ਕਾਰਨੀ ਦੀ ਕੋਸ਼ਿਸ਼, ਖਾਸ ਤੌਰ 'ਤੇ ਅਮਰੀਕਾ ਵੱਲੋਂ ਲਗਾਏ ਗਏ ਟੈਰਿਫਾਂ ਦੇ ਤਣਾਅ ਦੇ ਮੱਦੇਨਜ਼ਰ, ਭਾਰਤ ਵਰਗੇ ਵਧ ਰਹੇ ਬਾਜ਼ਾਰਾਂ ਵਿੱਚ ਮਹੱਤਵਪੂਰਨ ਮੌਕੇ ਦੇਖ ਰਹੀ ਹੈ। ਪਿਛਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਸਬੰਧ ਵਿਗੜਨ ਤੋਂ ਬਾਅਦ, ਕਾਰਨੀ ਨੇ ਇਸ ਸਾਲ ਮਾਰਚ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਭਾਰਤ ਨਾਲ ਰਿਸ਼ਤਿਆਂ ਵਿੱਚ 'ਹੌਲੀ-ਹੌਲੀ ਰੀਸੈਟ' ਦੀ ਅਗਵਾਈ ਕੀਤੀ ਹੈ।

ਹਾਲਾਂਕਿ, ਜੂਨ ਵਿੱਚ ਕਨਾਨਾਸਕਿਸ ਵਿੱਚ ਜੀ7 ਲੀਡਰਜ਼ ਸੰਮੇਲਨ ਦੇ ਮੌਕੇ 'ਤੇ ਕਾਰਨੀ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਕਾਰ ਮੁਲਾਕਾਤ ਤੋਂ ਬਾਅਦ ਸਬੰਧ ਸੁਧਰਨੇ ਸ਼ੁਰੂ ਹੋ ਗਏ, ਜਿਸ ਦੇ ਨਤੀਜੇ ਵਜੋਂ ਦੋਵਾਂ ਰਾਜਧਾਨੀਆਂ ਵਿੱਚ ਹਾਈ ਕਮਿਸ਼ਨਰਾਂ ਦੀ ਬਹਾਲੀ ਹੋਈ।

ਸਬੰਧਾਂ ਨੂੰ ਮੁੜ ਬਣਾਉਣ ਲਈ ਇੱਕ 'ਯੋਜਨਾਬੱਧ ਪਹੁੰਚ' ਦੀ ਪੁਸ਼ਟੀ ਹਾਲ ਹੀ ਦੇ ਉੱਚ-ਪੱਧਰੀ ਦੌਰਿਆਂ ਤੋਂ ਹੁੰਦੀ ਹੈ। ਇਨ੍ਹਾਂ ਵਿੱਚ ਵਿਦੇਸ਼ ਮੰਤਰੀ ਅਨੀਤਾ ਆਨੰਦ ਦਾ ਅਕਤੂਬਰ ਵਿੱਚ ਭਾਰਤ ਦੌਰਾ ਅਤੇ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਦੀ ਕੈਨੇਡਾ ਦੇ ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਨਾਲ ਗੱਲਬਾਤ ਸ਼ਾਮਲ ਹੈ। ਭਾਰਤ ਨੇ ਪ੍ਰਧਾਨ ਮੰਤਰੀ ਕਾਰਨੀ ਨੂੰ ਅਗਲੇ ਸਾਲ ਫਰਵਰੀ ਵਿੱਚ ਨਵੀਂ ਦਿੱਲੀ ਵਿੱਚ ਹੋਣ ਵਾਲੇ 19 ਪ੍ਰਭਾਵ ਸੰਮੇਲਨ (AI Impact Summit) ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਹੈ।


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਕਾਲੀ ਔਰਤ ਦੀ ਹੱਤਿਆ ਦੇ ਮਾਮਲੇ ਵਿੱਚ ਪੁਲਿਸ ਅਫਸਰ ਦੋਸ਼ੀ ਕਰਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਲੀਨੋਇਸ ਵਿੱਚ 6 ਜੁਲਾਈ 2024 ਨੂੰ ਵਾਪਰੀ ਇਕ ਘਟਨਾ ਦੇ ਮਾਮਲੇ ਜਿਸ ਵਿੱਚ ਸੋਨਿਆ ਮੈਸੀ ਨਾਮੀ ਇਕ ਕਾਲੀ ਔਰਤ ਇੱਕ ਪੁਲਿਸ ਅਫਸਰ ਦੁਆਰਾ ਚਲਾਈ ਗੋਲੀ ਨਾਲ ਮਾਰੀ ਗਈ ਸੀ, ਦੇ ਮਾਮਲੇ ਵਿੱਚ ਜਿਊਰੀ ਨੇ ਪੁਲਿਸ ਅਫਸਰ ਨੂੰ ਦੋਸ਼ੀ ਕਰਾਰ ਦਿੱਤਾ ਹੈ। ਔਰਤ ਨੇ ਘਰ ਵਿੱਚ ਘੁਸਪੈਠੀਆ ਹੋਣ ਦੇ ਸ਼ੱਕ ਕਾਰਨ ਖੁਦ ਹੀ ਪੁਲਿਸ ਸੱਦੀ ਸੀ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਸੀਨ ਗਰੇਸਨ ਨਾਮੀ ਪੁਲਿਸ ਅਫਸਰ ਨੇ ਸਟੋਵ ਤੋਂ ਗਰਮ ਪਾਣੀ ਦਾ ਪਤੀਲਾ ਲਾਹ ਰਹੀ ਔਰਤ ਨੂੰ ਘੁਸਪੈਠੀਆ ਸਮਝ ਕੇ ਗੋਲੀ ਮਾਰ ਦਿੱਤੀ। ਜਿਊਰੀ ਨੇ ਦੂਸਰਾ ਦਰਜਾ ਹੱਤਿਆ ਦੇ ਦੋਸ਼ਾਂ ਤਹਿਤ ਸੀਨ ਗਰੇਸਨ ਨੂੰ ਦੋਸ਼ੀ ਕਰਾਰ ਦਿੱਤਾ।



ਉਸ ਨੂੰ 20 ਸਾਲ ਤੱਕ ਸਜ਼ਾ ਹੋ ਸਕਦੀ ਹੈ ਜਾਂ ਪ੍ਰੋਬੇਸ਼ਨ 'ਤੇ ਰਿਹਾਈ ਵੀ ਸੰਭਵ ਹੈ। ਮਾਮਲੇ ਦੀ ਸੁਣਾਵਾਈ 7 ਦਿਨ ਚੱਲੀ। ਵਕੀਲਾਂ ਦਾ ਕਹਿਣਾ ਹੈ ਕਿ ਉਨਾਂ ਦਾ ਵਿਸ਼ਵਾਸ਼ ਹੈ ਕਿ ਗਰੇਸਨ ਵਿਰੁੱਧ ਪਹਿਲਾ ਦਰਜਾ ਹੱਤਿਆ ਦੇ ਦੋਸ਼ਾਂ ਤਹਿਤ ਸਜ਼ਾ ਸੁਣਾਈ ਜਾਣੀ ਚਾਹੀਦੀ ਸੀ। ਦੂਸਰਾ ਦਰਜਾ ਹੱਤਿਆ ਤਹਿਤ ਸੁਣਾਈ ਸਜ਼ਾ ਸੋਨਿਆ ਮੈਸੀ ਨਾਲ ਇਨਸਾਫ ਨਹੀਂ ਹੈ।

# ਜਬਰ ਜ਼ਨਾਹ ਤੇ ਹੱਤਿਆ ਦੇ ਮਾਮਲੇ 'ਚ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਫਲੋਰਿਡਾ ਦੇ ਇੱਕ ਵਿਅਕਤੀ ਜਿਸ ਨੂੰ ਆਪਣੀ ਗਵਾਂਢਣ ਨਾਲ ਜਬਰ ਜ਼ਨਾਹ ਕਰਨ ਉਪਰੰਤ ਹੱਤਿਆ ਕਰਨ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਹੋਈ ਸੀ, ਨੂੰ ਅੱਜ ਜ਼ਹਿਰ ਦਾ ਟੀਕਾ ਲਾ ਦਿੱਤਾ ਗਿਆ ਜਿਸ ਦੇ ਕੁਝ ਮਿੰਟਾਂ ਬਾਅਦ ਉਸ ਦੀ ਮੌਤ ਹੋ ਗਈ। ਰਿਪਬਲੀਕਨ ਗਵਰਨਰ ਰੋਨ ਡੇਸੈਂਟਿਸ ਦੇ ਦਫਤਰ ਅਨੁਸਾਰ ਨਾਰਮੈਨ ਮੀਅਰਲ ਗ੍ਰਿਮ ਜੂਨੀਅਰ ਨੂੰ ਫਲੋਰਿਡਾ ਸਟੇਟ ਜੇਲ ਵਿੱਚ ਮੌਤ ਦਿੱਤੀ ਗਈ। ਉਸ ਨੂੰ ਸ਼ਾਮ 6.15 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਅਦਾਲਤੀ ਰਿਕਾਰਡ ਅਨੁਸਾਰ ਗ੍ਰਿਮ ਨੇ ਸਿੰਥੀਆ ਕੈਂਪਬੈਲ ਨਾਮੀ ਔਰਤ ਦੀ ਬੁਰੀ ਤਰਾਂ ਹੱਤਿਆ ਕਰ ਦਿੱਤੀ ਸੀ। ਜੁਲਾਈ 1998 ਵਿੱਚ ਸਿੰਥੀਆ ਲਾਪਤਾ ਹੋ ਗਈ ਸੀ।



ਬਾਅਦ ਵਿੱਚ ਉਸ ਦੀ ਲਾਸ਼ ਪੈਨਸਾਕੋਲਾ ਬੇਅ ਬਰਿਜ ਨੇੜੇ ਪਾਣੀ ਵਿਚੋਂ ਮਿਲੀ ਸੀ। ਉਸ ਦੇ ਚੇਹਰੇ ਤੇ ਸਿਰ ਵਿੱਚ ਡੂੰਘੀਆਂ ਸੱਟਾਂ ਮਾਰੀਆਂ ਗਈਆਂ ਸਨ। ਉਸ ਉਪਰ ਹਥੌੜੇ ਨਾਲ ਵਾਰ ਕੀਤਾ ਗਿਆ ਸੀ। ਪੋਸਟ ਮਾਰਟਮ ਰਿਪੋਰਟ ਅਨੁਸਾਰ ਉਸ ਦੀ ਛਾਤੀ 'ਤੇ 11 ਚਾਕੂਆਂ ਦੇ ਜਖਮ ਸਨ ਜਿਨਾਂ ਵਿਚੋਂ 7 ਜਖਮ ਇਕੱਲੇ ਦਿੱਲ ਉਪਰ ਪਾਏ ਗਏ ਸਨ। ਹੋਰ ਸਬੂਤਾਂ ਤੋਂ ਇਲਾਵਾ ਗ੍ਰਿਮ ਨੂੰ ਡੀ ਐਨ ਏ ਟੈਸਟ ਵਿੱਚ ਵੀ ਦੋਸ਼ੀ ਪਾਇਆ ਗਿਆ ਸੀ।

# ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਕੱਢੇ ਗਏ ਨਗਰ ਕੀਰਤਨ 'ਤੇ ਛਾਇਆ ਖਾਲਸਾਈ ਰੰਗ






ਫਰਿਜ਼ਨੋ, ਕੈਲੀਫੋਰਨੀਆ (ਗੁਰਿੰਦਰਜੀਤ ਨੀਟਾ ਮਾਛੀਕੇ) : ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ, ਜਿਹੜਾ ਕਿ ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਸੇਵਾਵਾਂ ਦੇ ਰਿਹਾ ਹੈ, ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖ ਕੇ ਸਾਲਾਨਾ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਰੰਗ-ਬਿਰੰਗੇ ਦੁਪੱਟਿਆਂ ਤੇ ਦਸਤਾਰਾਂ ਨਾਲ ਇੱਕ ਤਰ੍ਹਾਂ ਦਾ ਪੂਰਾ ਫਰਿਜ਼ਨੋ ਸ਼ਹਿਰ ਹੀ ਖਾਲਸਾਈ ਰੰਗ ਵਿੱਚ ਰੰਗਿਆ ਪ੍ਰਤੀਤ ਹੋਇਆ। ਗੁਰੂ ਘਰ ਅੰਦਰ ਬਾਣੀ ਦੇ ਪ੍ਰਵਾਹ ਚੱਲ ਰਹੇ ਸਨ। ਇਸ ਮੌਕੇ ਲੱਗੇ ਤਰ੍ਹਾਂ-ਤਰ੍ਹਾਂ ਦੇ ਲੰਗਰ ਅਤੇ ਸਟਾਲ ਕਿਸੇ ਪੰਜਾਬ ਦੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੇ ਸਨ। ਵੱਖੋ-ਵੱਖ ਝਾਕੀਆਂ ਨਾਲ ਸਜਾਏ ਫਲੋਟ ਸਿੱਖ ਇਤਿਹਾਸ ਨੂੰ ਆਪਣੇ ਤਰੀਕੇ ਨਾਲ ਦਰਸਾਉਂਦੇ ਨਗਰ ਕੀਰਤਨ ਵਿੱਚ ਵੱਖਰਾ ਰੰਗ ਬਿਖੇਰ ਰਹੇ ਸਨ। ਇਸ ਮੌਕੇ ਬਹੁਤ ਸਾਰੇ ਢਾਡੀ ਜੱਥੇ, ਕੀਰਤਨੀਏ ਜੱਥੇ, ਕਥਾਵਾਚਕ ਅਤੇ ਬੁਲਾਰੇ ਵੀ ਫਲੋਟਾਂ ਤੋਂ ਹਾਜ਼ਰੀ ਲਵਾ ਰਹੇ ਸਨ। ਨਗਰ ਕੀਰਤਨ ਪੈਂਡਾ ਤਹਿ ਕਰਦਾ ਫਾਊਲਰ ਸ਼ਹਿਰ ਦੇ ਪਾਰਕ ਵਿੱਚ ਪਹੁੰਚਿਆ। ਇਸ ਪੜਾਅ ਦੌਰਾਨ ਗੁਰੂਘਰ ਦੇ ਸੇਵਾਦਾਰ ਭਾਈ ਜਗਰੂਪ ਸਿੰਘ ਨੇ ਜਿੱਥੇ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ, ਉਥੇ ਉਹਨਾਂ ਟਰੱਕਿੰਗ ਨਾਲ ਸਬੰਧਿਤ ਸਮੱਸਿਆਵਾਂ, ਜਿਵੇਂ ਐਕਸੀਡੈਂਟਾਂ ਤੇ ਲੋਡ ਚੋਰੀ ਵਿੱਚ ਆ ਰਹੇ ਪੰਜਾਬੀ ਨਾਵਾਂ 'ਤੇ ਵੀ ਚਿੰਤਾ ਪ੍ਰਗਟਾਈ ਅਤੇ ਉਹਨਾਂ ਕਿਹਾ ਕਿ ਸਾਨੂੰ ਗੁਰੂ ਘਰਾਂ ਅੰਦਰ ਮੀਟਿੰਗਾਂ ਕਰਕੇ ਇਹਨਾਂ ਟਰੱਕਿੰਗ ਨਾਲ ਸਬੰਧਿਤ ਮੁੱਦਿਆਂ 'ਤੇ ਵਿਚਾਰ ਕਰਨੀ ਚਾਹੀਦੀ ਹੈ। ਇਸ ਮੌਕੇ ਮੀਡੀਏ ਵਿੱਚ ਸੇਵਾਵਾਂ ਦੇਣ ਬਦਲੇ ਟੀਵੀ ਹੋਸਟ ਜੋਤ ਰਣਜੀਤ ਕੌਰ ਦਾ ਸਟੇਜ ਤੋਂ ਸ਼ੀਲਡ ਨਾਲ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਜੋਤ ਰਣਜੀਤ ਕੌਰ ਨੇ ਸਟੇਜ ਤੋਂ ਸੰਗਤ ਨੂੰ ਗੁਰੂ ਪਾਤਸ਼ਾਹ ਦੇ ਆਗਮਨ ਪੁਰਬ ਦੀ ਵਧਾਈ ਦਿੱਤੀ ਅਤੇ ਗੁਰੂ ਘਰ ਦੀ ਕਮੇਟੀ ਦਾ ਮਾਣ-ਸਨਮਾਨ ਦੇਣ ਲਈ ਧੰਨਵਾਦ ਕੀਤਾ। ਅਖੀਰ ਅਮਿੱਟ ਯਾਦਾਂ ਛੱਡਦਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿੱਬੜਿਆ।

## ਅਮਰੀਕਾ ਦੇ ਸਾਬਕਾ ਉਪ-ਰਾਸ਼ਟਰਪਤੀ ਡਿਕ ਚੇਨੀ ਦਾ ਦਿਹਾਂਤ, 84 ਸਾਲ ਦੀ ਉਮਰ 'ਚ ਲਿਆ ਆਖ਼ਰੀ ਸਾਹ

ਅਮਰੀਕੀ ਇਤਿਹਾਸ ਦੇ ਸਭ ਤੋਂ ਪ੍ਰਭਾਵਸ਼ਾਲੀ ਅਤੇ ਵਿਵਾਦਪੂਰਨ ਉਪ-ਰਾਸ਼ਟਰਪਤੀਆਂ ਵਿਚੋਂ ਇਕ ਮੰਨੇ ਜਾਂਦੇ ਡਿਕ ਚੇਨੀ ਦਾ 84 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਹੈ। ਉਹ ਇਰਾਕ 'ਤੇ ਹਮਲੇ ਦੇ ਇਕ ਮੁੱਖ ਸਮਰਥਕ ਸਨ। ਚੇਨੀ ਦੇ ਪਰਿਵਾਰ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਦਾ ਸੋਮਵਾਰ ਰਾਤ ਦਿਹਾਂਤ ਹੋ ਗਿਆ। ਉਹ ਨਮੂਨੀਆ ਤੇ ਦਿਲ ਅਤੇ ਖ਼ੂਨ ਦੀਆਂ ਬਿਮਾਰੀਆਂ ਨਾਲ ਜੂਝ ਰਹੇ ਸਨ। ਬਿਆਨ ਵਿਚ ਕਿਹਾ ਗਿਆ ਹੈ ਕਿ ਦਹਾਕਿਆਂ ਤੱਕ ਡਿਕ ਚੇਨੀ ਨੇ ਸਾਡੇ ਦੇਸ਼ ਦੀ ਸੇਵਾ ਕੀਤੀ। ਉਨ੍ਹਾਂ ਨੇ ਵ੍ਹਾਈਟ ਹਾਊਸ ਦੇ ਚੀਫ਼ ਆਫ਼ ਸਟਾਫ਼, ਵਾਇਓਮਿੰਗ ਤੋਂ ਕਾਂਗਰਸਮੈਨ, ਰੱਖਿਆ ਸਕੱਤਰ ਅਤੇ ਉਪ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ।




ਪੰਜਾਬੀਆਂ ਦੀ ਮਾਣਮੱਤੀ ਇੰਡਸਟਰੀ ਟਰੱਕ ਡਿਸਪੈਚ ਟ੍ਰੇਨਿੰਗ









Truck Dispatch Training
Manage Dot Compliance
PUNJABI / HINDI / ENGLISH

- Truck Finance
- Truck Insurance
- Full Dot Compliance
- Setup Factoring Company
- Load Boards (DAT, AMAZON)
- Booking & Negotiate Pricing
- Invoices, Manage Paperwork
- Load Bookings
- Broker & Load Boards
- Rate Negotiation Skills
- Fleet Management Software
- Setup Your Factoring Company
- Dot Audit Support
- Same Day INC/ CORP
- State Permits and IFTA
- IRP Apportioned Plates
- Open Your Trucking Company

Scan This Code for Joining Truck Dispatch Training

WHAT WE WILL PROVIDE
250+ Broker List
350+ Carrier List
27000+ Direct Shipper List
amazon relay
DAT One

SMART PATH
Become Dispatcher Onling or In-Person Training In Punjabi

ਤੁਸੀਂ ਟਰੱਕ ਡਿਸਪੈਚ ਪੰਜਾਬੀ ਵਿੱਚ ਸਿੱਖ ਸਕਦੇ ਹੋ
ਵਧੇਰੇ ਜਾਣਕਾਰੀ ਲਈ ਸਾਨੂੰ ਅੱਜ ਹੀ ਕਾਲ ਕਰੋ
209-310-0333

Learn, Practice, Gain Your Skills
www.smartpathca.com
Learn Online From Home


ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਸਿੱਖ ਦਾ ਜਨਮ ਸਤਿਗੁਰੂ ਜੀ ਨੇ ਗ੍ਰਹਿ ਹੋਣ ਕਰਕੇ ਉਸਦਾ ਆਵਾਗਉਣ ਦੀ ਭਟਕਣ ਅਤੇ ਜਨਮ ਮਰਨ ਦਾ ਗੇੜ ਸਮਾਪਤ ਹੋ ਗਿਆ ਹੈ। ਹੁਣ ਸਾਰੇ ਹੀ ਅੰਮ੍ਰਿਤਧਾਰੀ ਧਾਰਮਿਕ ਤੌਰ 'ਤੇ ਉਸਦੇ ਗੁਰ ਭਾਈ ਹਨ ਅਤੇ ਉਹ ਸਤਿਗੁਰੂ ਜੀ ਦੇ ਵੱਡੇ ਪਰਿਵਾਰ ਦਾ ਹਿੱਸਾ ਬਣ ਗਿਆ ਹੈ।

ਇਸ ਦੇ ਨਾਲ ਹੀ ਇਹ ਵੀ ਦ੍ਰਿੜ੍ਹ ਕੀਤਾ ਗਿਆ ਹੈ ਕਿ ਉਸ ਦਾ ਜਨਮ ਕੇਸਗੜ੍ਹ ਸਾਹਿਬ ਦਾ ਅਤੇ ਉਹ ਵਾਸੀ ਅਨੰਦਪੁਰ ਸਾਹਿਬ ਦਾ ਹੈ। ਇਹ ਦ੍ਰਿੜ੍ਹ ਕਰਾਉਣ ਦਾ ਮਕਸਦ ਉਸ ਨੂੰ ਆਪਣਾ ਜਨਮ ਸਥਾਨ 'ਤੇ ਪੱਕੇ ਨਿਵਾਸ ਸਥਾਨ ਨੂੰ ਹਮੇਸ਼ਾ ਚੇਤੇ ਰੱਖਣ ਦੀ ਲੋੜ ਹੈ। ਜੇ ਵੇਖਿਆ ਜਾਏ ਤਾਂ ਕਿਤਨੇ ਸਿੰਘ ਹਨ ਜਿਨ੍ਹਾਂ ਦੇ ਮਨ ਵਿਚ ਆਪਣੀ 'ਵਾਸੀ' ਸ੍ਰੀ ਅਨੰਦਪੁਰ ਸਾਹਿਬ ਅੰਕਤ ਹੈ।

ਅੰਗਰੇਜ਼ਾਂ ਨੇ ਸਾਰੇ ਸੰਸਾਰ 'ਤੇ ਰਾਜ ਕੀਤਾ ਹੈ। ਪਰ ਕਿਤਨੀ ਹੈਰਾਨੀ ਹੈ ਕਿ ਆਪਣੀ ਨੌਕਰੀ ਆਦਿ ਤੋਂ ਫ਼ਾਰਗ ਹੋ ਕੇ ਅਖ਼ੀਰ ਉਨ੍ਹਾਂ ਨੇ ਆਪਣੀ ਪੱਕੀ ਰਿਹਾਇਸ਼ ਵਿਲਾਇਤ ਵਿਚ ਹੀ ਰੱਖੀ ਹੈ। ਉਨ੍ਹਾਂ ਨੇ ਆਪਣੇ ਜੀਵਨ ਵਤਨ ਨੂੰ ਨਹੀਂ ਵਿਸਾਰਿਆ। ਉਰਦੂ ਦੇ ਮਸ਼ਹੂਰ ਸ਼ਾਇਦ ਅਕਬਰ ਅਲਾਹਾਬਾਦੀ ਜੋ ਕਿ ਇਕ ਜੱਜ ਸੀ, ਉਸਨੇ ਬਹੁਤ ਖੂਬ ਲਿਖਿਆ ਹੈ ਕਿ ਮੈਂ ਆਪਣੇ ਇਕ ਅੰਗਰੇਜ਼ ਜੱਜ ਮਿੱਤਰ ਨੂੰ ਮਸ਼ਵਰਾ ਦਿੱਤਾ ਕਿ ਨੌਕਰੀ ਤੋਂ ਫ਼ਾਰਗ ਹੋ ਇਥੇ ਹੀ ਵੱਸ ਜਾਏ।

ਫ਼ਿਰੰਗੀ ਸੇ ਕਹਾ,
ਪੇਂਸ਼ਨ ਭੀ ਲੇ ਕਰ ਬਸ ਯਹਾਂ ਰਹੀਏ।
ਕਹਾ ਜੀਨੇ ਕੋ ਆਏ ਹੈਂ,
ਯਹਾਂ ਮਰਨੇ ਨਹੀਂ ਆਏ।
(ਅਕਬਰ ਅਲ੍ਹਾਬਾਦੀ)

ਗੁਰੂ ਅਤੇ ਸਿੱਖੀ ਨਾਲ ਨਾਤਾ ਜੋੜੀ ਰੱਖਣ ਲਈ ਅਨੰਦਪੁਰ ਸਾਹਿਬ ਅਤੇ ਅਨੰਦਪੁਰ ਸੋਚ ਨਾਲ ਨਾਤਾ ਪੀਢਾ ਕਰਨ ਅਤੇ ਬਣਾਈ ਰੱਖਣ ਦੀ ਲੋੜ ਹੈ।

(ਟ) ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦੱਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ ਦਾਤਾ ਨਹੀਂ ਮੰਨਣਾ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੩੦)

'ਇਕ ਅਕਾਲ ਪੁਰਖ ਤੋਂ ਛੋਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਾਨਾ ਨਹੀਂ ਕਰਨੀ।' ਉਸਤਤਿ ਅਤੇ ਉਪਾਸ਼ਨਾ ਵਿਚ ਅੰਤਰ ਹੈ। ਸਿੱਖ ਲਈ ਸਖ਼ਤ ਤਾੜਨਾ ਹੈ ਕਿ ਉਸ ਨੇ ਉਪਾਸ਼ਨਾ, ਪੂਜਾ ਕੇਵਲ ਅਤੇ ਕੇਵਲ ਇਕ ਅਕਾਲ ਪੁਰਖ ਦੀ ਹੀ ਕਰਨੀ ਹੈ। ਬਾਕੀ ਦੇਵੀ, ਦੇਵਤੇ, ਪੀਰ, ਪੈਗੰਬਰ (ਪੈਗਾਮ+ਬਰ ਹਿਲਾਹੀ ਪੈਗਾਮ ਲਿਆਉਣ ਵਾਲਾ), ਅਵਤਾਰ, ਔਲੀਏ ਸਭ ਰੱਬ ਦੇ ਹੁਕਮ ਵਿਚ ਆਏ ਅਤੇ ਚਲੇ ਗਏ। ਉਨ੍ਹਾਂ ਦੀ ਉਸਤਤਿ ਅਤੇ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਪਰ ਉਪਾਸ਼ਨਾ, ਪੂਜਾ, ਬੰਦਗੀ ਕੇਵਲ ਇਕ ਅਕਾਲ ਪੁਰਖ ਦੀ ਹੀ ਕੀਤੀ ਜਾ ਸਕਤੀ ਹੈ।

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ
ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ




ਬੂਡਹਿ ਤੇਹ ॥੬॥
(ਸੋਰਠਿ ਮ: ੧, ਅੰਗ ੬੩੭)

ਸਾਹਿਬ ਸ੍ਰੀ ਗੁਰੂ ਗ੍ਰੰਥ ਵਿਚ ਇਸ ਦੀ ਵਿਆਖਿਆ ਕੀਤੀ ਗਈ ਹੈ,

ਭੈਰਉ ਭੂਤ ਸੀਤਲਾ ਧਾਵੈ ॥
ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥
ਆਨ ਦੇਵ ਬਦਲਾਵਨਿ ਦੈਹਉ ॥੧॥
ਰਹਾਉ ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
ਬਰਦ ਚੜੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥
ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥
ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥
ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥
(ਗੋਂਡ ਭਗਤ ਨਾਮਦੇਵ, ਅੰਗ ੮੭੪)

ਦੇਵਤੇ ਅਤੇ ਦੈਂਤ ਦੋਵੇਂ ਹੀ ਜੂਨਾਂ ਵਿਚ ਹਨ। ਇਨ੍ਹਾਂ ਦੋਹਾਂ ਦੇ ਆਪਸੀ ਯੁੱਧਾਂ ਦਾ ਵਰਣਨ ਪੌਰਾਣਿਕ ਗ੍ਰੰਥਾਂ ਵਿਚ ਹੈ ਪਰ ਪੂਜਣਯੋਗ ਵਾਹਿਗੁਰੂ ਇਨ੍ਹਾਂ ਦੋਹਾਂ ਦੇ ਉਪਰ ਹੈ।

ਜੈਸੇ ਜੂਨਿ ਇਕ ਦੈਤ ਬਖਨਿਯਤ ॥
ਤਯੋ ਇਕ ਜੂਨਿ ਦੇਵਤਾ ਜਨਿਯਤ ॥
ਜੈਸੇ ਹਿੰਦੂਆ ਨੋ ਤੁਰਕਾਨਾ ॥
ਸਨਹਿਨ ਸੀਸ ਕਾਲ ਜਰਵਾਨਾ ॥੧੦੩॥
ਕਬਹੂੰ ਦੈਤ ਦੇਵਤਨ ਮਾਰੈਂ ॥
ਕਬਹੂੰ ਦੈਤਨ ਦੇਵ ਸੰਘਾਰੈਂ ॥
ਦੇਵ ਦੈਤ ਜਿਨ ਦੋਊ ਸੰਘਾਰਾ ॥
ਵਹੈ ਪੁਰਖ ਪ੍ਰਤਿਪਾਲ ਹਮਾਰਾ ॥੧੦੪॥

ਸਿੱਖ ਰਹਿਤ ਰਹਿਤ ਮਰਸਾਦਾ ਦੇ ਅਰੰਭ ਵਿਚ ਸਿੱਖ ਦੀ ਤਾਰੀਫ਼ ਜਾਂ ਪਰਿਭਾਸ਼ਾ ਵਿਚ ਹੀ ਨਿਸਚਿਤ ਕੀਤਾ ਗਿਆ ਹੈ ਕਿ ਸਿੱਖ ਨੇ 'ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ' ਤੇ ਨਿਸਚਾ ਰੱਖਣਾ ਹੈ। ਇਸ ਮੱਦ ਨੂੰ ਹੀ ਇਥੇ ਦ੍ਰਿੜ੍ਹ ਕੀਤਾ ਗਿਆ ਹੈ ਕਿ ਦਸੋਂ ਗੁਰੂ ਸਾਹਿਬਾਨ ਨੂੰ ਤੇ ਉਨ੍ਹਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣੀ ਮੁਕਤੀ ਦਾਤਾ ਨਹੀਂ ਮੰਨਣਾ।

(ਚਲਦਾ)

# ਦਿੱਲੀ 'ਚ 1984 ਸਿੱਖ ਕਤਲੇਆਮ ਦੀ ਯਾਦਗਾਰ ਬਣਾਉਣ ਦੀ ਮੰਗ

## ਰਾਹਤ ਕਮੇਟੀ-1984 ਨੇ ਪ੍ਰਧਾਨ ਮੰਤਰੀ ਦੇ ਦਫ਼ਤਰ ਨੂੰ ਸੌਂਪਿਆ ਮੰਗ ਪੱਤਰ

ਨਵੀਂ ਦਿੱਲੀ : ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ-1984 ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਫ਼ਤਰ ਵਿਖੇ ਇਕ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਗਈ ਹੈ ਕਿ ਦਿੱਲੀ ਵਿਚ ਕਿਸੇ ਢੁਕਵੀਂ ਥਾਂ 'ਤੇ 1984 ਸਿੱਖ ਕਤਲੇਆਮ ਦੀ ਯਾਦਗਾਰ ਬਣਾਈ ਜਾਵੇ। ਸੰਸਥਾ ਦੇ ਪ੍ਰਧਾਨ ਕੁਲਦੀਪ ਸਿੰਘ ਭੋਗਲ ਅਤੇ ਸਕੱਤਰ ਜਨਰਲ ਰਵਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦਫ਼ਤਰ ਵਿਖੇ ਸੌਂਪੇ ਮੰਗ ਪੱਤਰ ਵਿਚ ਦੱਸਿਆ ਗਿਆ ਹੈ ਕਿ ਜਦੋਂ ਪਿਛੋਕੜ ਵਿਚ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਜਦੋਂ ਕੇਂਦਰ ਵਿਚ ਭਾਜਪਾ ਦੀ ਪੂਰਨ ਬਹੁਮਤ ਵਾਲੀ ਸਰਕਾਰ ਆਏਗੀ ਤਾਂ ਸਿੱਖ ਕੌਮ ਨੂੰ 1984 ਕਤਲੇਆਮ ਦਾ ਇਨਸਾਫ਼ ਦਿਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੇ ਕਾਰਜਕਾਲ ਦੌਰਾਨ ਸੱਜਣ ਕੁਮਾਰ ਤੇ ਹੋਰਨਾਂ ਦੋਸ਼ੀਆਂ ਨੂੰ ਸਲਾਖ਼ਾਂ ਪਿੱਛੇ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਹੁਣ ਜਦੋਂ ਦਿੱਲੀ ਵਿਚ ਵੀ ਰੇਖਾ ਗੁਪਤਾ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਣੀ ਹੈ ਤਾਂ ਸਿੱਖ ਭਾਈਚਾਰੇ ਦੀ ਮੰਗ ਹੈ ਕਿ ਦਿੱਲੀ ਵਿਚ ਕਿਸੇ ਢੁਕਵੀਂ ਥਾਂ



'ਤੇ 1984 ਸਿੱਖ ਕਤਲੇਆਮ ਦੀ ਯਾਦ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਸਾਡੇ ਵਲੋਂ ਇਸ ਬਾਬਤ ਮੁੱਖ ਮੰਤਰੀ, ਉਪ ਰਾਜਪਾਲ ਨੂੰ ਪੱਤਰ ਵੀ ਭੇਜੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹੀ ਮੰਗ ਪੱਤਰ ਦਿੱਲੀ ਦੇ ਕੈਬਨਿਟ ਮੰਤਰੀਆਂ ਅਤੇ ਭਾਜਪਾ ਦੇ ਵਿਧਾਇਕਾਂ ਨੂੰ ਵੀ ਭੇਜਿਆ ਗਿਆ ਪਰ ਇਕ ਸਿੱਖ ਮੰਤਰੀ ਸਮੇਤ 2 ਮੰਤਰੀਆਂ ਵਲੋਂ ਇਸ ਬਾਰੇ ਕੋਈ ਜਵਾਬ ਨਹੀਂ ਆਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਵਲੋਂ ਮਿਲਣ ਲਈ ਸਮਾਂ ਵੀ ਨਹੀਂ ਦਿੱਤਾ ਜਾ ਰਿਹਾ। ਭੋਗਲ ਤੇ ਖੁਰਾਣਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਦਖ਼ਲ ਦੇ ਕੇ ਫ਼ੌਰਨ ਦਿੱਲੀ ਵਿਚ ਸਿੱਖ ਕਤਲੇਆਮ ਦੀ ਯਾਦਗਾਰ ਬਣਾਉਣ ਦੇ ਨਿਰਦੇਸ਼ ਦਿੱਤੇ ਜਾਣ।

# ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਕੌਮੀ ਸ਼ਹੀਦ ਭਾਈ ਬੇਅੰਤ ਸਿੰਘ ਦੀ ਬਰਸੀ ਉਤਸ਼ਾਹ ਨਾਲ ਮਨਾਈ

ਅੰਮ੍ਰਿਸਰ : ਸ੍ਰੀ ਦਰਬਾਰ ਸਾਹਿਬ ਵਿਖੇ ਜੂਨ 1984 'ਚ ਹੋਏ ਫ਼ੌਜੀ ਹਮਲੇ ਤੋਂ ਕੁਝ ਮਹੀਨੇ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸੁਰੱਖਿਆ ਬਲਾਂ ਵਲੋਂ ਸ਼ਹੀਦ ਕੀਤੇ ਗਏ ਕੌਮੀ ਸ਼ਹੀਦ ਭਾਈ ਬੇਅੰਤ ਸਿੰਘ ਦੀ 41ਵੀਂ ਬਰਸੀ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਮਨਾਈ ਗਈ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਗੁਰਦੇਵ ਸਿੰਘ ਖ਼ਾਲਸਾ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਗਾਇਣ ਕੀਤਾ। ਅਰਦਾਸ ਤੇ ਹੁਕਮਨਾਮੇ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮੇਂ ਦੀ ਭਾਰਤੀ ਹਕੂਮਤ ਵਲੋਂ 1984 ਵਿਚ ਸਿੱਖ ਕੌਮ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ 'ਤੇ ਕੀਤੇ ਹਮਲੇ ਨੂੰ ਸਿੱਖ ਕੌਮ ਕਦੀ ਭੁਲਾ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਮਗਰੋਂ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਨ ਵਾਲੇ ਸ਼ਹੀਦ ਭਾਈ ਬੇਅੰਤ ਸਿੰਘ,



ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕੇਹਰ ਸਿੰਘ ਦਾ ਸਿੱਖ ਕੌਮ ਅੰਦਰ ਬੇਹੱਦ ਸਤਿਕਾਰ ਹੈ ਅਤੇ ਹਮੇਸ਼ਾਂ ਰਹੇਗਾ। ਇਸੇ ਦੌਰਾਨ ਸਿੰਘ ਸਾਹਿਬ ਵਲੋਂ ਸ਼ਹੀਦ ਭਾਈ ਬੇਅੰਤ ਸਿੰਘ ਦੇ ਫਰਜ਼ੰਦ ਤੇ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖ਼ਾਲਸਾ ਸਮੇਤ ਹੋਰ ਸ਼ਹੀਦ ਸਿੰਘਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਦਿੱਤਾ ਗਿਆ। ਬਾਅਦ ਵਿਚ ਗੱਲਬਾਤ ਕਰਦਿਆਂ ਭਾਈ ਸਰਬਜੀਤ ਸਿੰਘ ਖ਼ਾਲਸਾ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਸਰਕਾਰ ਸਿੱਖਾਂ ਨਾਲ ਸ਼ੁਰੂ ਤੋਂ ਹੀ ਵਿਤਕਰਾ ਕਰਦੀ ਆਈ ਹੈ ਅਤੇ ਵਾਅਦਿਆਂ ਤੋਂ ਮੁਕਰਦੀ ਆਈ ਹੈ, ਇਸ ਲਈ ਸਿੱਖਾਂ ਨੂੰ ਹੁਣ ਸਰਕਾਰ 'ਤੇ ਭਰੋਸਾ ਨਹੀਂ ਰਿਹਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਮਨਜੀਤ ਸਿੰਘ ਭੂਰਾ ਕੋਹਨਾ ਤੇ ਗੁਰਪ੍ਰੀਤ ਸਿੰਘ ਝੱਬਰ, ਵਾਰਿਸ ਪੰਜਾਬ ਦੇ ਅਕਾਲੀ ਦਲ ਦੇ ਸਕੱਤਰ ਬਾਪੂ ਤਰਸੇਮ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੈਨੇਜਰ ਰਜਿੰਦਰ ਸਿੰਘ ਰੂਬੀ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਬਿਕਰਮਜੀਤ ਸਿੰਘ ਝੰਗੀ ਤੇ ਜਸਬੀਰ ਸਿੰਘ ਤੋਂ ਇਲਾਵਾ ਭਾਈ ਜਰਨੈਲ ਸਿੰਘ ਸਖੀਰਾ, ਮਨਦੀਪ ਸਿੰਘ ਖ਼ਾਲਸਾ, ਭਾਈ ਵਰਿਆਮ ਸਿੰਘ ਅਗਵਾਨ, ਭਾਈ ਸਤਵੰਤ ਸਿੰਘ, ਜਸਕਰਨ ਸਿੰਘ ਕਾਹਨਸਿੰਘ ਵਾਲਾ ਸਮੇਤ ਹੋਰ ਸ਼ਹੀਦਾਂ ਦੇ ਹੋਰ ਪਰਿਵਾਰਕ ਮੈਂਬਰ ਤੇ ਸੰਗਤਾਂ ਹਾਜ਼ਰ ਸਨ।

# BASRA

## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**


ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰੂ ਹੁਕਮ ਵਿੱਚ ਕਰਨਲ ਪਿਆਰਾ ਸਿੰਘ ਦੀ ਨਿਗ੍ਹਾ ਠੀਕ ਕਰਨੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਨਾਮ ਦੀ ਔਸ਼ਧੀ ਦੁਆਰਾ ਜਦੋਂ ਸ: ਅਵਤਾਰ ਸਿੰਘ ਨੂੰ ਅਸਾਧ ਰੋਗ ਤੋਂ ਸਦਾ ਵਾਸਤੇ ਛੁਟਕਾਰਾ ਮਿਲ ਗਿਆ ਤਾਂ, ਸਾਰੇ ਜਾਣੂੰ ਸੱਜਣਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਵਿੱਚ ਇਸ ਗੱਲ ਦੀ ਚਰਚਾ ਸੀ ਕਿ ਦੋ-ਢਾਈ ਸਾਲ ਦੇ ਕਰੀਬਨ ਹਰ ਤਰ੍ਹਾਂ ਦੇ ਚੰਗੇ ਚੰਗੇ ਇਲਾਜ ਕਰਵਾਉਣ ਨਾਲ ਜਿਸ ਬਿਮਾਰੀ ਤੋਂ ਭੋਰਾ ਜਿੰਨਾ ਵੀ ਫ਼ਰਕ ਨਹੀਂ ਪਿਆ, ਹੁਣ ਉਹ ਬਿਮਾਰੀ ਕਿਵੇਂ ਦੂਰ ਹੋ ਗਈ? ਹਰੇਕ ਜਾਣੂੰ ਦੇ ਮਨ ਵਿੱਚ ਇਹ ਜਾਨਣ ਲਈ ਬਹੁਤ ਤੀਬਰ ਇੱਛਾ ਉਪਜਦੀ, ਜਦੋਂ ਉਹਨਾਂ ਨੂੰ ਇਹ ਪਤਾ ਲਗਦਾ ਕਿ ਕਿਸੇ ਦਵਾਈ ਦਾ ਸੇਵਨ ਕਰਨ ਤੋਂ ਬਿਨਾਂ, ਕੇਵਲ ਗੁਰ ਸ਼ਬਦ ਦੀ ਬਰਕਤ ਨਾਲ ਦਲੇਰ ਜੀ ਨੂੰ ਅਰਾਮ ਆਇਆ ਹੈ, ਤਾਂ ਉਹਨਾਂ ਦੇ ਮਨ ਵਿੱਚ ਹੋਰ ਵੀ ਜ਼ਿਆਦਾ ਹੈਰਾਨੀ ਹੁੰਦੀ ਅਤੇ ਨਾਲ ਹੀ ਬਾਬਾ ਜੀ ਦੇ ਦਰਸ਼ਨ ਕਰਨ ਵਾਸਤੇ ਮਨ ਵਿੱਚ ਉਮਾਹ ਪੈਦਾ ਹੁੰਦਾ।

ਸ: ਅਵਤਾਰ ਸਿੰਘ ਜੀ ਦੇ ਇੱਕ ਦੋਸਤ, ਜਿਨ੍ਹਾਂ ਦਾ ਨਾਂ ਸ: ਪਿਆਰਾ ਸਿੰਘ੧ ਸੀ, ਜੋ ਕਿੰਗ ਜਾਰਜ ਰਾਇਲ ਇੰਡੀਅਨ ਮਿਲਟਰੀ ਸਕੂਲ, ਜਲੰਧਰ ਛਾਉਣੀ ਦਾ ਬੜਾ ਲਾਇਕ ਵਿਦਿਆਰਥੀ ਸੀ। ਪਿਆਰਾ ਸਿੰਘ ਬ੍ਰਿਟਿਸ਼ ਆਰਮੀ ਆਰਟਿਲਰੀ ਯੂਨਿਟ ਵਿੱਚ ਸੈਕਿੰਡ ਲੈਫ਼ਟੀਨੈਂਟ ਚੁਣਿਆ ਗਿਆ। ਸੈਕਿੰਡ ਲੈਫ਼ਟੀਨੈਂਟ ਦੇ ਅਹੁਦੇ ਤੇ ਕਮਿਸ਼ਨ ਦੇਣ ਤੋਂ ਪਹਿਲੇ ਇਸ ਦਾ ਮੈਡੀਕਲ ਚੈੱਕ-ਅੱਪ ਹੋਇਆ। ਅੱਖਾਂ ਦੇ ਸਪੈਸ਼ਲਿਸਟ ਡਾਕਟਰ, ਕਰਨਲ ਵਾਸੂ ਨੇ ਅੱਖਾਂ ਦੇ ਟੈਸਟ ਵਿੱਚੋਂ ਨਿਗ੍ਹਾ ਘੱਟ ਹੋਣ ਕਾਰਨ ਇਸ ਨੂੰ ਫੇਲ੍ਹ ਕਰ ਦਿੱਤਾ। ਜਿਸ ਕਾਰਨ ਸ: ਪਿਆਰਾ ਸਿੰਘ ਨੂੰ ਸੈਕਿੰਡ ਲੈਫ਼ਟੀਨੈਂਟ ਦੀ ਥਾਂ ਸਿਪਾਹੀ ਰੈਂਕ ਵਿੱਚ ਰੱਖਿਆ ਗਿਆ। ਦੋ ਸਾਲ ਵਿੱਚ ਉਹ ਹਵਾਲਦਾਰ ਬਣ ਗਿਆ ਅਤੇ ਬਦਲੀ ਲਾਹੌਰ ਛਾਉਣੀ ਦੀ ਹੋ ਗਈ। ਸ: ਪਿਆਰਾ ਸਿੰਘ ਜਦੋਂ ਸ: ਵਧਾਵਾ ਸਿੰਘ੨ ਜੀ ਨੂੰ ਮਿਲੇ ਤਾਂ ਪਿਆਰਾ ਸਿੰਘ ਨੇ ਪੁੱਛਣਾ ਕੀਤਾ ਕਿ ਕੀ, ਅਵਤਾਰ ਸਿੰਘ ਅਜੇ ਜਿਉਂਦਾ ਹੈ? ਤਾਂ ਉਸ ਦੇ ਉੱਤਰ ਵਿੱਚ ਸ: ਵਧਾਵਾ ਸਿੰਘ ਜੀ ਨੇ ਉਸ ਨੂੰ ਕਿਹਾ ਕਿ ਉਹ ਤਾਂ ਮਹਾਂਪੁਰਸ਼ ਭਾਈ ਹਰਨਾਮ ਸਿੰਘ ਜੀ ਦੀ ਆਤਮਿਕ ਸ਼ਕਤੀ ਅਤੇ ਗੁਰਬਾਣੀ ਦੀ ਪਾਰਸ-ਕਲਾ ਤਥਾ ਨਾਮ ਅਉਖਦੀ ਰਾਹੀਂ ਬਿਲਕੁਲ ਨਵਾਂ-ਨਰੋਆ, ਅਰੋਗ ਹੋ ਚੁੱਕਾ ਹੈ ਅਤੇ ਸਾਰੇ ਕੰਮ-ਕਾਰ ਵਿੱਚ ਪੂਰਾ ਹਿੱਸਾ ਲੈਂਦਾ ਹੈ। ਤਦ ਸ: ਪਿਆਰਾ ਸਿੰਘ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਅਤੇ ਸ: ਅਵਤਾਰ ਸਿੰਘ ਨੂੰ ਮਿਲਣ ਅਤੇ ਬਾਬਾ ਜੀ ਦੇ ਦਰਸ਼ਨ ਕਰਨ ਲਈ ਇੱਛਾ ਪ੍ਰਗਟ ਕੀਤੀ। ਦਿਨ ਨੀਯਤ ਕਰਕੇ ਦੋਵੇਂ ਲਾਹੌਰ ਤੋਂ ਚੱਲ ਕੇ 119 ਜਨੂਬੀ ਚੱਕ, ਜ਼ਿਲ੍ਹਾ ਸਰਗੋਧਾ ਸ: ਅਵਤਾਰ ਸਿੰਘ ਪਾਸ ਪੁੱਜ ਗਏ। ਸੁੱਖ-ਸਾਂਦ ਸਾਂਝੀ ਕਰਨ ਉਪ੍ਰੰਤ ਸ: ਅਵਤਾਰ ਸਿੰਘ ਨੇ ਆਪਣੀ ਜ਼ੁਬਾਨੀ ਸਾਰੀ ਹੱਡ-ਬੀਤੀ ਦੱਸੀ। ਤਿੰਨਾਂ ਨੇ ਸਲਾਹ ਕੀਤੀ ਕਿ ਪਿਆਰਾ ਸਿੰਘ ਦੀਆਂ ਅੱਖਾਂ ਦੀ ਨਜ਼ਰ ਵਾਸਤੇ ਵੀ ਬਾਬਾ ਜੀ ਨੂੰ ਬੇਨਤੀ ਕੀਤੀ ਜਾਵੇ। ਇਹ ਸਲਾਹ ਬਣਾ ਕੇ ਤਿੰਨੇ ਬਾਬਾ ਜੀ ਦੇ ਦਰਸ਼ਨ ਕਰਨ ਉਹਨਾਂ ਦੇ ਘਰ ਗਏ।




ਸ: ਵਧਾਵਾ ਸਿੰਘ ਅਤੇ ਸ: ਅਵਤਾਰ ਸਿੰਘ ਨੇ ਬਾਬਾ ਜੀ ਨੂੰ ਪਿਆਰਾ ਸਿੰਘ ਪ੍ਰਥਾਇ ਵਿਸਥਾਰ ਨਾਲ ਦੱਸਿਆ ਅਤੇ ਨਾਲ ਹੀ ਬੇਨਤੀ ਕੀਤੀ ਕਿ ਇਸ ਦੀ ਦੁਬਾਰਾ ਮੈਡੀਕਲ ਕਰਨ ਲਈ ਦਿੱਤੀ ਦਰਖ਼ਾਸਤ ਮਨਜ਼ੂਰ ਹੋ ਗਈ ਹੈ ਅਤੇ ਪਿਆਰਾ ਸਿੰਘ ਦਾ ਦੁਬਾਰਾ ਮੈਡੀਕਲ ਬੋਰਡ ਕਰੇਗਾ। ਜੇ ਬੋਰਡ ਇਸ ਨੂੰ ਪਾਸ ਕਰ ਦੇਵੇ ਤਾਂ ਫਿਰ ਪਹਿਲੇ ਸੈਕਿੰਡ ਲੈਫ਼ਟੀਨੈਂਟ ਰੈਂਕ ਤੇ ਨਿਯੁਕਤੀ ਹੋ ਜਾਵੇਗੀ। ਆਪ ਜੀ ਕ੍ਰਿਪਾ ਕਰਕੇ ਇਸ ਨੂੰ ਅਸ਼ੀਰਵਾਦ ਬਖ਼ਸ਼ਿਸ਼ ਕਰੋ ਜੀ।

ਸਾਰਾ ਵਿਸਥਾਰ ਸੁਣ ਕੇ ਬਾਬਾ ਜੀ ਨੇ ਉੱਤਰ ਦਿੱਤਾ ਕਿ ਸਤਿਗੁਰੂ ਜੀ ਆਪ ਹੀ ਕਰਨ ਕਾਰਨ ਸਮਰੱਥ ਹਨ। ਕੱਲ੍ਹ ਸਵੇਰੇ ਤੁਸੀਂ ਪ੍ਰਸ਼ਾਦ ਲੈ ਕੇ 7 ਵਜੇ ਗੁਰਦੁਆਰਾ ਸਾਹਿਬ ਆ ਜਾਣਾ। ਸਤਿਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਕਰਾਂਗੇ। ਗੁਰੂ ਮਹਾਰਾਜ ਜੀ ਹੀ ਬਖ਼ਸ਼ਿਸ਼ ਕਰਨ ਨੂੰ ਸਮਰੱਥ ਹਨ।

ਅਗਲੇ ਦਿਨ ਸਵੇਰੇ ਨੀਯਤ ਸਮੇਂ ਅਨੁਸਾਰ ਤਿੰਨੇ ਪ੍ਰੇਮੀ ਗੁਰਦੁਆਰਾ ਸਾਹਿਬ ਪੁੱਜ ਗਏ। ਬਾਬਾ ਜੀ ਵੀ ਹਰ ਰੋਜ਼ ਦੀ ਤਰ੍ਹਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਗੁਰਦੁਆਰਾ ਸਾਹਿਬ ਆ ਪੁੱਜੇ। ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਨ ਉਪ੍ਰੰਤ ਬਾਬਾ ਜੀ ਨੇ ਪਿਆਰਾ ਸਿੰਘ ਲਈ ਗੁਰੂ-ਚਰਨਾਂ ਵਿੱਚ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ। ਸਤਿਗੁਰੂ ਜੀ ਦਾ ਮੁੱਖਵਾਕ ਲੈਣ ਉਪ੍ਰੰਤ ਆਪ ਜੀ ਨੇ ਬਚਨ ਕੀਤਾ ਕਿ ਪਿਆਰਾ ਸਿੰਘ! ਗੁਰਦੇਵ ਪਿਤਾ ਜੀ ਨੇ ਤੇਰੀ ਅਰਦਾਸ ਮਨਜ਼ੂਰ ਕਰ ਲਈ ਹੈ। ਆਪ ਜੀ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਉੱਠੇ ਅਤੇ ਜਿੱਥੋਂ ਦੀ ਸੰਗਤ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਲੰਘਦੀ ਸੀ ਉਸ ਫ਼ਰਸ਼ ਉਪਰੋਂ ਆਪਣੇ ਹੱਥ ਨਾਲ ਸੰਗਤ ਦੀ ਚਰਨ ਧੂੜੀ ਲਾ ਕੇ ਪਿਆਰਾ ਸਿੰਘ ਦੀਆਂ ਦੋਵਾਂ ਅੱਖਾਂ ਉੱਪਰ ਹੱਥ ਫੇਰ ਦਿੱਤਾ ਤੇ ਬਚਨ ਕੀਤਾ ਕਿ ਜਾਹ! ਹੁਣ ਤੈਨੂੰ ਬੋਰਡ ਵਾਲੇ ਨਿਗ੍ਹਾ ਵੱਲੋਂ ਫੇਲ੍ਹ ਨਹੀਂ ਕਰ ਸਕਣਗੇ। ਗੁਰੂ-ਚਰਨਾਂ ਵਿੱਚੋਂ ਅਸ਼ੀਰਵਾਦ ਪ੍ਰਾਪਤ ਕਰਨ ਉਪ੍ਰੰਤ ਸ: ਪਿਆਰਾ ਸਿੰਘ ਅਤੇ ਸ: ਵਧਾਵਾ ਸਿੰਘ ਵਾਪਿਸ ਆ ਗਏ। ਅਗਲੇ ਹਫ਼ਤੇ ਬੋਰਡ ਨੇ ਜਿਸ ਦਾ ਚੇਅਰਮੈਨ ਅੰਗਰੇਜ਼ ਡਾਕਟਰ ਸੀ, ਨੇ ਪਿਆਰਾ ਸਿੰਘ ਨੂੰ ਸੱਦਿਆ ਅਤੇ ਆਪ ਅੱਖਾਂ ਚੈੱਕ ਕੀਤੀਆਂ। ਪਿਆਰਾ ਸਿੰਘ A ਤੋਂ Z ਤੱਕ ਸਾਰੇ ਅੱਖਰ ਬੜੇ ਅਰਾਮ ਨਾਲ ਪੜ੍ਹ ਗਿਆ। ਅੰਗਰੇਜ਼ ਡਾਕਟਰ ਨੇ ਫਿਰ ਦੁਬਾਰਾ ਪੂਰੀ ਤਸੱਲੀ ਕੀਤੀ ਅਤੇ ਕਿਹਾ ਕਿ ਤੈਨੂੰ ਕਿਸ ਬੇਵਕੂਫ਼ ਡਾਕਟਰ ਨੇ ਨਿਗ੍ਹਾ ਵੱਲੋਂ ਫੇਲ੍ਹ ਕਰਕੇ ਤੇਰੀ ਜ਼ਿੰਦਗੀ ਖ਼ਰਾਬ ਕੀਤੀ ਹੈ। ਤੇਰੀ ਨਜ਼ਰ ਤਾਂ ਬਿਲਕੁਲ ਠੀਕ ਹੈ।

ਬੋਰਡ ਦੇ ਚੇਅਰਮੈਨ ਨੇ ਉਸੇ ਵੇਲੇ ਪਿਆਰਾ ਸਿੰਘ ਨੂੰ ਸੈਕਿੰਡ ਲੈਫ਼ਟੀਨੈਂਟ ਦੇ ਰੈਂਕ ਤੇ ਬਹਾਲ ਕਰਨ ਦੀ ਸਿਫ਼ਾਰਸ਼ ਕਰ ਦਿੱਤੀ। ਮੈਡੀਕਲ ਰਿਪੋਰਟ ਪੁੱਜਣ ਤੇ ਪਿਆਰਾ ਸਿੰਘ ਨੂੰ ਪਹਿਲੇ ਰੈਂਕ ਤੇ ਬਹਾਲ ਕੀਤਾ ਗਿਆ ਅਤੇ ਬਾਅਦ ਵਿੱਚ ਕਰਨਲ ਦੇ ਅਹੁਦੇ ਨੂੰ ਪ੍ਰਾਪਤ ਕਰਕੇ ਰੀਟਾਇਰ ਹੋਇਆ। ਜਿੱਥੇ ਦੁਨੀਆ ਦੇ ਸਾਰੇ ਹੀਲੇ-ਵਸੀਲੇ ਫੇਲ੍ਹ ਹੋ ਜਾਂਦੇ ਹਨ, ਉਥੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਮਿਹਰ ਸਾਥ ਦਿੰਦੀ ਹੈ ਅਤੇ ਕੀਤੀ ਹੋਈ ਅਰਦਾਸ ਰੰਗ ਲਿਆਉਂਦੀ ਹੈ।

ਜਦੋਂ ਸਤਿਗੁਰੂ ਜੀ ਅਤੇ ਸੰਗਤ ਦੀ ਮਿਹਰ-ਭਰੀ ਨਿਗ੍ਹਾ ਹੋ ਜਾਵੇ ਬਸ ਫਿਰ ਤਾਂ ਜਿਵੇਂ ਗੁਰਦੇਵ ਪੰਜਵੇਂ ਪਾਤਸ਼ਾਹ ਜੀ ਨੇ ਬਿਲਾਵਲ ਰਾਗ ਵਿੱਚ ਹੁਕਮ ਕੀਤਾ ਹੈ ਕਿ ਐਸੀ ਬਖ਼ਸ਼ਿਸ਼ ਹੋ ਜਾਂਦੀ ਹੈ :

**ਬਿਲਾਵਲੁ ਮਹਲਾ ੫ ॥**
**ਪਿੰਗੁਲ੧ ਪਰਬਤ ਪਾਰਿ ਪਰੇ ਖਲ੨ ਚਤੁਰ ਬਕੀਤਾ੩ ॥**
**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧ ॥**
**ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥**
**ਮੈਲੁ ਖੋਈ ਕੋਟਿ ਅਘ੪ ਹਰੇ ਨਿਰਮਲ ਭਏ ਚੀਤਾ ॥੧ ॥ ਰਹਾਉ ॥**
**ਐਸੀ ਭਗਤਿ ਗੋਵਿੰਦ ਕੀ ਕੀਟਿ੫ ਹਸਤੀ ਜੀਤਾ ॥**
**ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨ ॥**
**ਸਿੰਘੁ੬ ਬਿਲਾਈ੭ ਹੋਇ ਗਇਓ ਤ੍ਰਿਣੁ੮ ਮੇਰੁ੯ ਦਿਖੀਤਾ ॥**
**੧੦ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩ ॥**
**ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥**
**ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪ ॥੭ ॥**
(ਅੰਗ ੮੦੯)

ਸਰਬ ਵਿਆਪਕ ਪ੍ਰਭੂ, ਸਭ ਦਾਤਾਂ ਦੇਣ ਵਾਲਾ ਹੈ। ਗੁਰੂ ਦੀ ਸੇਵਾ ਅਤੇ ਬਖ਼ਸ਼ਿਸ਼ ਦੁਆਰਾ ਕੀ ਨਹੀਂ ਮਿਲਦਾ? ਭਾਵ ਸਭ ਕੁਝ ਮਿਲ ਜਾਂਦਾ ਹੈ। ਪਰਮੇਸ਼ਰ, ਪਿੱਛੇ ਤੁਰਨ ਵਾਲਿਆਂ ਨੂੰ ਆਗੂ ਬਣਾ ਦਿੰਦਾ ਹੈ। ਨਿਰਾਸ਼ਿਆਂ ਦੀਆਂ ਆਸਾਂ ਪੂਰੀਆਂ ਕਰਦਾ ਹੈ। ਉਸ ਦੀ ਮਿਹਰ ਨਾਲ ਕੰਗਾਲ, ਧਨਵਾਨ ਬਣ ਜਾਂਦੇ ਹਨ। ਉਹ ਮਾਲਕ, ਰੋਗੀਆਂ ਦੇ ਰੋਗ ਦੂਰ ਕਰਨ ਵਾਲਾ ਹੈ। ਪ੍ਰਭੂ ਆਪਣੇ ਭਗਤਾਂ ਨੂੰ ਭਗਤੀ ਦਾਨ ਤੇ ਸਿਫ਼ਤ-ਸਲਾਹ ਦੀ ਦਾਤ ਬਖ਼ਸ਼ਿਸ਼ ਕਰ ਦਿੰਦਾ ਹੈ।

**ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥**
**ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥**
**ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥**
**ਪਾਰਬ੍ਰਹਮ ਪੁਰਖ ਦਾਤਾਰਹ**
**ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦ ॥**
(ਸਲੋਕ ਸਹਸਕ੍ਰਿਤੀ, ਅੰਗ ੧੩੫੫)

(ਚਲਦਾ)

# 1984 ਦੇ ਦੰਗਿਆਂ ਬਾਰੇ ਸੋਚ ਕੇ ਅੱਜ ਵੀ ਰੂਹ ਕੰਬ ਜਾਂਦੀ ਹੈ : ਹਰਦੀਪ ਸਿੰਘ ਪੁਰੀ

ਨਵੀਂ ਦਿੱਲੀ : ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਬਰਸੀ ਮੌਕੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ 1984 ਬਾਰੇ ਸੋਚ ਕੇ ਅੱਜ ਵੀ ਰੂਹ ਕੰਬ ਜਾਂਦੀ ਹੈ। ਪੁਰੀ ਨੇ 'ਐਕਸ' 'ਤੇ ਪਾਏ ਸੰਦੇਸ਼ 'ਚ ਕਿਹਾ ਕਿ ਅੱਜ ਵੀ ਉਨ੍ਹਾਂ ਦਿਨਾਂ ਨੂੰ ਯਾਦ ਕਰ ਕੇ ਉਨ੍ਹਾਂ ਦੀ ਰੂਹ ਕੰਬ ਜਾਂਦੀ ਹੈ ਜਦੋਂ ਨਿਰਦੋਸ਼ ਸਿੱਖ ਔਰਤਾਂ, ਮਰਦਾਂ ਅਤੇ ਬੱਚਿਆਂ ਦੀ ਬੇਰਹਿਮੀ ਨਾਲ ਹੱਤਿਆ ਕੀਤੀ ਗਈ। ਉਨ੍ਹਾਂ ਦੀਆਂ ਸੰਪਤੀਆਂ ਅਤੇ ਧਾਰਮਿਕ ਅਸਥਾਨਾਂ ਨੂੰ ਲੁੱਟਿਆ ਗਿਆ ਸੀ। ਪੁਰੀ ਨੇ ਕਾਂਗਰਸ ਨੇਤਾਵਾਂ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਦੰਗਿਆਂ ਨੂੰ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਹਿੰਸਕ ਭੀੜ ਨੇ ਅੰਜ਼ਾਮ ਦਿੱਤਾ ਜੋ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਦੇ ਨਾਂਅ 'ਤੇ ਸ਼ੁਰੂ ਹੋਏ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਚੁੱਪ-ਚਾਪ ਵੇਖਣ ਲਈ ਮਜਬੂਰ ਕੀਤਾ ਗਿਆ, ਜਦਕਿ ਸਿੱਖਾਂ ਨੂੰ ਉਨ੍ਹਾਂ ਦੇ ਘਰਾਂ, ਵਾਹਨਾਂ ਅਤੇ ਗੁਰਦੁਆਰਿਆਂ ਤੋਂ ਖਿੱਚ ਕੇ ਜ਼ਿੰਦਾ ਸਾੜਿਆ ਜਾ ਰਿਹਾ ਸੀ। ਪੁਰੀ ਨੇ ਇਲਜ਼ਾਮ ਲਾਇਆ ਕਿ ਸਿੱਖਾਂ ਦੇ ਘਰਾਂ ਅਤੇ ਸੰਪਤੀਆਂ ਦੀ ਪਛਾਣ ਲਈ ਵੋਟਰ ਸੂਚੀ ਦਾ ਇਸਤੇਮਾਲ ਕੀਤਾ ਗਿਆ।



ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਉਸ ਬਿਆਨ ਦਾ ਹਵਾਲਾ ਵੀ ਦਿੱਤਾ, ਜਿਸ 'ਚ ਉਨ੍ਹਾਂ ਕਿਹਾ ਕਿ ਜਦੋਂ ਵੱਡਾ ਰੁੱਖ ਡਿੱਗਦਾ ਹੈ, ਤਾਂ ਧਰਤੀ ਹਿਲਦੀ ਹੈ। ਉਨ੍ਹਾਂ ਕਿਹਾ ਕਿ ਰਾਜੀਵ ਗਾਂਧੀ ਦੇ ਇਸ ਬਿਆਨ ਨੇ ਸਿੱਖਾਂ ਦੀ ਹੱਤਿਆ ਨੂੰ ਖੁੱਲ੍ਹਾ ਸਮਰਥਨ ਦਿੱਤਾ। ਪੁਰੀ ਨੇ ਕਿਹਾ ਕਿ ਕਾਂਗਰਸ ਨੇਤਾ ਗੁਰਦੁਆਰਿਆਂ ਤੋਂ ਬਾਹਰ ਭੀੜ ਦੀ ਅਗਵਾਈ ਕਰਦੇ ਨਜ਼ਰ ਆ ਰਹੇ ਸਨ, ਜਦਕਿ ਪੁਲਿਸ ਚੁੱਪਚਾਪ ਤਮਾਸ਼ਾ ਵੇਖਦੀ ਰਹੀ।

# ਦਿਲਜੀਤ ਦੋਸਾਂਝ ਨੇ ਕੇ.ਬੀ.ਸੀ. 'ਚ 50 ਲੱਖ ਰੁਪਏ ਜਿੱਤੇ

ਚੰਡੀਗੜ੍ਹ : ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਦੋਸਾਂਝ ਕਲਾਂ ਦੇ ਰਹਿਣ ਵਾਲੇ ਪੰਜਾਬੀ ਅਦਾਕਾਰ-ਗਾਇਕ ਦਿਲਜੀਤ ਦੋਸਾਂਝ ਨੇ ਕੌਣ ਬਣੇਗਾ ਕਰੋੜਪਤੀ (ਕੇਬੀਸੀ) ਦੇ ਸੈੱਟ 'ਤੇ ਬੁੱਧੀ ਤੇ ਨਿਮਰਤਾ ਦੋਵਾਂ ਦਾ ਪ੍ਰਦਰਸ਼ਨ ਕੀਤਾ, ਜਿੱਥੇ ਉਸਨੇ 14 ਸਵਾਲਾਂ ਦੇ ਸਹੀ ਜਵਾਬ ਦਿੱਤੇ ਅਤੇ 50 ਲੱਖ ਰੁਪਏ ਜਿੱਤੇ। ਇੱਕ ਉਦਾਰ ਭਾਵਨਾ ਦਿਖਾਉਂਦੇ ਹੋਏ, ਦੋਸਾਂਝ ਨੇ ਐਲਾਨ ਕੀਤਾ ਕਿ ਉਹ ਪੰਜਾਬ ਵਿਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ ਇੱਕ ਗਲੋਬਲ ਸਿੱਖ ਸੰਗਠਨ ਰਾਹੀਂ ਪੂਰੀ ਰਕਮ ਦਾਨ ਕਰੇਗਾ। ਦਿਲਜੀਤ ਨੇ ਕਿਹਾ ਕਿ ਉਸਨੂੰ ਰਾਹਤ ਕਾਰਜਾਂ ਲਈ ਹੋਰ ਵੀ ਜਿੱਤਣ ਦੀ ਉਮੀਦ ਸੀ, ਪਰ ਸਮਾਂ ਬੀਤਦਾ ਗਿਆ ਕਿਉਂਕਿ ਬਜ਼ਰ ਵੱਜਿਆ। ਕੇਬੀਸੀ ਦੇ ਸਟੇਜ 'ਤੇ ਉਸਦੇ ਆਉਣ 'ਤੇ ਦਰਸ਼ਕਾਂ ਨੇ ਜ਼ੋਰਦਾਰ ਤਾੜੀਆਂ ਮਾਰੀਆਂ, ਜਦੋਂ ਕਿ ਮੇਜ਼ਬਾਨ ਅਮਿਤਾਭ ਬੱਚਨ ਨੇ ਉਸਦਾ ਨਿੱਘਾ ਸਵਾਗਤ ਕੀਤਾ, ਉਸਨੂੰ 'ਪੰਜਾਬ ਦਾ ਪੁੱਤਰ' ਕਿਹਾ। ਬੱਚਨ ਨੇ ਪਿਆਰ ਨਾਲ ਪੰਜਾਬ ਨਾਲ ਆਪਣਾ ਨਿੱਜੀ ਸਬੰਧ ਸਾਂਝਾ ਕੀਤਾ, ਯਾਦ ਕਰਦਿਆਂ ਕਿ ਉਸਦੀ ਮਾਂ, ਤੇਜੀ ਕੌਰ, ਰਾਜ ਦੇ ਇੱਕ ਸੋਢੀ ਪਰਿਵਾਰ ਤੋਂ ਸੀ। ਉਸਨੇ ਇਹ ਵੀ ਦੱਸਿਆ ਕਿ ਉਸਦੇ ਮਾਤਾ-ਪਿਤਾ, ਹਰਿਵੰਸ਼ ਰਾਏ ਬੱਚਨ ਅਤੇ ਤੇਜੀ ਕੌਰ ਕਿਵੇਂ ਮਿਲੇ ਸਨ। ਪੂਰੇ ਸ਼ੋਅ ਦੌਰਾਨ, ਦਿਲਜੀਤ ਨੇ ਆਪਣੀ ਤੇਜ਼ ਸੋਚ ਨਾਲ ਬੱਚਨ ਨੂੰ ਪ੍ਰਭਾਵਿਤ ਕੀਤਾ। ਪਹਿਲੇ ਦਸ ਸਵਾਲਾਂ ਲਈ ਕੋਈ ਜੀਵਨ ਰੇਖਾਵਾਂ ਦੀ ਵਰਤੋਂ ਕੀਤੇ ਬਿਨਾਂ, ਉਹ ਪੂਰੇ ਰਾਊਂਡ ਵਿਚ ਆਤਮਵਿਸ਼ਵਾਸ ਨਾਲ ਅੱਗੇ ਵਧਿਆ। ਜਦੋਂ ਉਸਨੂੰ ਕਿਹਾ ਗਿਆ ਕਿ ਉਹ ਸਹੀ ਜਵਾਬ ਦੇ ਕੇ ਜੀਵਨ ਰੇਖਾਵਾਂ ਨੂੰ ਮੁੜ ਪ੍ਰਾਪਤ ਕਰ ਸਕਦਾ ਹੈ, ਤਾਂ ਦਿਲਜੀਤ ਨੇ ਮਜ਼ਾਕ ਉਡਾਇਆ ਕਿ ਉਸਨੂੰ ਅਜੇ ਕਿਸੇ ਦੀ ਲੋੜ ਨਹੀਂ ਹੈ। ਬੱਚਨ ਨੇ ਖੁਸ਼ ਹੋ ਕੇ ਟਿੱਪਣੀ ਕੀਤੀ ਕਿ ਗਾਇਕ ਨਾ ਸਿਰਫ਼ ਪ੍ਰਤਿਭਾਸ਼ਾਲੀ ਸੀ ਸਗੋਂ ਬਹੁਤ ਹੀ ਬੁੱਧੀਮਾਨ ਵੀ ਸੀ। ਔਖੇ ਸਵਾਲਾਂ ਵਿਚੋਂ, ਦੋਸਾਂਝ ਨੇ ਦੂਰਦਰਸ਼ਨ ਥੀਮ ਦੇ ਸੰਗੀਤਕਾਰ ਦੀ ਪਛਾਣ ਕਰਨ ਅਤੇ ਇਹ ਨਿਰਧਾਰਤ ਕਰਨ ਲਈ 'ਜੀਵਨ ਰੇਖਾਵਾਂ' ਦੀ ਵਰਤੋਂ ਕੀਤੀ ਕਿ ਏਲੋਰਾ ਗੁਫਾਵਾਂ ਕਿਸ ਸ਼ਾਸਕ ਦੇ ਅਧੀਨ ਬਣਾਈਆਂ ਗਈਆਂ ਸਨ। ਕੁਝ ਮੁਸ਼ਕਿਲ ਪਲਾਂ ਦੇ ਬਾਵਜੂਦ, ਉਸਦੇ ਸੰਜਮ ਅਤੇ ਸੁਹਜ ਨੇ ਮੇਜ਼ਬਾਨ ਅਤੇ ਦਰਸ਼ਕਾਂ ਦੋਵਾਂ ਨੂੰ ਜਿੱਤ ਲਿਆ, ਜਿਸ ਨਾਲ ਉਸਦੀ ਕੇਬੀਸੀ ਦਿੱਖ ਉਸਦੇ ਸੰਗੀਤ ਵਾਂਗ ਯਾਦਗਾਰ ਬਣ ਗਈ।



ਪੰਥਕ ਕਦਰਾਂ ਕੀਮਤਾਂ ਦੇ ਪਹਿਰੇਦਾਰ,
ਆਪਣੀ ਜ਼ਿੰਦਗੀ ਦਾਅ 'ਤੇ ਲਾਉਣ ਵਾਲੇ

# ਭਾਈ ਸੰਦੀਪ ਸਿੰਘ ਸਨੀ ਦੇ ਭਰਾ

# ਭਾਈ ਮਨਦੀਪ ਸਿੰਘ



ਤਰਨਤਾਰਨ ਤੋਂ ਅਕਾਲੀ ਦਲ
(ਵਾਰਿਸ ਪੰਜਾਬ ਦੇ)
ਉਮੀਦਵਾਰ ਵਜੋਂ ਚੋਣ ਲੜ ਰਹੇ ਹਨ।



ਉਨ੍ਹਾਂ ਦੀ ਚੋਣ ਵਿਚ ਵੋਟਰਾਂ ਵਲੋਂ
ਵੱਡਾ ਹੁੰਗਾਰਾ ਮਿਲ ਰਿਹਾ ਹੈ।
ਲੋਕਾਂ ਵਿਚ ਇਸ ਪ੍ਰਭਾਵ ਨੂੰ ਦੇਖਿਆ ਜਾ ਸਕਦਾ ਹੈ।
ਪੰਥਕ ਰਵਾਇਤਾਂ ਨੂੰ ਪ੍ਰਣਾਏ ਹੋਏ
ਇਸ ਉਮੀਦਵਾਰ ਨੂੰ ਆਪਣਾ ਇਕ ਇਕ
ਕੀਮਤੀ ਵੋਟਾਂ ਪਾ ਕੇ ਕਾਮਯਾਬ ਕਰੋ।

ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਪੰਥਕ ਆਵਾਜ਼

## ਸ:ਹਰਮਿੰਦਰ ਸਿੰਘ ਸਮਾਣਾ

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਲੁਧਿਆਣਾ : ਭਾਈ ਵਿਸਾਖਾ ਸਿੰਘ ਜੀ ਜਨੇਤਪੁਰਾ, ਪ੍ਰਧਾਨ ਗੁਰਦੁਆਰਾ ਗੁਰੂ ਨਾਨਕ, ਹਰਿਗੋਬਿੰਦ ਸਰ ਜ਼ਿਲ੍ਹਾ ਲੁਧਿਆਣਾ, ਸਰਬ-ਹਿੰਦ ਸਿੱਖ ਮਿਸ਼ਨ ਨੂੰ ਥੱਲੇ ਲਿਖੀ ਸਹਾਇਤਾ ਭੇਜਦੇ ਹਨ। ਕਿਰਪਾਨਾਂ 18 ਕਛਹਿਰੇ 138, ਕੰਘੇ, 47 ਕੜੇ 42। ਇਸ ਸਹਾਇਤਾ ਵਜੋਂ ਮਿਸ਼ਨ ਇਨ੍ਹਾਂ ਦਾ ਧੰਨਵਾਦੀ ਹੈ।

ਅੰਮ੍ਰਿਤਸਰ : ਭਾਈ ਵੰਸਣ ਸਿੰਘ ਪ੍ਰਚਾਰਕ ਮਿਸ਼ਨ ਇਤਲਾਹ ਦਿੰਦੇ ਹਨ ਕਿ 25-12-36 ਨੂੰ ਉਹ ਪਿੰਡ ਫੇਲੋਕੀ ਗਏ। ਦੋ ਦਿਨ ਦੀਵਾਨ ਸਜਿਆ। ਅਖੌਤੀ ਅਛੂਤਾਂ ਵਿਚੋਂ 85 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਹੋਰ ਲੋਕਾਂ ਨੇ ਭੀ ਪ੍ਰੇਰਨਾ ਦਾ ਚੰਗਾ ਅਸਰ ਹੋਇਆ। ਪਿੰਡ ਗੋਰੇ ਨੰਗਲ ਵਿਚ ਸੱਠ ਸੱਤਰ ਆਦਮੀ ਅੰਮ੍ਰਿਤ ਛਕਣ ਨੂੰ ਤਿਆਰ ਹਨ। 22-23 ਮਾਘ ਨੂੰ ਅੰਮ੍ਰਿਤ ਛਕਾਇਆ ਜਾਵੇਗਾ। ਕਲੋਮਹਿਲ ਵਿਚ ਵੀ ਲੋਕੀਂ ਅੰਮ੍ਰਿਤ ਛਕਣ ਦੀ ਇੱਛਾ ਪ੍ਰਗਟ ਕਰਦੇ ਹਨ। ਇਹ ਤਰੀਕ ਆਪ ਮੁਕੱਰਰ ਕਰਕੇ ਦੱਸਣਗੇ।

ਗੁਰਦੁਆਰਾ ਗਜ਼ਟ ਅੰਮ੍ਰਿਤਸਰ (28) ਜਨਵਰੀ 1937

ਲਖਨਊ (ਯੂ.ਪੀ.) : ਸਕੱਤਰ ਸ੍ਰੀ ਗੁਰੂ ਸਿੰਘ ਸਭਾ ਲਖਨਊ ਤੋਂ ਤਾਰ ਰਾਹੀਂ ਖ਼ਬਰ ਦਿੰਦੇ ਹਨ ਕਿ ਅੱਜ 30.12.36 ਨੂੰ 50 ਅਖੌਤੀ ਅਛੂਤ ਅੰਮ੍ਰਿਤ ਪਾਨ ਕਰਕੇ ਨਵੇਂ ਸਿੰਘ ਸਜ ਗਏ ਹਨ।

ਬਹਾਵਲ ਨਗਰ : ਭਾਈ ਮਹਿੰਦਰ ਸਿੰਘ ਪ੍ਰਚਾਰਕ ਮਿਸ਼ਨ ਰਿਪੋਰਟ ਦਿੰਦੇ ਹਨ ਕਿ ਆਪ 4-12-36 ਦੀ ਸ਼ਾਮ ਨੂੰ ਮੈਕਲੋਡਗੰਜ ਦੀਵਾਨ ਦੀ ਕਾਰਵਾਈ ਵਾਸਤੇ ਗਏ। ਇਥੇ ਅੰਮ੍ਰਿਤ ਪ੍ਰਚਾਰ ਵੀ ਹੋਣਾ ਸੀ। ਪ੍ਰਬੰਧਕ ਊਚ ਨੀਚ ਦਾ ਖਿਆਲ ਕਰਕੇ ਦੋ ਬਾਟਿਆਂ ਵਿਚ ਅੰਮ੍ਰਿਤ ਛਕਾਉਣਾ ਚਾਹੁੰਦੇ ਸਨ। ਪ੍ਰਚਾਰਕ ਜੀ ਨੇ ਇਕੋ ਬਾਟੇ ਲਈ ਜ਼ੋਰ ਦਿੱਤਾ, ਪਰ ਪ੍ਰਬੰਧਕਾਂ ਨੇ ਫੈਸਲਾ ਕੀਤਾ ਕਿ ਇਕੋ ਬਾਟੇ ਦੀ ਥਾਂ ਅੰਮ੍ਰਿਤ ਹੀ ਨਾ ਛਕਾਇਆ ਜਾਵੇ। ਪ੍ਰਚਾਰਕ ਜੀ ਨੂੰ ਵਿਆਖਿਆਨ ਕਰਨ ਦਾ ਵੀ ਪ੍ਰਬੰਧਕਾਂ ਨੇ ਮੌਕਾ ਨਾ ਦਿੱਤਾ। ਸਾਰਾ ਪ੍ਰਬੰਧ ਸਿਰਫ਼ ਦੋ ਆਦਮੀਆਂ ਦੇ ਹੱਥ ਵਿਚ ਸੀ, ਜੋ ਕਿ ਬੜੇ ਤੰਗ ਖਿਆਲ ਸਨ।




ਯੂ.ਪੀ. : ਭਾਈ ਨੰਦ ਸਿੰਘ ਪ੍ਰਚਾਰਕ ਮਿਸ਼ਨ, ਸਹਾਰਨਪੁਰ ਤੋਂ ਇਤਲਾਹ ਦਿੰਦੇ ਹਨ ਕਿ 5-12-36 ਨੂੰ, ਜਟੀਆ ਮਹਲਾ ਵਿਚ, ਇਕ ਸਾਧੂ ਦੀ ਤੇਰ੍ਹਵੀਂ ਤੇ ਸੱਦਾ ਆਉਣ ਤੇ ਸ਼ਾਮ ਦੇ ਸਤਸੰਗ ਲਈ, ਰਾਗੀ ਹਰੀ ਸਿੰਘ ਜੀ ਤੇ ਹੋਰ ਸਿੰਘ ਸਭਾ ਦੇ ਵਰਕਰਾਂ ਨਾਲ ਗਏ। ਕੀਰਤਨ ਤੋਂ ਬਾਅਦ ਸ੍ਰ. ਮਾਨ ਸਿੰਘ ਜੀ ਸਕੱਤਰ ਸਿੰਘ ਸਭਾ ਤੇ ਸ੍ਰ. ਚੰਦਨ ਸਿੰਘ ਜੀ ਨੇ ਲੈਕਚਰ ਦਿੱਤੇ। ਇਸ ਤੋਂ ਬਾਅਦ ਇਕ ਘੰਟਾ ਪ੍ਰਚਾਰਕ ਜੀ ਨੇ ਵਿਆਖਿਆਨ ਦਿੱਤਾ ਤੇ ਅੰਮ੍ਰਿਤ ਛਕਣ ਦੀ ਪ੍ਰੇਰਨਾ ਕੀਤੀ। ਪੰਦਰਾਂ ਆਦਮੀਆਂ ਨੇ ਅੰਮ੍ਰਿਤ ਛਕਣ ਲਈ ਨਾਮ ਦਿੱਤੇ ਜਿਨ੍ਹਾਂ ਨੂੰ ਕੜੇ ਪਵਾ ਕੇ ਅਰਦਾਸਾ ਸੋਧਿਆ ਗਿਆ। ਕੇਸ ਰਖਵਾਏ ਗਏ ਤੇ ਹੁੱਕਾ ਛੁਡਵਾ ਦਿੱਤਾ ਗਿਆ। ਕੁਝ ਦਿਨ ਵੇਖ ਕੇ ਅੰਮ੍ਰਿਤ ਛਕਾਇਆ ਜਾਵੇਗਾ।

12-12-36 ਨੂੰ ਦੇਉਬੰਦ, ਗੁਰਦੁਆਰੇ ਗਿਆ, ਇਸ ਗੁਰਦੁਆਰੇ ਦੀ ਹਾਲਤ ਬੜੀ ਨਾਜ਼ੁਕ ਹੈ। 475 ਰੁਪਏ ਗੁਰਦੁਆਰੇ ਸਿਰ ਕਰਜ਼ਾ ਹੈ। ਜ਼ਿੰਮੇਵਾਰਾਂ ਨੂੰ ਮਿਲ ਕੇ ਗੁਰਦੁਆਰੇ ਦੀ ਹਾਲਤ ਸੁਧਾਰਨ ਬਾਰੇ ਪ੍ਰੇਰਨਾ ਕੀਤੀ।

ਸਿਆਲਕੋਟ : ਗਿਆਨੀ ਟਹਿਲ ਸਿੰਘ ਜੀ ਨਿਹੰਗ ਸਿੰਘ ਜੀ ਕਿਲ੍ਹਾ ਸੋਭਾ ਸਿੰਘ ਜ਼ਿਲ੍ਹਾ ਸਿਆਲਕੋਟ ਤੋਂ ਖ਼ਬਰ ਦਿੰਦੇ ਹਨ ਕਿ 27-12-36 ਨੂੰ ਨਗਰ ਮਾਣਕ ਤਹਿਸੀਲ ਨਾਰੋਵਾਲ ਵਿਚ ਦੀਵਾਨ ਸਜਿਆ। ਅੰਮ੍ਰਿਤ ਪ੍ਰਚਾਰ ਭੀ ਹੋਇਆ। 14 ਪ੍ਰਾਣੀ ਅੰਮ੍ਰਿਤ ਛਕ ਕੇ ਨਵੇਂ ਸਿੰਘ ਸਜੇ।

ਯੂ.ਪੀ. : ਭਾਈ ਰਘਬੀਰ ਸਿੰਘ ਜੀ ਪ੍ਰਚਾਰਕ ਅਲੀਗੜ੍ਹ ਤੋਂ ਰਿਪੋਰਟ ਦਿੰਦੇ ਹਨ ਕਿ 3-12-36 ਨੂੰ ਪਲਾਹ ਪਿੰਡ ਵਿਚ ਪ੍ਰਚਾਰ ਕੀਤਾ। 12 ਪ੍ਰਾਣੀ ਅੰਮ੍ਰਿਤ ਪਾਨ ਕਰਕੇ ਨਵੇਂ ਸਿੰਘ ਸਜੇ। 9-12-36 ਨੂੰ ਸੋਖਨਾ ਪਿੰਡ ਪ੍ਰਚਾਰ ਕੀਤਾ। 4 ਪ੍ਰਾਣੀ ਅੰਮ੍ਰਿਤ ਛਕ ਕੇ ਨਵੇਂ ਸਿੰਘ ਸਜੇ। 10-12-36 ਨੂੰ ਮੇਚ ਕਸਬੇ ਵਿਚ ਜਾ ਕੇ ਸਿੱਖ ਧਰਮ ਦੀ ਵਿਆਖਿਆ ਕੀਤੀ, 7 ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ, ਦੂਜੇ ਦੌਰੇ 'ਤੇ ਬਹੁਤ ਸਾਰਿਆਂ ਨੇ ਅੰਮ੍ਰਿਤ ਛਕਣ ਦਾ ਇਕਰਾਰ ਕੀਤਾ।

**ਗੁਰਦੁਆਰਾ ਗਜ਼ਟ ਅੰਮ੍ਰਿਤਸਰ (30) ਜਨਵਰੀ 1937**

**ਉੱਚ ਜਾਤੀ ਠਾਕੁਰਾਂ ਦੁਆਰਾ (ਚਮਾਰਾਂ) ਰਵਿਦਾਸੀਏ ਸਿੰਘਾਂ ਨੂੰ ਪ੍ਰੇਸ਼ਾਨ ਕਰਨਾ**

ਖ਼ਬਰ ਦਿੰਦੇ ਹਨ ਕਿ 5-12-36 ਨੂੰ ਪਿੰਡ ਨੋਖੇ, ਤਹਿਸੀਲ ਸ਼ੰਕਰ ਰਾਉ ਵਿਚ ਅੰਮ੍ਰਿਤ ਪ੍ਰਚਾਰ ਕੀਤਾ ਗਿਆ। 11 ਪ੍ਰਾਣੀ ਨਵੇਂ ਸਿੰਘ ਸਜੇ। ਇਹ ਪਹਿਲਾਂ ਚਮਾਰ ਸਨ, ਇਨ੍ਹਾਂ ਨੇ ਕੇਸ ਪਹਿਲਾਂ ਹੀ ਰੱਖੇ ਹੋਹੇ ਸਨ। (ਚਲਦਾ)

# ਚਾਂਦਨੀ ਚੌਂਕ ਦਾ ਨਾਮ ਬਦਲ ਕੇ ਸੀਸ ਗੰਜ ਰੱਖਿਆ ਜਾਵੇ : ਭਾਜਪਾ

## ਪੰਜਾਬ ਭਾਜਪਾ ਦੇ ਬੁਲਾਰੇ ਨੇ ਦਿੱਲੀ ਦੀ ਮੁੱਖ ਮੰਤਰੀ ਨੂੰ ਲਿਖਿਆ ਪੱਤਰ

ਚੰਡੀਗੜ੍ਹ : ਭਾਰਤੀ ਜਨਤਾ ਪਾਰਟੀ ਪੰਜਾਬ ਦੇ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਦਿੱਲੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ 350ਵੇਂ ਸ਼ਹੀਦੀ ਦਿਹਾੜੇ ਮੌਕੇ 'ਤੇ ਇਤਿਹਾਸਕ ਚਾਂਦਨੀ ਚੌਂਕ ਇਲਾਕੇ ਦਾ ਨਾਮ ਬਦਲ ਕੇ "ਸੀਸ ਗੰਜ" ਰੱਖਿਆ ਜਾਵੇ।

ਭਾਜਪਾ ਦੇ ਬੁਲਾਰੇ ਨੇ ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੂੰ ਲਿਖੇ ਪੱਤਰ 'ਚ ਇਹ ਵੀ ਮੰਗ ਕੀਤੀ ਹੈ ਕਿ ਚਾਂਦਨੀ ਚੌਂਕ ਦੇ ਇਲਾਕੇ ਦੇ ਆਸ ਪਾਸ ਦੇ ਮੈਟਰੋ ਸਟੇਸ਼ਨਾਂ ਦੇ ਨਾਮ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਸ਼ਹੀਦ ਹੋਏ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਨਾਮ 'ਤੇ ਰੱਖੇ ਜਾਣ।

ਬੱਲੀਏਵਾਲ ਨੇ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਪੱਤਰ ਲਿਖ ਕੇ ਕਿਹਾ ਹੈ ਕਿ ਉਪਰੋਕਤ ਨਾਮਕਰਨ ਨਾਲ ਦੇਸ਼ ਦੀਆਂ ਅਗਲੀਆਂ ਪੀੜੀਆਂ "ਹਿੰਦ ਦੀ ਚਾਦਰ"ਗੁਰੂ ਤੇਗ਼ ਬਹਾਦਰ ਜੀ ਦੀ ਮਹਾਨ ਸ਼ਹੀਦੀ ਬਾਰੇ ਜਾਣੂ ਹੋ ਸਕਣਗੀਆਂ। ਉਨ੍ਹਾਂ ਕਿਹਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ "ਸਰਬੱਤ ਦਾ ਭਲਾ"ਦੇ ਸਿਧਾਂਤ ਤੇ ਚੱਲਦੇ ਹੋਏ ਆਪਣੇ ਸੀਸ ਦਾ ਬਲੀਦਾਨ ਦਿੱਤਾ। ਦਿੱਲੀ ਵਿੱਚ ਭਾਈ ਮਤੀ ਦਾਸ ਨੂੰ ਆਰਿਆਂ ਨਾਲ ਚੀਰਿਆ ਗਿਆ ਅਤੇ ਭਾਈ ਸਤੀ ਦਾਸ ਜੀ ਨੂੰ ਰੂਈ 'ਚ ਲਪੇਟ ਕੇ ਸ਼ਹੀਦ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਭਾਈ ਦਿਆਲਾ ਜੀ ਨੂੰ ਉੱਬਲਦੇ ਪਾਣੀ ਵਿੱਚ ਸੁੱਟ ਕੇ ਸ਼ਹੀਦ ਕੀਤਾ ਗਿਆ। ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਉਸ ਸਥਾਨ 'ਤੇ ਧੜ ਤੋਂ ਅਲੱਗ ਕਰ ਦਿੱਤਾ ਗਿਆ ਜਿੱਥੇ ਅੱਜ ਗੁਰਦੁਆਰਾ ਸ਼ ?ਰੀ ਸੀਸ ਗੰਜ ਸਾਹਿਬ ਸਥਿਤ ਹੈ। ਇਹ ਸਥਾਨ ਅੱਜ ਵੀ ਤਿਆਗ, ਧਰਮ ਤੇ ਅਜ਼ਾਦੀ ਦੀ ਰੱਖਿਆ ਦਾ ਜਿਉਂਦੀ ਜਾਗਦੀ ਉਦਾਹਰਨ ਹੈ।



# ਲੰਡਨ 'ਚ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਚਿੱਤਰ 11 ਕਰੋੜ ਰੁਪਏ 'ਚ ਨਿਲਾਮ

## ਮੈਸੂਰ ਦੇ ਹਾਕਮ ਟੀਪੂ ਸੁਲਤਾਨ ਦੀਆਂ ਪਿਸਤੌਲਾਂ 12 ਕਰੋੜ 'ਚ ਵਿਕੀਆਂ



ਲੰਡਨ : ਬੀਤੇ ਦਿਨੀਂ ਲੰਡਨ 'ਚ ਸੋਥਬੀਜ਼ ਨਿਲਾਮੀ ਘਰ ਦੇ 'ਆਰਟਸ ਆਫ਼ ਦਿ ਇਸਲਾਮਿਕ ਵਰਲਡ ਐਂਡ ਇੰਡੀਆ' ਨਿਲਾਮੀ ਦੌਰਾਨ ਭਾਰਤ ਨਾਲ ਜੁੜੀਆਂ ਕਈ ਇਤਿਹਾਸਕ ਵਸਤਾਂ ਦੀ ਨਿਲਾਮੀ ਹੋਈ ਤੇ ਨਵੇਂ ਰਿਕਾਰਡ ਬਣੇ, ਜਿਸ 'ਚ ਕੁੱਲ ਇਕ ਕਰੋੜ ਪੌਂਡ ਤੋਂ ਵੱਧ ਦੀ ਰਕਮ ਇਕੱਠੀ ਹੋਈ। ਇਸ ਨਿਲਾਮੀ 'ਚ ਖ਼ਾਲਸਾ ਰਾਜ ਦੇ ਮਹਾਰਾਜਾ ਰਣਜੀਤ ਸਿੰਘ ਨਾਲ ਸੰਬੰਧਿਤ ਇਕ ਚਿੱਤਰ ਲਗਭਗ 11 ਕਰੋੜ ਰੁਪਏ ਤੋਂ ਵੱਧ (9 ਲੱਖ 52 ਹਜ਼ਾਰ 500 ਪੌਂਡ) 'ਚ ਵਿਕਿਆ। ਇਹ ਸਿੱਖ ਕਲਾ ਦੇ ਖੇਤਰ 'ਚ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ। ਚਿੱਤਰਕਾਰ ਸ. ਬਿਸ਼ਨ ਸਿੰਘ ਵਲੋਂ ਬਣਾਈ ਗਈ ਇਸ ਕਲਾਕ੍ਰਿਤੀ 'ਚ ਮਹਾਰਾਜਾ ਰਣਜੀਤ ਸਿੰਘ ਹਾਥੀ 'ਤੇ ਸਵਾਰ ਹਨ ਅਤੇ ਉਨ੍ਹਾਂ ਨੂੰ ਉਸ ਸਮੇਂ ਦੀ ਰਾਜਧਾਨੀ ਲਾਹੌਰ ਦੇ ਬਾਜ਼ਾਰ 'ਚੋਂ ਇਕ ਜਲੂਸ ਦੀ ਸ਼ਕਲ 'ਚ ਜਾਂਦੇ ਹੋਏ ਦਰਸਾਇਆ ਗਿਆ ਹੈ। ਤਸਵੀਰ 'ਚ ਉਨ੍ਹਾਂ ਨਾਲ ਉਨ੍ਹਾਂ ਦੇ ਪੁੱਤਰ ਸ਼ੇਰ ਸਿੰਘ, ਭਾਈ ਰਾਮ ਸਿੰਘ, ਰਾਜਾ ਗੁਲਾਬ ਸਿੰਘ ਤੇ ਹੋਰ ਦਰਬਾਰੀ ਵੀ ਸ਼ਾਮਿਲ ਦਿਖਾਈ ਦੇ ਰਹੇ ਹਨ। ਇਸ ਤੋਂ ਇਲਾਵਾ ਦੂਸਰੀ ਵਸਤੂ (ਆਈਟਮ) ਦੀ ਹੋਈ ਨਿਲਾਮੀ ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਲਈ ਬਣਾਈਆਂ ਗਈਆਂ ਚਾਂਦੀ



ਨਾਲ ਜੜੀਆਂ ਫ਼ਲਿੰਟਲਾਕ ਪਿਸਤੌਲਾਂ ਦੀ ਜੋੜੀ ਕਰੀਬ 12 ਕਰੋੜ (11 ਲੱਖ ਪੌਂਡ) 'ਚ ਇਕ ਨਿੱਜੀ ਸੰਗ੍ਰਹਿ ਕਰਤਾ ਨੇ ਖਰੀਦੀਆਂ, ਜੋ ਇਸ ਦੀ ਅਨੁਮਾਨਿਤ ਕੀਮਤ ਤੋਂ ਲਗਭਗ 14 ਗੁਣਾ ਜ਼ਿਆਦਾ ਕਿਆਸੀਆਂ ਗਈਆਂ ਹਨ। ਇਹ ਪਿਸਤੌਲਾਂ 1799 'ਚ ਈਸਟ ਇੰਡੀਆ ਕੰਪਨੀ ਦੁਆਰਾ ਸ੍ਰੀਰੰਗਾਪਟਨਮ ਦੀ ਲੜਾਈ ਦੌਰਾਨ ਟੀਪੂ ਸੁਲਤਾਨ ਦੇ ਖ਼ਜ਼ਾਨੇ ਤੋਂ ਹਾਸਿਲ ਕੀਤੀਆਂ ਗਈਆਂ ਸਨ। ਟੀਪੂ ਸੁਲਤਾਨ ਨਾਲ ਸੰਬੰਧਿਤ ਇਕ ਹੋਰ ਚਾਂਦੀ ਨਾਲ ਜੜੀ ਬੰਦੂਕ 'ਬਲੰਡਰਬਸ' ਜਾਂ 'ਬੁਕਮਾਰ' ਵੀ 5 ਲੱਖ 71 ਹਜ਼ਾਰ 500 ਪੌਂਡ (ਸਾਢੇ 6 ਕਰੋੜ ਰੁਪਏ ਤੋਂ ਵੱਧ) 'ਚ ਨਿਲਾਮ ਹੋਈ। ਇਸ ਤੋਂ ਇਲਾਵਾ ਮੁਗ਼ਲ ਬਾਦਸ਼ਾਹ ਅਕਬਰ ਦੀ ਲਾਇਬ੍ਰੇਰੀ ਤੋਂ ਮਿਲੀ 16ਵੀਂ ਸਦੀ ਦੀ ਇਕ ਕੁਰਾਨ ਦੀ ਪਾਂਡੁਲਿਪੀ 8 ਲੱਖ 63 ਹਜ਼ਾਰ 600 ਪੌਂਡ (10 ਕਰੋੜ ਰੁਪਏ ਤੋਂ ਵੱਧ) 'ਚ ਵੇਚੀ ਗਈ। ਇਸ ਨਿਲਾਮੀ 'ਚ ਭਾਰਤ ਨਾਲ ਜੁੜੀਆਂ ਹੋਰ ਕਈ ਵਸਤਾਂ ਵੀ ਸ਼ਾਮਿਲ ਸਨ। ਜਿਵੇਂ ਕਿ 52 ਭਾਰਤੀ ਪਹਿਰਾਵਿਆਂ ਦੀਆਂ ਤਸਵੀਰਾਂ ਵਾਲਾ ਇਕ ਐਲਬਮ ਸੈੱਟ ਜੋ 6 ਲੱਖ 9 ਹਜ਼ਾਰ 600 ਪੌਂਡ (7 ਕਰੋੜ ਰੁਪਏ ਤੋਂ ਵੱਧ) 'ਚ ਵਿਕਿਆ। ਇਕ ਜੜਾਊ ਖੰਜ਼ਰ ਤੇ 17ਵੀਂ ਸਦੀ ਦੀ 'ਝੀਲ 'ਚ ਖੇਡਦੇ ਹਾਥੀ' ਦੀ ਪੇਂਟਿੰਗ ਵੀ ਉੱਚੇ ਮੁੱਲ 'ਤੇ ਨਿਲਾਮ ਹੋਈਆਂ। ਸੋਥਬੀਜ਼ ਅਨੁਸਾਰ ਇਸ ਹਫ਼ਤੇ ਦੀ ਨਿਲਾਮੀ 'ਚ 25 ਦੇਸ਼ਾਂ ਦੇ ਖ਼ਰੀਦਦਾਰਾਂ ਨੇ ਹਿੱਸਾ ਲਿਆ ਤੇ 20 ਫ਼ੀਸਦੀ ਖ਼ਰੀਦਦਾਰ ਨਵੇਂ ਸਨ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੇਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੇਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਉਲਟੀਆਂ ਪਿਛਲੇ 12 ਘੰਟਿਆਂ ਤੋਂ ਲਗਾਤਾਰ ਆ ਰਹੀਆਂ ਹਨ।
2. ਉਲਟੀਆਂ ਦੇ ਨਾਲ ਨਾਲ ਬੁਖ਼ਾਰ ਅਤੇ ਪੇਟ ਦਰਦ ਹੁੰਦਾ ਹੈ (ਖ਼ਾਸ ਤੌਰ 'ਤੇ ਜੇਕਰ ਪੇਟ ਦਰਦ ਸੱਜੇ ਪਾਸੇ ਹੋਵੇ, ਜੋ ਕਿ ਅਪੈਂਨਡਿਕਸ ਦਾ ਦਰਦ ਹੋ ਸਕਦਾ ਹੈ)।
3. ਅੱਠ ਘੰਟੇ ਤੋਂ ਪਿਸ਼ਾਬ ਨਹੀਂ ਆਇਆ।
4. ਉਲਟੀ ਦੇ ਨਾਲ ਖ਼ੂਨ ਆਉਂਦਾ ਹੈ।
5. ਬਲੱਡ ਪ੍ਰੈਸ਼ਰ ਘੱਟ ਹੋਣਾ ਅਤੇ ਚੱਕਰ ਆਉਣੇ।
6. ਜੇਕਰ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਕਰ ਰਹੇ ਹੋ।

**ਪੇਚਸ਼**
**(ਡਾਇਰੀਆ)**

ਤਰਲ ਮਲ ਦੇ ਸਰੀਰ ਵਿੱਚੋਂ ਵਾਰ-ਵਾਰ ਬਾਹਰ ਨਿਕਲਣ ਨੂੰ ਪੇਚਸ਼ (ਡਾਇਰੀਆ) ਕਿਹਾ ਜਾਂਦਾ ਹੈ। ਪੇਚਸ਼ (ਡਾਇਰੀਆ) ਉਦੋਂ ਹੁੰਦਾ ਹੈ ਜਦੋਂ ਸਰੀਰ ਵਿੱਚੋਂ ਪਾਣੀ, ਪਚਣ ਤੋਂ ਪਹਿਲਾਂ ਹੀ ਮਲ ਦੇ ਨਾਲ ਬਾਹਰ ਆਉਣ ਲੱਗਦਾ ਹੈ। ਪੇਚਸ਼ ਦੇ ਕਾਰਨ ਸਰੀਰ ਵਿੱਚੋਂ ਜੀਵਾਣੂ ਜਾਂ ਬੈਕਟੀਰੀਆ ਬਾਹਰ ਨਿੱਕਲ ਜਾਂਦੇ ਹਨ।

**ਕਾਰਨ :**

1. ਜਹਿਰੀਲਾ ਖਾਣਾ (ਬੈਕਟੀਰੀਆ)।
2. ਪੇਟ ਦਾ ਫਲੂ (ਜੀਵਾਣੂ)।
3. ਦਵਾਈਆਂ।
4. ਮਾਨਸਿਕ ਤਣਾਓ।
5. ਭੋਜਨ ਦਾ ਨਾ ਪਚਣਾ।

**ਘਰੇਲੂ ਇਲਾਜ :**

1. ਆਪਣੇ ਪੇਟ ਨੂੰ ਤਕਰੀਬਨ 12-24 ਘੰਟੇ ਆਰਾਮ




ਦਿਵਾਓ, ਭੁੱਖ ਲੱਗਣ 'ਤੇ ਹੀ ਕੁਝ ਖਾਓ।
2. ਪਹਿਲੇ 10-12 ਘੰਟੇ ਪੇਚਸ਼ ਨੂੰ ਰੋਕਣ ਲਈ ਕੋਈ ਦਵਾਈ ਨਾ ਲਵੋ, ਕਿਉਂਕਿ ਅਜਿਹੇ ਹਾਲਾਤ ਵਿੱਚ ਪੇਚਸ਼ (ਡਾਇਰੀਆ) ਸਰੀਰ ਵਿੱਚੋਂ ਆਮ ਜੀਵਾਣੂ ਜਾਂ ਬੈਕਟੀਰੀਆ ਬਾਹਰ ਕੱਢਦਾ ਹੈ।
3. ਮਸਾਲੇ ਵਾਲੇ ਖਾਣੇ ਨਾ ਖਾਓ।
4. ਸ਼ਰਾਬ ਅਤੇ ਕੌਫ਼ੀ ਨਾ ਪੀਓ।
5. 2-3 ਦਿਨਾਂ ਲਈ ਦੁੱਧ ਨਾ ਪੀਓ।
6. ਚੌਲ ਜਾਂ ਕੇਲੇ ਖਾ ਸਕਦੇ ਹੋ।
7. ਤਰਲ ਪਦਾਰਥ ਤੇ ਪਾਣੀ ਜ਼ਿਆਦਾ ਪੀਓ।
8. ਮਾਨਸਿਕ ਤਣਾਓ ਦੇ ਕਾਰਨ ਪੇਚਸ਼ ਲੰਬੇ ਸਮੇਂ ਤਕ, ਥੋੜ੍ਹਾ ਥੋੜ੍ਹਾ ਚੱਲਦਾ ਰਹਿੰਦਾ ਹੈ, ਜਿਸਦਾ ਇਲਾਜ, ਇਸਦੇ ਕਾਰਨ ਨੂੰ ਸਮਝ ਕੇ ਮਾਨਸਿਕ ਤਣਾਓ 'ਤੇ ਕਾਬੂ ਪਾਉਣਾ ਹੈ।
9. ਸਰੀਰ ਵਿੱਚ ਪਾਣੀ ਦੇ ਘੱਟ ਹੋਣ ਦੀ ਰੋਕਥਾਮ/ਬਚਾਅ ਅਤੇ ਇਲਾਜ ਲਈ ਰੀ-ਹਾਈਡ੍ਰੇਸ਼ਨ ਡ੍ਰਿੰਕ ਪੀਓ। ਰੀ-ਹਾਈਡ੍ਰੇਸ਼ਨ ਡ੍ਰਿੰਕ ਬਣਾਉਣ ਦਾ ਤਰੀਕਾ : 4 ਕੱਪ ਪਾਣੀ, ਅੱਧਾ ਚੱਮਚ ਨਮਕ, 3-4 ਚੱਮਚ ਚੀਨੀ ਮਿਲਾਓ, ਇਸਨੂੰ ਥੋੜ੍ਹਾ ਥੋੜ੍ਹਾ ਕਰਕੇ 2-3 ਦਿਨ ਤਕ ਪੀਂਦੇ ਰਹੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਤੁਹਾਨੂੰ ਪੇਚਸ਼ ਦੇ ਨਾਲ ਖ਼ੂਨ ਆਉਂਦਾ ਹੈ।
2. ਜੇਕਰ ਤੁਹਾਨੂੰ ਪੇਚਸ਼ ਦੇ ਨਾਲ ਬੁਖ਼ਾਰ ਹੈ।
3. ਜੇਕਰ ਤੁਸੀਂ ਬਹੁਤ ਜ਼ਿਆਦਾ ਕਮਜ਼ੋਰੀ ਮਹਿਸੂਸ ਕਰਦੇ ਹੋ।
4. ਜੇਕਰ ਤੁਹਾਨੂੰ ਚੱਕਰ ਆਉਂਦੇ ਹਨ।
5. ਜੇਕਰ ਤੁਹਾਡੇ ਸਰੀਰ ਵਿੱਚ ਪਾਣੀ ਘਾਟ ਕਾਰਨ ਪਿਸ਼ਾਬ ਆਉਣਾ ਬੰਦ ਹੋ ਜਾਵੇ।
6. ਜੇਕਰ ਪੇਚਸ਼ ਦੇ ਨਾਲ ਬਹੁਤ ਜ਼ਿਆਦਾ ਪੇਟ ਦਰਦ ਹੋਵੇ।

**ਕਬਜ਼**
**(ਕੌਂਨਸਟੀਪੇਸ਼ਨ)**

ਮਲ ਦੇ ਸਖ਼ਤ ਹੋਣ ਕਾਰਨ, ਮਲ ਕਰਨ ਵਿੱਚ ਆਉਂਦੀ ਮੁਸ਼ਕਲ ਨੂੰ ਕਬਜ਼ ਕਿਹਾ ਜਾਂਦਾ ਹੈ। ਜੇਕਰ ਤੁਹਾਡਾ ਮਲ ਨਰਮ ਹੈ ਅਤੇ ਤੁਸੀਂ ਸੌਖੇ ਹੀ ਇਸਨੂੰ ਕਰ ਸਕਦੇ ਹੋ ਤਾਂ ਤੁਹਾਨੂੰ ਕਬਜ਼ ਨਹੀਂ ਹੈ, ਭਾਵੇਂ ਕਿ ਮਲ ਦੂਸਰੇ ਜਾਂ ਤੀਸਰੇ ਦਿਨ ਹੀ ਕਿਉਂ ਨਾ ਆਵੇ।

**ਕਾਰਨ :**

1. ਘੱਟ ਪਾਣੀ ਪੀਣ ਕਾਰਨ।
2. ਖਾਣੇ ਵਿੱਚ ਫ਼ਾਈਬਰ ਦੀ ਮਾਤਰਾ ਘੱਟ ਲੈਣ ਨਾਲ।
3. ਕਸਰਤ ਨਾ ਕਰਨ ਕਰਕੇ।
4. ਮਲ ਨੂੰ ਕਾਫ਼ੀ ਦੇਰ ਰੋਕਣ ਨਾਲ।
5. ਯਾਤਰਾ (ਮਲ ਕਰਨ ਦੇ ਸਮੇਂ ਵਿੱਚ ਤਬਦੀਲੀ ਹੋਣ ਕਰਕੇ)।
6. ਕੁਝ ਦਵਾਈਆਂ ਦੇ ਕਾਰਨ।

**ਰੋਕਥਾਮ/ਬਚਾਅ :**

1. ਜ਼ਿਆਦਾ ਫ਼ਾਈਬਰ ਵਾਲਾ ਖਾਣਾ ਖਾਓ - ਫਲ, ਸਬਜ਼ੀਆਂ।
2. ਚਰਬੀ ਵਾਲੇ ਭੋਜਨ ਘੱਟ ਖਾਓ।
2. ਜ਼ਿਆਦਾ ਪਾਣੀ ਪੀਓ - 8 ਕੱਪ ਪਾਣੀ ਰੋਜ਼ਾਨਾ।
3. ਰੋਜ਼ਾਨਾ ਕਸਰਤ ਕਰੋ।
4. ਮਲ ਕਰਨ ਵਿੱਚ ਦੇਰੀ ਨਾ ਕਰੋ ਜਾਂ ਇਸਨੂੰ ਨਜ਼ਰਅੰਦਾਜ਼ ਨਾ ਕਰੋ ਅਤੇ ਮਲ ਜਾਣ ਦਾ ਇੱਕ ਸਮਾਂ ਨਿਸਚਿਤ ਕਰੋ।

**ਘਰੇਲੂ ਇਲਾਜ :**

1. ਹੋਰ ਜ਼ਿਆਦਾ ਪਾਣੀ ਪੀਓ।
2. ਹੋਰ ਜ਼ਿਆਦਾ ਫਲ ਅਤੇ ਸਬਜ਼ੀਆਂ ਖਾਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਕਬਜ਼ ਦੇ ਨਾਲ ਬਹੁਤ ਜ਼ਿਆਦਾ ਤਿੱਖਾ ਪੇਟ ਦਰਦ।
2. ਸਖ਼ਤ ਮਲ ਦੇ ਨਾਲ ਨਾਲ ਖ਼ੂਨ ਦਾ ਵਗਣਾ।
3. ਜੇਕਰ ਕਬਜ਼ ਇੱਕ ਹਫ਼ਤੇ ਤੋਂ ਜ਼ਿਆਦਾ ਤਕ ਰਹਿੰਦੀ ਹੈ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਪਹਿਲਾਂ ਅਮਰੀਕਾ, ਹੁਣ ਕੈਨੇਡਾ ਤੋਂ ਵੀ ਝਟਕਾ, ਭਾਰਤੀ ਵਿਦਿਆਰਥੀਆਂ ਦੀਆਂ 4 'ਚੋਂ 3 ਵੀਜ਼ਾ ਅਰਜ਼ੀਆਂ ਰੱਦ

ਓਟਾਵਾ : ਅਮਰੀਕਾ ਨਾਲ ਟੈਰਿਫ ਤਣਾਅ ਵਿਚਾਲੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧ ਸੁਧਾਰਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਇਸ ਦਰਮਿਆਨ, ਅਜਿਹੇ ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਨੇ ਝਟਕਾ ਦਿੱਤਾ ਹੈ ਜੋ ਉਥੋਂ ਦਾ ਵੀਜ਼ਾ ਹਾਸਲ ਕਰਨ ਦੀ ਦੌੜ ਵਿਚ ਸ਼ਾਮਲ ਸਨ।




ਸਰਕਾਰੀ ਅੰਕੜਿਆਂ ਮੁਤਾਬਕ, 4 ਵਿਚੋਂ 3 ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਦਰਅਸਲ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਕੈਨੇਡਾ ਦੀਆਂ ਸਖ਼ਤ ਪਾਬੰਦੀਆਂ ਦਾ ਇਹ ਬੁਰਾ ਅਸਰ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਸਥਾਨ ਹੋਇਆ ਕਰਦਾ ਸੀ, ਪਰ ਹੁਣ ਉਹ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਆਪਣੀ ਪ੍ਰਸਿੱਧੀ ਗੁਆ ਰਿਹਾ ਹੈ।

ਦਰਅਸਲ, ਕੈਨੇਡਾ ਨੇ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨ ਅਤੇ ਵਿਦਿਆਰਥੀ ਵੀਜ਼ਿਆਂ ਨਾਲ ਜੁੜੀ ਧੋਖਾਦੇਹੀ ਨਾਲ ਨਜਿੱਠਣ ਦੀਆਂ ਵਿਆਪਕ ਕੋਸ਼ਿਸ਼ਾਂ ਦੇ ਤਹਿਤ 2025 ਦੀ ਸ਼ੁਰੂਆਤ ਵਿਚ ਲਗਾਤਾਰ ਦੂਜੇ ਸਾਲ ਜਾਰੀ ਕੀਤੇ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਦੀ ਗਿਣਤੀ ਘੱਟ ਕਰ ਦਿੱਤੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਵਿਭਾਗ ਵੱਲੋਂ ਮੁਹੱਈਆ ਕਰਾਏ ਗਏ ਅੰਕੜਿਆਂ ਮੁਤਾਬਕ, ਅਗਸਤ 2025 ਵਿਚ ਲੱਗਭਗ 74 ਫੀਸਦੀ ਭਾਰਤੀ ਅਰਜ਼ੀਆਂ ਅਸਵੀਕਾਰ ਕਰ ਦਿੱਤੀਆਂ ਗਈਆਂ ਹਨ, ਜਦਕਿ 2 ਸਾਲ ਪਹਿਲਾਂ ਅਗਸਤ 2023 ਵਿਚ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਨੂੰ ਰੱਦ ਕਰਨ ਦਾ ਅੰਕੜਾ 32 ਫੀਸਦੀ ਸੀ। ਭਾਵ, ਤਾਜ਼ਾ ਅੰਕੜਿਆਂ ਮੁਤਾਬਕ, ਕੈਨੇਡਾ ਦੀਆਂ ਉੱਚ ਸੈਕੰਡਰੀ ਸੰਸਥਾਵਾਂ ਵਿਚ ਅਧਿਐਨ ਲਈ ਵੀਜ਼ਾ ਮੰਗਣ ਵਾਲੇ ਹਰ 4 ਵਿਚੋਂ 3 ਭਾਰਤੀ ਵਿਦਿਆਰਥੀਆਂ ਨੂੰ ਨਿਰਾਸ਼ਾ ਹੱਥ ਲੱਗੀ ਹੈ।

**ਚੀਨੀ ਅਰਜ਼ੀਆਂ ਰੱਦ ਕਰਨ ਦੀ ਦਰ ਭਾਰਤ ਨਾਲੋਂ ਘੱਟ :** ਕੈਨੇਡਾ ਨੇ ਭਾਰਤ ਸਮੇਤ ਚੀਨ ਅਤੇ ਹੋਰ ਦੇਸ਼ਾਂ ਨੂੰ ਇਹ ਝਟਕਾ ਦਿੱਤਾ ਹੈ ਪਰ ਚੀਨੀ ਅਰਜ਼ੀਆਂ ਨੂੰ ਅਸਵੀਕਾਰ ਕਰਨ ਦੀ ਦਰ ਭਾਰਤ ਨਾਲੋਂ ਘੱਟ ਹੈ। ਅੰਕੜੇ ਦਰਸਾਉਂਦੇ ਹਨ ਕਿ ਅਗਸਤ 2025 ਤੱਕ ਲੱਗਭਗ 24 ਫੀਸਦੀ ਚੀਨੀ ਅਧਿਐਨ ਪਰਮਿਟ ਕੈਨੇਡਾ ਨੇ ਅਸਵੀਕਾਰ ਕਰ ਦਿੱਤੇ ਹਨ। ਭਾਰਤੀ ਬਿਨੈਕਾਰ ਪਹਿਲਾਂ ਤੋਂ ਹੀ ਬਹੁਤ ਘੱਟ ਹੋ ਚੁੱਕੇ ਹਨ। ਭਾਰਤੀ ਬਿਨੈਕਾਰਾਂ ਦੀ ਗਿਣਤੀ ਅਗਸਤ 2023 ਵਿਚ 20,900 ਤੋਂ ਘਟ ਕੇ ਅਗਸਤ 2025 ਵਿਚ 4,515 ਰਹਿ ਗਈ। ਇਨ੍ਹਾਂ ਵਿਚੋਂ 74% ਅਰਜ਼ੀਆਂ ਨੂੰ ਰੱਦ ਕਰ ਦਿੱਤਾ ਗਿਆ।

# 'ਚਰਣ ਸੁਹਾਵੇ ਗੁਰੂ ਚਰਨ ਯਾਤਰਾ' ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਈ

ਅੰਮ੍ਰਿਤਸਰ : ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜੇ ਸਾਹਿਬ ਨੂੰ ਲੈ ਕੇ ਦਿੱਲੀ ਦੇ ਗੁਰਦੁਆਰਾ ਮੋਤੀ ਸਾਹਿਬ ਤੋਂ ਚੱਲ ਕੇ 'ਚਰਣ ਸੁਹਾਵੇ ਗੁਰੂ ਚਰਨ ਯਾਤਰਾ' ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੁੱਜ ਕੇ ਸੰਪੂਰਨ ਹੋਈ, ਜਿਥੇ ਗੁਰੂ ਸਾਹਿਬ ਅਤੇ ਮਾਤਾ ਜੀ ਦੇ ਜੋੜੇ ਸਾਹਿਬ ਨੂੰ ਲਈ ਤਖ਼ਤ ਸਾਹਿਬ ਦੇ ਦੀਵਾਨ ਹਾਲ ਪਿੱਛੇ ਸਥਿਤ ਗੁੰਬਦ ਵਿਚ ਸੁਸ਼ੋਭਿਤ ਕੀਤਾ ਗਿਆ ਤਾਂ ਜੋ ਸੰਗਤ ਉਨ੍ਹਾਂ ਦੇ ਦਰਸ਼ਨ ਕਰ ਸਕੇ। ਯਾਤਰਾ ਦੀ ਸੰਪੂਰਨਤਾ ਮੌਕੇ ਕੇਂਦਰੀ ਮੰਤਰੀ ਸ. ਹਰਦੀਪ ਸਿੰਘ ਪੁਰੀ ਨੇ ਵੀ ਪਰਿਵਾਰ ਸਮੇਤ ਹਾਜ਼ਰੀ ਭਰੀ। ਇਸ ਮੌਕੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਵਧੀਕ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ, ਗਿਆਨੀ ਗੁਰਦਿਆਲ ਸਿੰਘ, ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਸੀਨੀਅਰ ਉਪ ਪ੍ਰਧਾਨ ਲਖਵਿੰਦਰ ਸਿੰਘ, ਉਪ ਪ੍ਰਧਾਨ ਗੁਰਵਿੰਦਰ ਸਿੰਘ, ਮੀਡੀਆ



ਇੰਚਾਰਜ ਸੁਦੀਪ ਸਿੰਘ, ਸੁਮਿਤ ਸਿੰਘ ਕਲਸੀ, ਸੁਪਰਟੈਂਡੈਂਟ ਦਲਜੀਤ ਸਿੰਘ ਅਤੇ ਮੈਨੇਜਰ ਪਪਿੰਦਰ ਸਿੰਘ ਆਦਿ ਨੇ ਯਾਤਰਾ ਵਿਚ ਸ਼ਾਮਿਲ ਪੰਜ ਪਿਆਰੇ ਸਾਹਿਬਾਨ ਅਤੇ ਹਰਦੀਪ ਸਿੰਘ ਪੁਰੀ ਦੇ ਪਰਿਵਾਰ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ। ਸ. ਸੋਹੀ ਸਮੇਤ ਹੋਰ ਕਮੇਟੀ ਮੈਂਬਰਾਂ ਨੇ ਇੰਦਰਪ੍ਰੀਤ ਸਿੰਘ ਬਖ਼ਸ਼ੀ, ਯਾਤਰਾ ਦੇ ਕੋਆਰਡੀਨੇਟਰ ਜਸਬੀਰ ਸਿੰਘ ਧਾਮ ਅਤੇ ਇੰਚਾਰਜ ਹਰਜੀਤ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰਧਾਨ ਸੋਹੀ ਨੇ ਦੱਸਿਆ ਕਿ ਗੁਰੂ ਚਰਣ ਯਾਤਰਾ ਬੀਤੀ ਦੇਰ ਸ਼ਾਮ ਸਾਸਾਰਾਮ ਤੋਂ ਚੱਲ ਕੇ ਦੇਰ ਰਾਤ ਗੁਰਦੁਆਰਾ ਗੁਰੂ ਕਾ ਬਾਗ ਪਹੁੰਚੀ ਸੀ ਜਿਥੋਂ ਅੱਜ ਸਵੇਰੇ ਨਗਰ ਕੀਰਤਨ ਦੇ ਰੂਪ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੁੱਜੀ।

# ਕੈਨੇਡਾ 'ਚ 3 ਭਾਰਤੀ ਔਰਤਾਂ ਨੂੰ ਮਿਲਿਆ 'ਸ਼ਕਤੀਸ਼ਾਲੀ ਔਰਤ' ਦਾ ਸਨਮਾਨ

ਐਬਟਸਫੋਰਡ : ਕੈਨੇਡਾ 'ਚ ਆਪੋ ਆਪਣੇ ਖੇਤਰਾਂ ਵਿਚ ਸਫ਼ਲ ਔਰਤਾਂ ਨੂੰ ਉਤਸ਼ਾਹਿਤ ਕਰਨ ਵਾਲੀ ਸੰਸਥਾ ਵੂਮੈਨਜ਼ ਐਗਜ਼ੀਕਿਊਟਿਵ ਨੈੱਟਵਰਕ ਵਲੋਂ ਸਾਲ 2025 ਲਈ ਕੈਨੇਡਾ 'ਚ ਮੋਸਟ ਪਾਵਰਫੁੱਲ ਟਾਪ 100 ਦੇ ਸਨਮਾਨ ਲਈ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵੱਕਾਰੀ ਸਨਮਾਨ ਲਈ 3 ਭਾਰਤੀ ਔਰਤਾਂ ਡਾ. ਸ਼ੀਲਾ ਸਿੰਘ, ਸਵੀਨਾ ਧਾਲੀਵਾਲ ਤੇ ਭਾਰਤੀ ਮਾਇਆ ਨਥਾਨੀ ਵੀ ਚੁਣੀਆਂ ਗਈਆਂ ਹਨ। ਸੰਸਥਾ ਵਲੋਂ ਇਹ ਸਨਮਾਨ ਹਰ ਸਾਲ ਉਨ੍ਹਾਂ ਔਰਤਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਸਮਾਜ ਸੇਵਾ ਦੇ ਖੇਤਰ ਅਤੇ ਔਰਤਾਂ ਦੀ ਭਲਾਈ ਵਿਚ ਅਹਿਮ ਯੋਗਦਾਨ ਪਾਇਆ





ਹੋਵੇ। ਡਾ. ਸ਼ੀਲਾ ਸਿੰਘ ਮੈਕਮਾਸਟਰ ਯੂਨੀਵਰਸਿਟੀ ਵਿਖੇ ਪ੍ਰੋਫ਼ੈਸਰ ਤੇ ਨਿਊਰੋਸਰਜਰੀ ਦੀ ਹੈੱਡ ਹੈ। ਬਰੇਨ ਟਿਊਮਰ ਬਾਰੇ ਖੋਜਕਰਤਾ ਡਾ. ਸ਼ੀਲਾ ਸਿੰਘ ਦੇ ਕੁਦਰਤ, ਕੈਂਸਰ ਸੈੱਲ ਤੇ ਕੁਦਰਤੀ ਦਵਾਈ ਬਾਰੇ 200 ਹੱਥ ਲਿਖਤ ਲੇਖ ਛਪ ਚੁੱਕੇ ਹਨ। ਚਾਰਟਰਡ ਪ੍ਰੋਫ਼ੈਸ਼ਨਲ ਅਕਾਊਂਟੈਂਟ ਸਵੀਨਾ ਧਾਲੀਵਾਲ ਪੁਲਿਸ 'ਚ ਚੀਫ਼ ਐਡਮਨਿਸਟ੍ਰੇਟਿਵ ਅਧਿਕਾਰੀ ਹੈ ਜਦਕਿ ਭਾਰਤੀ ਮਾਇਆ ਨਥਾਨੀ ਯੂਨੀਵਰਸਲ ਹੈਲਥ ਕਲੱਬ ਦੀ ਸੰਸਥਾਪਕ ਹੈ ਤੇ ਉਹ ਬਜ਼ੁਰਗਾਂ ਨੂੰ ਉਨ੍ਹਾਂ ਦੀ ਸਿਹਤ ਬਾਰੇ ਸਿੱਖਿਅਤ ਕਰਦੀ ਹੈ।




# ਦੀ ਸਿੱਖ ਸੈਂਟਰ ਆਫ਼ ਨਿਊਯਾਰਕ ਇੰਕ.

**38-17 Parsons Blvd Flushing New York 11355**
**222-31 96th Ave Queens Village New York 11429**

## ਜਨਤਕ ਸੂਚਨਾ

**ਮੈਂਬਰਸ਼ਿਪ ਲਈ ਰਜਿਸਟ੍ਰੇਸ਼ਨ ਹੁਣ ਸ਼ੁਰੂ ਹੈ**

ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਜੀ ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕੀ, ਨਵੀਂ ਮੈਂਬਰਸ਼ਿਪ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਸਿੱਖ ਸੈਂਟਰ ਦੇ ਸੰਵਿਧਾਨ ਅਤੇ ਉਪ-ਨਿਯਮਾਂ (bylaws) ਅਨੁਸਾਰ, ਅਸੀਂ ਦੋਵਾਂ ਗੁਰਦੁਆਰਾ ਸਾਹਿਬ (ਫਲੱਸ਼ਿੰਗ ਅਤੇ ਕੁਈਨਜ਼ ਵਿਲੇਜ) ਤੋਂ ਨਵੀਂ ਮੈਂਬਰਸ਼ਿਪ ਰਜਿਸਟਰ ਕਰਨ ਦੀ ਪ੍ਰਕਿਰਿਆ ਵਿੱਚ ਹਾਂ। ਸਿੱਖ ਸੰਗਤ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ, ਅਸੀਂ ਸਾਧ ਸੰਗਤ ਨੂੰ ਮੈਂਬਰਸ਼ਿਪ ਅਰਜ਼ੀ ਫਾਰਮ ਜਮ੍ਹਾਂ ਕਰਾਉਣ ਲਈ ਬੇਨਤੀ ਕਰਦੇ ਹਾਂ। ਪ੍ਰਬੰਧਕ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ, ਰਜਿਸਟ੍ਰੇਸ਼ਨ ਦੀਆਂ ਮਿਤੀਆਂ ਅਤੇ ਸਥਾਨ ਹੇਠ ਲਿਖੇ ਅਨੁਸਾਰ ਹਨ:

**ਐਤਵਾਰ - 31 ਅਗਸਤ, 2025 ਤੋਂ ਐਤਵਾਰ - 26 ਅਕਤੂਬਰ, 2025 ਤੱਕ ਸਮਾਂ: ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ**
**ਫਲੱਸ਼ਿੰਗ ਸਿੱਖ ਸੈਂਟਰ ਗੁਰੂਘਰ, 38-17 Parsons Blvd Flushing NY 11355 ਐਤਵਾਰ ਦੀਆਂ ਤਰੀਕਾਂ: ਸਤੰਬਰ 7 ਅਤੇ 21, 2025, ਅਕਤੂਬਰ 5, 19 ਅਤੇ 26, 2025 ਕੁਈਨਜ਼ ਵਿਲੇਜ ਗੁਰੂਘਰ, 222-31, 96th Avenue Queens Village, NY 11429**
**ਐਤਵਾਰ ਦੀਆਂ ਤਰੀਕਾਂ: ਅਗਸਤ 31, ਸਤੰਬਰ 14 ਅਤੇ 28, 2025, ਅਕਤੂਬਰ 12 ਅਤੇ 26, 2025**

## ਰਜਿਸਟ੍ਰੇਸ਼ਨ ਲਈ ਜ਼ਰੂਰੀ ਸ਼ਰਤਾਂ:

• ਸਾਰੇ ਬਿਨੈਕਾਰਾਂ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ; • ਫੋਟੋ ਆਈ.ਡੀ., ਜਿਵੇਂ ਕਿ ਡਰਾਈਵਰ ਲਾਇਸੈਂਸ/ਪਾਸਪੋਰਟ/ਸਰਕਾਰੀ-ਜਾਰੀ ਆਈ.ਡੀ.; • ਪਤੇ ਦਾ ਸਬੂਤ (Proof of Address); • ਮੈਂਬਰਸ਼ਿਪ ਫੀਸ $10 ਹੈ; • ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਮੈਂਬਰਸ਼ਿਪ ਦੌਰਾਨ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ ਅਸਲੀ ਹੋਣ • (ਫੋਟੋ ਕਾਪੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ)। ਧੰਨਵਾਦ, ਚੋਣ ਅਤੇ ਮੈਂਬਰਸ਼ਿਪ ਕਮੇਟੀ

**ਹਿੰਮਤ ਸਿੰਘ, 646-358-7745 ਚੇਅਰਮੈਨ, ਚੋਣ ਅਤੇ ਮੈਂਬਰਸ਼ਿਪ ਕਮੇਟੀ**
**ਮਨਦੀਪ ਸਿੰਘ ਮੈਂਬਰ, ਚੋਣ ਅਤੇ ਮੈਂਬਰਸ਼ਿਪ ਕਮੇਟੀ, ਪਰਦੀਪ ਸਿੰਘ, ਮੈਂਬਰ, ਚੋਣ ਅਤੇ ਮੈਂਬਰਸ਼ਿਪ ਕਮੇਟੀ**

---

# The Sikh Center of New York Inc.

**38-17 Parsons Blvd Flushing New York 11355**
**222-31 96th Ave Queens Village New York 11429**

## PUBLIC NOTICE

**REGISTRATION FOR MEMBERSHIP IS NOW OPEN**

As all members of the Sikh Sadh Sangat are aware, registration for the new membership has begun. As per the constitution bylaws of the Sikh Center, we are in the process of registering new memberships from both Gurudwara(s) (Flushing and Queens Village). In order to encourage participation of the Sikh Sangat, we ask the Sadh Sangat to submit membership application forms. As decided by the management, the registration dates and locations are as follows:

**Sunday - August 31, 2025, to Sunday- October 26, 2025 Time: 11:00 AM to 2:00 PM**
**Flushing Sikh Center Gurughar, 38-17 Parsons Blvd Flushing NY 11355**
**Sunday Dates: September 7 and 21, 2025 October 5, 19 and 26, 2025**
**Queens Village Gurughar, 222-31, 96th Avenue Queens Village, NY 11429**
**Sunday Dates: August 31, September 14 and 28, 2025, October 12 & 26, 2025**

## Requirements for Registration:

• All applicants must be 18 years or older; • Photo ID, such as Driver's License/Passport/Government-issued ID; • Proof of Address; • There is a $10 membership fee; • Please make sure all the documents presented during the membership are original (photocopies will not be accepted).

**Thank you Election & Membership Committee**
Himmat Singh, 646-358-7745 Chairman, Election & Membership Committee
Mandeep Singh Member, E & MC , Member, Pardeep Singh E & MC

# ਲਗਾਤਾਰ 5ਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਹਰਜਿੰਦਰ ਸਿੰਘ ਧਾਮੀ

## ਸੇਵਾ ਗੁਰੂ ਸਾਹਿਬ ਦੀ ਭੈਅ ਭਾਵਨੀ ਅਨੁਸਾਰ ਨਿਭਾਉਣ ਦਾ ਯਤਨ ਕਰਾਂਗਾ : ਧਾਮੀ





ਅੰਮ੍ਰਿਤਸਰ : ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਲਈ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਏ ਜਨਰਲ ਇਜਲਾਸ ਦੌਰਾਨ ਅਕਾਲੀ ਦਲ ਬਾਦਲ ਵਲੋਂ ਪੰਜਵੀਂ ਵਾਰ ਚੋਣ ਮੈਦਾਨ ਵਿਚ ਉਤਾਰੇ ਗਏ ਪ੍ਰਧਾਨਗੀ ਅਹੁਦੇ ਲਈ ਉਮੀਦਵਾਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਰੋਧੀ ਧਿਰ ਅਕਾਲੀ ਦਲ ਪੁਨਰ ਸੁਰਜੀਤ ਦੇ ਉਮੀਦਵਾਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਵੱਡੇ ਫਰਕ ਨਾਲ ਹਰਾ ਕੇ ਸ਼੍ਰੋਮਣੀ ਕਮੇਟੀ ਦੇ ਮੁੜ ਪ੍ਰਧਾਨ ਚੁਣੇ ਗਏ। ਕੁੱਲ ਪਈਆਂ 136 ਵੋਟਾਂ ’ਚੋਂ 117 ਵੋਟਾਂ ਸ. ਧਾਮੀ ਨੇ ਪ੍ਰਾਪਤ ਕਰਕੇ ਜਿੱਤ ਹਾਸਿਲ ਕੀਤੀ, ਜਦੋਂ ਕਿ ਸ. ਕਾਹਨੇਕੇ ਨੂੰ ਕੇਵਲ 18 ਵੋਟਾਂ ਪਈਆਂ ਤੇ 1 ਵੋਟ ਰੱਦ ਹੋਈ। ਇਜਲਾਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਮੌਜੂਦ ਸਨ। ਜਨਰਲ ਇਜਲਾਸ ਦੌਰਾਨ ਹਰਜਿੰਦਰ ਸਿੰਘ ਧਾਮੀ ਦਾ ਪ੍ਰਧਾਨ ਵਜੋਂ ਨਾਂਅ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਤਾਈਦ ਮਜੀਦ ਭਾਈ ਰਾਜਿੰਦਰ ਸਿੰਘ ਮਹਿਤਾ ਵਲੋਂ ਕੀਤੀ ਗਈ। ਧਾਮੀ ਦੇ ਮੁਕਾਬਲੇ ਵਿਰੋਧੀ ਧਿਰ ਦੇ ਉਮੀਦਵਾਰ ਮਿੱਠੂ ਸਿੰਘ ਕਾਹਨੇਕੇ ਦਾ ਨਾਂਅ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਵਲੋਂ ਪੇਸ਼ ਕੀਤਾ ਗਿਆ, ਜਿਸ ਦੀ ਤਾਈਦ ਬੀਬੀ ਪਰਮਜੀਤ ਕੌਰ ਲਾਂਡਰਾਂ ਅਤੇ ਤਾਈਦ ਮਜੀਦ ਜਥੇ: ਅਮਰੀਕ ਸਿੰਘ ਸ਼ਾਹਪੁਰ ਨੇ ਕੀਤੀ। 11 ਮੈਂਬਰੀ ਅੰਤ੍ਰਿੰਗ ਕਮੇਟੀ ਬਣਾਉਣ ਲਈ ਅਮਰਜੀਤ ਸਿੰਘ ਬੰਡਾਲਾ ਨੇ ਤਜਵੀਜ਼ ਪੇਸ਼ ਕੀਤੀ, ਜਿਸ ’ਤੇ ਗੁਰਿੰਦਰਪਾਲ ਸਿੰਘ ਗੋਰਾ ਤੇ ਗੁਰਪ੍ਰੀਤ ਸਿੰਘ ਝੱਬਰ ਨੇ ਮੋਹਰ ਲਗਾਈ। ਜਨਰਲ ਇਜਲਾਸ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਵਲੋਂ ਚਲਾਈ ਗਈ।

ਪ੍ਰਧਾਨ ਚੁਣੇ ਜਾਣ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਕੌਮ ਦੀ ਸੇਵਾ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਮੁੜ ਪ੍ਰਾਪਤ ਹੋਈ ਹੈ, ਜਿਸ ਨੂੰ ਗੁਰੂ ਸਾਹਿਬ ਦੀ ਭੈਅ ਭਾਵਨੀ ਅਨੁਸਾਰ ਨਿਭਾਉਣ ਦਾ ਯਤਨ ਕਰਾਂਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਪਹਿਲੀ ਤਰਜੀਹ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਨੂੰ ਸਮੂਹ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕੌਮੀ ਪੱਧਰ ’ਤੇ ਮਨਾਉਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਲੀਡਰਸ਼ਿਪ ਦੇ ਨਾਲ-ਨਾਲ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਸਮਰਪਣ ਦੀ ਭਾਵਨਾ ਨਾਲ ਪੰਥਕ ਕਾਰਜਾਂ ਲਈ ਯਤਨਸ਼ੀਲ ਰਹਿਣਗੇ।

ਐਡਵੋਕੇਟ ਧਾਮੀ ਜਿਥੇ ਮੁੜ ਪ੍ਰਧਾਨ ਚੁਣੇ ਗਏ, ਉਥੇ ਬਾਕੀ ਤਿੰਨ ਅਹੁਦੇਦਾਰ ਵੀ ਪਿਛਲੇ ਸਾਲ ਵਾਲੇ ਰਹੇ। ਅਕਾਲੀ ਦਲ ਬਾਦਲ ਧੜੇ ਦੇ ਹੀ ਰਘੂਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਕਲਿਆਣ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਸ਼ੇਰ ਸਿੰਘ ਮੰਡਵਾਲਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਚੁਣੀ ਗਈ 11 ਮੈਂਬਰੀ ਅੰਤ੍ਰਿੰਗ ਕਮੇਟੀ ’ਚ ਸੁਰਜੀਤ ਸਿੰਘ ਗੜ੍ਹੀ, ਸੁਰਜੀਤ ਸਿੰਘ ਤੁਗਲਵਾਲ, ਸੁਰਜੀਤ ਸਿੰਘ ਕੰਗ, ਗੁਰਪ੍ਰੀਤ ਸਿੰਘ ਝੱਬਰ, ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਬਲਦੇਵ ਸਿੰਘ ਕਾਇਮਪੁਰ, ਮੇਜਰ ਸਿੰਘ ਢਿੱਲੋਂ, ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ ਤੇ ਮਿੱਠੂ ਸਿੰਘ ਕਾਹਨੇਕੇ ਨੂੰ ਸ਼ਾਮਿਲ ਕੀਤਾ ਗਿਆ।

**ਇਜਲਾਸ ’ਚ ਕੌਣ-ਕੌਣ ਰਹੇ ਹਾਜ਼ਰ ?**

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ 136 ਮੈਂਬਰ ਹਾਜ਼ਰ ਸਨ। ਜਿਨ੍ਹਾਂ ਵਿਚੋਂ ਚੁਣੇ ਗਏ ਉਕਤ ਅਹੁਦੇਦਾਰਾਂ ਤੋਂ ਇਲਾਵਾ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਲਵਿੰਦਰਪਾਲ ਸਿੰਘ ਪੱਖੋਕੇ ਤੇ ਬੀਬੀ ਜਗੀਰ ਕੌਰ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਬੀਬੀ ਹਰਜਿੰਦਰ ਕੌਰ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਗੁਰਮੀਤ ਸਿੰਘ ਬੂਹ, ਦਲਜੀਤ ਸਿੰਘ ਭਿੰਡਰ, ਅਮਰੀਕ ਸਿੰਘ ਜਨੈਤਪੁਰ, ਹਰਪਾਲ ਸਿੰਘ ਪਾਲੀ, ਬਲਦੇਵ ਸਿੰਘ ਕਾਇਮਪੁਰ, ਬੀਬੀ ਮਨਜੀਰ ਕੌਰ ਕੰਧੋਲਾ, ਹਰਭਜਨ ਸਿੰਘ ਮਸਾਣਾ, ਬੀਬੀ ਅਮਰਜੀਤ ਕੌਰ, ਬਾਬਾ ਗੁਰਮੀਤ ਸਿੰਘ ਤਿ ?ਲੋਕੇਵਾਲਾ, ਜਗਸੀਰ ਸਿੰਘ ਮਾਗੇਆਣਾ, ਗੁਰਪਾਲ ਸਿੰਘ ਗੋਰਾ, ਬੀਬੀ ਕਿਰਨਵੀਰ ਕੌਰ, ਨਤਵੇਜ ਸਿੰਘ ਕਾਉਣੀ, ਕੌਰ ਸਿੰਘ ਬਹਾਵਵਾਲਾ, ਬੀਬੀ ਪਰਮਿੰਦਰ ਕੌਰ, ਸੂਬਾ ਸਿੰਘ ਡੱਬਵਾਲਾ, ਦਰਸ਼ਨ ਸਿੰਘ ਬਰਾੜ, ਪ੍ਰੀਤਮ ਸਿੰਘ ਮਲਸੀਹਾਂ, ਦਰਸ਼ਨ ਸਿੰਘ ਸ਼ੇਰਖਾਂ, ਬਲਵਿੰਦਰ ਸਿੰਘ ਭੰਮਾਂ ਲੰਡਾ, ਸਤਪਾਲ ਸਿੰਘ ਤਲਵੰਡੀ ਭਾਈ, ਬੀਬੀ ਜਸਵਿੰਦਰ ਕੌਰ ਜ਼ੀਰਾ, ਬੀਬੀ ਨਰਿੰਦਰ ਕੌਰ, ਗੁਰਮੇਲ ਸਿੰਘ ਸੰਗਤਪੁਰਾ, ਸੁਖਹਰਪ੍ਰੀਤ ਸਿੰਘ ਰੋਡੇ, ਤਰਸੇਮ ਸਿੰਘ ਰੱਤੀਆਂ, ਬੀਬੀ ਜਸਵਿੰਦਰ ਕੌਰ, ਸ਼ੇਰ ਸਿੰਘ ਮੰਡਵਾਲਾ, ਫੁੰਮਣ ਸਿੰਘ, ਮੇਜਰ ਸਿੰਘ ਮਹਿਰਾਜ, ਬੀਬੀ ਜਸਪਾਲ ਕੌਰ, ਅਮਰੀਕ ਸਿੰਘ ਕੋਟਸ਼ਮੀਰ, ਬੀਬੀ ਜੋਗਿੰਦਰ ਕੌਰ ਬਠਿੰਡਾ, ਮੋਹਨ ਸਿੰਘ ਬੰਗੀ, ਸੁਰਜੀਤ ਸਿੰਘ ਰਾਏਪੁਰ, ਮਿੱਠੂ ਸਿੰਘ ਕਾਹਨੇਕੇ, ਬਾਬਾ ਬੂਟਾ ਸਿੰਘ, ਗੁਰਪ੍ਰੀਤ ਸਿੰਘ ਝੱਬਰ, ਬੀਬੀ ਪਰਮਜੀਤ ਕੌਰ, ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਜਸਪਾਲ ਕੌਰ, ਮਲਕੀਤ ਸਿੰਘ ਚੰਗਾਲ, ਪਰਮਜੀਤ ਸਿੰਘ ਖ਼ਾਲਸਾ, ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਸ਼ਰਨਜੀਤ ਕੌਰ, ਭੁਪਿੰਦਰ ਸਿੰਘ ਭਲਵਾਨ, ਹਰਦੇਵ ਸਿੰਘ ਰੋਗਲਾ, ਬੀਬੀ ਮਲਕੀਤ ਕੌਰ ਕਮਾਲਪੁਰ, ਬੀਬੀ ਹਰਦੀਪ ਕੌਰ, ਸਤਵਿੰਦਰ ਸਿੰਘ ਟੌਹੜਾ, ਜਰਨੈਲ ਸਿੰਘ ਕਰਤਾਰਪੁਰ, ਜਸਮੇਲ ਸਿੰਘ ਲਾਛੜੂ, ਬੀਬੀ ਕੁਲਦੀਪ ਕੌਰ ਟੌਹੜਾ, ਨਿਰਮੈਲ ਸਿੰਘ ਜੌਲਾਂ, ਸੁਰਜੀਤ ਸਿੰਘ ਗੜ੍ਹੀ, ਬਾਬਾ ਗੁਰਪ੍ਰੀਤ ਸਿੰਘ ਰੰਧਾਵਾ, ਅਵਤਾਰ ਸਿੰਘ ਰਿਆ, ਦਵਿੰਦਰ ਸਿੰਘ ਖੱਟੜਾ, ਰਘਬੀਰ ਸਿੰਘ ਸਹਾਰਨ ਮਾਜਰਾ, ਚਰਨ ਸਿੰਘ ਆਲਮਗੀਰ, ਹਰਪਾਲ ਸਿੰਘ ਜੱਲਾ, ਹਰਪ੍ਰੀਤ ਸਿੰਘ ਗਰਚਾ, ਜਗਜੀਤ ਸਿੰਘ ਤਲਵੰਡੀ, ਭਾਈ ਗੁਰਚਰਨ ਸਿੰਘ ਗਰੇਵਾਲ, ਜਸਵੰਤ ਸਿੰਘ ਪੁੜੈਣ, ਕੇਵਲ ਸਿੰਘ ਬਾਦਲ, ਬਲਵਿੰਦਰ ਸਿੰਘ ਬੈਂਸ, ਬੀਬੀ ਰਜਿੰਦਰ ਕੌਰ, ਰਣਜੀਤ ਸਿੰਘ ਮੰਗਲੀ, ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਮਹਿੰਦਰ ਸਿੰਘ ਹੁਸੈਨਪੁਰਾ, ਗੁਰਬਖ਼ਸ਼ ਸਿੰਘ ਖਾਲਸਾ, ਬਲਦੇਵ ਸਿੰਘ ਕਲਿਆਣ, ਪਰਮਜੀਤ ਸਿੰਘ ਰਾਏਪੁਰ, ਬੀਬੀ ਦਵਿੰਦਰ ਕੌਰ ਕਾਲੜਾ, ਕੁਲਵੰਤ ਸਿੰਘ ਮੰਨਣ, ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਗੁਰਪ੍ਰੀਤ ਕੌਰ, ਜਰਨੈਲ ਸਿੰਘ ਡੋਗਰਾਂਵਾਲਾ, ਬਲਜੀਤ ਸਿੰਘ ਜਲਾਲ ਉਸਮਾ, ਅਮਰਜੀਤ ਸਿੰਘ ਭਲਾਈਪੁਰ, ਬਲਵਿੰਦਰ ਸਿੰਘ ਵੇਂਈਪੂਈਂ, ਗੁਰਬਚਨ ਸਿੰਘ ਕਰਮੂੰਵਾਲਾ, ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ ਪੱਟੀ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਬਾਬਾ ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਮੰਗਵਿੰਦਰ ਸਿੰਘ ਖਾਪੜਖੇੜੀ, ਗੁਰਿੰਦਰਪਾਲ ਸਿੰਘ ਰਣੀਕੇ, ਹਰਜਾਪ ਸਿੰਘ ਸੁਲਤਾਨਵਿੰਡ, ਬਾਵਾ ਸਿੰਘ ਗੁਮਾਨਪੁਰਾ, ਬੀਬੀ ਕਿਰਨਜੋਤ ਕੌਰ, ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਅਮਰੀਕ ਸਿੰਘ ਵਿਛੋਆ, ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, ਅਮਰਜੀਤ ਸਿੰਘ ਬੰਡਾਲਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੁਰਜੀਤ ਸਿੰਘ ਤੁਗਲਵਾਲ, ਗੁਰਿੰਦਰਪਾਲ ਸਿੰਘ ਗੋਰਾ, ਗੁਰਨਾਮ ਸਿੰਘ ਜੱਸਲ, ਅਮਰੀਕ ਸਿੰਘ ਸ਼ਾਹਪੁਰ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜ਼ੱਫਰਵਾਲ, ਰਵਿੰਦਰ ਸਿੰਘ ਚੱਕ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਜੰਗ ਬਹਾਦਰ ਸਿੰਘ ਰਾਏ, ਪਰਮਜੀਤ ਸਿੰਘ ਲੱਖੇਵਾਲ, ਅਜਮੇਰ ਸਿੰਘ ਖੇੜਾ, ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ, ਰਘੂਜੀਤ ਸਿੰਘ ਵਿਰਕ, ਜਗਤਾਰ ਸਿੰਘ ਰੋਡੇ, ਸੁਰਜੀਤ ਸਿੰਘ ਕੰਗ, ਚਰਨਜੀਤ ਸਿੰਘ ਜੱਸੋਵਾਲ, ਸੁਖਮੀਤ ਸਿੰਘ ਕਾਦੀਆਂ, ਗੁਰਮਿੰਦਰ ਸਿੰਘ ਮਠਾਰੂ, ਗੁਰਿੰਦਰ ਸਿੰਘ ਬਾਵਾ, ਬੀਬੀ ਸੁਖਵਿੰਦਰ ਕੌਰ ਤੋਂ ਇਲਾਵਾ ਓ. ਐੱਸ. ਡੀ. ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਸ਼ਾਹਬਾਜ਼ ਸਿੰਘ ਤੇ ਵਧੀਕ ਸਕੱਤਰ ਬਿਜੈ ਸਿੰਘ ਆਦਿ ਮੌਜੂਦ ਸਨ।



## ਬੰਦੀ ਸਿੰਘਾਂ ਦੀ ਜਲਦ ਰਿਹਾਈ ਸਮੇਤ ਕਈ ਅਹਿਮ ਮਤੇ ਪਾਸ

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਪੰਜਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ ’ਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਨ੍ਹਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਸ ਹੈ ਕਿ ਸ. ਧਾਮੀ ਕੌਮੀ ਮਸਲਿਆਂ ਦੀ ਅਗਵਾਈ ਕਰਦਿਆਂ ਸਿੱਖ ਸੰਸਥਾ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ। ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਇਜਲਾਸ ਵਿਚ ਲਿਆਂਦੇ ਮਤਿਆਂ ਦੀ ਪ੍ਰੋੜਤਾ ਕਰਦੇ ਹੋਏ ਕਿਹਾ ਕਿ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਜਲਦ ਖੋਲ੍ਹਣਾ ਚਾਹੀਦਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਸਮੇਤ ਬਾਕੀ ਸਾਰੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਕੀਤੀ ਜਾਣੀ ਚਾਹੀਦੀ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵਲੋਂ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੋਂ ਉਲਟ ਜਾ ਕੇ ਇਜਲਾਸ ਸੱਦੇ ਜਾਣ ਬਾਰੇ ਉਨ੍ਹਾਂ ਕਿਹਾ ਕਿ 350 ਸਾਲਾ ਸ਼ਹੀਦੀ ਸ਼ਤਾਬਦੀ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਨਾ ਮੰਨਣ ਵਾਲੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਤਲਬ ਕੀਤਾ ਜਾਵੇਗਾ।

## ਕਈ ਅਹਿਮ ਮਤੇ ਪਾਸ

ਜਨਰਲ ਇਜਲਾਸ ਦੌਰਾਨ ਕਈ ਅਹਿਮ ਮਤੇ ਪਾਸ ਕੀਤੇ ਗਏ, ਜਿਨ੍ਹਾਂ ਨੂੰ ਹਾਜ਼ਰ ਮੈਂਬਰ ਸਾਹਿਬਾਨ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਨ੍ਹਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੇ ਪਾਣੀਆਂ, ਪੰਜਾਬ ’ਵਰਸਿਟੀ, ਸਿੱਖ ਕਤਲੇਆਮ ਨੂੰ ਸੰਸਦ ਅੰਦਰ ਨਸਲਕੁਸ਼ੀ ਕਰਾਰ ਦੇਣਾ ਅਤੇ ਕਰਤਾਰਪੁਰ ਸਾਹਿਬ ਲਾਂਘੇ ਸਮੇਤ ਕਈ ਮਤੇ ਸ਼ਾਮਿਲ ਹਨ।

# ਜਥੇ: ਕੁਲਦੀਪ ਸਿੰਘ ਗੜਗੱਜ ਦਾ ਪਾਕਿ ਪਹੁੰਚਣ 'ਤੇ ਨਿੱਘਾ ਸਵਾਗਤ








ਵਾਹਗਾ ਬਾਰਡਰ ਪਾਰ ਕਰਦੇ ਹੋਏ ਸਿੱਖ ਜਥੇ ਨਾਲ ਪਾਕਿਸਤਾਨ ਪੁੱਜਣ 'ਤੇ ਸ਼ਾਨਦਾਰ ਸੁਆਗਤ ਕੀਤਾ ਗਿਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਲਹਿੰਦੇ ਪੰਜਾਬ ਦੇ ਮੰਤਰੀ ਸ. ਰਮੇਸ਼ ਸਿੰਘ ਅਰੋੜਾ, ਔਕਾਫ਼ ਬੋਰਡ ਦੇ ਚੇਅਰਮੈਨ ਡਾ. ਸਾਜਿਦ ਮਹਿਮੂਦ ਚੌਹਾਨ, ਐਡੀਸ਼ਨਲ ਸਕੱਤਰ (ਸ਼੍ਰਾਈਨਸ) ਨਾਸਿਰ ਮੁਸਤਾਕ ਅਤੇ ਹੋਰ ਉੱਚ ਅਧਿਕਾਰੀਆਂ ਨੇ ਫੁੱਲਾਂ ਦੇ ਹਾਰ ਪਾ ਕੇ ਤੇ ਸਿੱਖ ਪਰੰਪਰਾ ਅਨੁਸਾਰ ਸਵਾਗਤ ਕੀਤਾ। ਇਸ ਮੌਕੇ ਸਥਾਨਕ ਸਿੱਖ ਸ਼ਖ਼ਸੀਅਤਾਂ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਮਹੇਸ਼ ਸਿੰਘ, ਬੀਬੀ ਸਤਵੰਤ ਕੌਰ, ਸ. ਬਿਸ਼ਨ ਸਿੰਘ, ਸ. ਤਾਰਾ ਸਿੰਘ, ਸ. ਸਤਵੰਤ ਸਿੰਘ, ਡਾ. ਮਿਮਪਾਲ ਸਿੰਘ ਅਤੇ ਬਾਬਾ ਹਰਮੀਤ ਸਿੰਘ ਵੀ ਹਾਜ਼ਰ ਸਨ। ਦੋਹਾਂ ਪਾਸਿਆਂ ਨੇ ਭਾਈਚਾਰੇ, ਸ਼ਰਧਾ ਤੇ ਸ਼ਾਂਤੀ ਦੇ ਸੁਨੇਹੇ ਨੂੰ ਅੱਗੇ ਵਧਾਉਣ ਦਾ ਸੰਕਲਪ ਕੀਤਾ।

## ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਰੁੱਧ ਐਫ.ਆਈ.ਆਰ. ਦਰਜ

### ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਵਿਰੁੱਧ ਜਾਤੀਵਾਦੀ ਟਿੱਪਣੀ ਕਰਨ ਦਾ ਹੈ ਮਾਮਲਾ

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ। ਉਨ੍ਹਾਂ ਵਿਰੁੱਧ ਇਹ ਐਫ.ਆਈ.ਆਰ. ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਵਿਰੁੱਧ ਜਾਤੀਵਾਦੀ ਟਿੱਪਣੀ ਕਰਨ ਦੇ ਮਾਮਲੇ ਵਿਚ ਦਰਜ ਕੀਤੀ ਗਈ। ਇਹ ਐਫ.ਆਈ.ਆਰ. ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਦੇ ਪੁੱਤਰ ਸਰਬਜੋਤ ਸਿੰਘ ਸਿੱਧੂ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵੱਲੋਂ ਸਾਬਕਾ ਗ੍ਰਹਿ ਮੰਤਰੀ ਬੂਟਾ ਸਿੰਘ ਵਿਰੁੱਧ ਜਾਤੀਵਾਦੀ ਟਿੱਪਣੀ ਕੀਤੀ ਗਈ। ਜਿਸ ਤੋਂ ਬਾਅਦ ਇਹ ਮਾਮਲਾ ਕਾਫ਼ੀ ਤੂਲ ਫੜ ਗਿਆ ਸੀ ਅਤੇ ਇਸ ਮਾਮਲੇ ਵਿਚ ਐਸ.ਸੀ. ਕਮਿਸ਼ਨ ਵੱਲੋਂ ਵੱਲੋਂ ਵੀ ਰਾਜਾ ਵੜਿੰਗ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ। ਜਿਸ ਤੋਂ ਬਾਅਦ ਰਾਜਾ ਵੜਿੰਗ ਨੇ ਆਪਣੇ ਬਿਆਨ ਦੇ ਲਈ ਮੁਆਫ਼ੀ ਵੀ ਮੰਗ ਲਈ ਸੀ।



## ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਿਤ ਧਾਰਮਿਕ ਦੀਵਾਨ ਸਜਾਇਆ

ਟਾਂਡਾ ਉੜਮੁੜ, ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਹਿੰਦ ਦੀ ਚਾਦਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਅਤੇ ਕੌਮ ਦੇ ਮਹਾਨ ਸ਼ਹੀਦ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਤੇ ਭਾਈ ਜੈਤਾ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੱਤੀ ਅਮੀਪੁਰ ਹਰਸੀ ਪਿੰਡ ਵਿਖੇ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਨਗਰ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਾਮ 6 ਤੋਂ 9 ਵਜੇ ਤੱਕ ਕਰਵਾਏ ਗਏ ਸਮਾਗਮ ਦੌਰਾਨ ਸੋ ਦਰ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਭਾਈ ਮਨਜੀਤ ਸਿੰਘ ਦਸ਼ਮੇਸ਼ ਨਗਰ ਟਾਂਡਾ ਵਾਲਿਆਂ ਨੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵੈਰਾਗਮਈ ਬਾਣੀ ਦੇ ਕੀਰਤਨ ਦੁਆਰਾ ਨਿਹਾਲ ਕੀਤਾ। ਸਮਾਗਮ ਦੌਰਾਨ ਸੰਬੋਧਨ ਕਰਦੇ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਪ੍ਰਚਾਰ ਸਕੱਤਰ ਗਿਆਨੀ ਕੇਵਲ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਮਹਾਨ ਸ਼ਹਾਦਤ ਅਤੇ ਉਨਾਂ ਨਾਲ ਸ਼ਹੀਦ ਹੋਏ ਸਿੰਘਾਂ ਦੀ ਵੀ ਲਾਸਾਨੀ ਸ਼ਹਾਦਤ ਤੇ ਚਾਨਣਾ ਪਾਇਆ। ਅਖੀਰ ਵਿਚ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਗਰ ਦੀਆਂ ਸਹਿਯੋਗੀ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਸੁਸਾਇਟੀ ਵੱਲੋਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 5 ਨਵੰਬਰ ਨੂੰ ਪਿੰਡ ਉਹੜਪੁਰ, 15 ਨਵੰਬਰ ਨੂੰ ਗੁਰਦੁਆਰਾ ਬੀਬੀਆਂ ਟਾਂਡਾ ਵਿਖੇ ਸਮਾਗਮ ਹੋਣਗੇ। ਇਸ ਮੌਕੇ ਹੋਰਨਾਂ ਤੋਂ ਜਨਰਲ ਸਕੱਤਰ ਕਿਰਪਾਲ ਸਿੰਘ ਪੰਡੋਰੀ, ਗੁਰਦੁਆਰਾ ਪ੍ਰਬੰਧਕ ਕਮੇਟੀ ਹਰਸੀ ਪਿੰਡ ਦੇ ਮੁੱਖ ਸੇਵਾਦਾਰ ਭਾਈ ਦਰਸ਼ਨ ਸਿੰਘ, ਮਾਸਟਰ ਮਦਨ ਸਿੰਘ, ਗੁਰਮਿੰਦਰ ਸਿੰਘ, ਗੁਰਜੀਤ ਸਿੰਘ, ਗੁਰਦੀਪ ਸਿੰਘ, ਗੁਰ ਸੰਦੀਪ ਸਿੰਘ, ਸੁਖਵਿੰਦਰ ਸਿੰਘ, ਲਖਵਿੰਦਰ ਸਿੰਘ, ਸ਼ਰਨਜੀਤ ਸਿੰਘ, ਸੁਖਵੰਤ ਜੀਤ ਸਿੰਘ, ਸੇਵਕ ਸਿੰਘ, ਪ੍ਰਦੀਪ ਪਾਲ ਸਿੰਘ ਵੀ ਹਾਜ਼ਰ ਸਨ।




## ਪੰਜਾਬ ਦੇ ਕਈ ਇਲਾਕਿਆਂ 'ਚ ਸਿੱਖਾਂ ਦਾ ਧਰਮ ਪਰਿਵਰਤਨ ਹੋ ਰਿਹਾ ਹੈ: ਯੋਗੀ ਆਦਿਤਿਆਨਾਥ

### ਧਰਮ ਪਰਿਵਰਤਨ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਹੋਣਗੇ

ਯੂਪੀ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੈਂ ਨਮਨ ਕਰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਸਾਹਿਬ ਦੇ ਫਲਸਫੇ ਨਾਲ ਹੀ ਸਮਾਜ ਨੂੰ ਆਦਰਸ਼ ਸਮਾਜ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੇ ਕਈ ਇਲਾਕਿਆਂ ਵਿੱਚ ਸਿੱਖਾਂ ਦਾ ਧਰਮ ਪਰਿਵਰਤਨ ਹੋ ਰਿਹਾ ਹੈ ਜੋ ਕਿ ਬਹੁਤ ਦੁਖਦਾਈਕ ਹੈ। ਉਨ੍ਹਾਂ ਨੇ ਕਿਹਾ ਹੈ ਕਿ ਧਰਮ ਪਰਿਵਰਤਨ ਦੀ ਪ੍ਰਵਿਰਤੀ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਵਿੱਚ ਲਖੀਮਪੁਰ ਖੀਰੀ, ਪੀਲੀਭੀਤ ਤੇ ਕਈ ਹੋਰ ਇਲਾਕਿਆਂ ਵਿੱਚ ਵੀ ਧਰਮ ਪਰਿਵਰਤਨ ਦੀਆਂ ਘਟਨਾਵਾਂ ਸਾਹਮਣੇ ਆਈਆ ਸਨ। ਉਨ੍ਹਾਂ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ ਦੇ ਸਿੱਖ ਭਾਈਚਾਰੇ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਾਂਗੇ ਤਾਂ ਕਿ ਅਜਿਹੀਆਂ ਘਟਨਾਵਾਂ ਮੁੜ ਨਾ ਹੋਣ। ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਸਾਹਿਬ ਦੇ ਫਲਸਫੇ ਨਾਲ ਹੀ ਸਮਾਜ ਦੀਆਂ ਅਨੇਕਾਂ ਸਮੱਸਿਆਵਾਂ ਨਾਲ ਲੜਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਗੁਰੂ ਸਾਹਿਬ ਨੇ ਸਮਾਜ ਵਿਚੋਂ ਜਾਤ-ਪਾਤ, ਸਤੀ ਪ੍ਰਥਾ ਤੇ ਕਈ ਹੋਰ ਕੁਰੀਤੀਆਂ ਨੂੰ ਦੂਰ ਕੀਤਾ ਹੈ।



## ਕਾਂਗਰਸ ਨੇ ਫਿਰ ਪਹੁੰਚਾਇਆ ਸਿੱਖਾਂ ਨੂੰ ਠੇਸ, ਕੀਤਾ ਬੱਜਰ ਗੁਨਾਹ : ਸੁਖਬੀਰ ਬਾਦਲ

ਚੰਡੀਗੜ੍ਹ : ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ 'ਤੇ ਬੇਅਦਬੀ ਕਰਨ ਦੇ ਦੋਸ਼ ਲਗਾਏ ਹਨ। ਸੁਖਬੀਰ ਨੇ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਧੰਨ-ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਦੀਆਂ ਤਸਵੀਰਾਂ ਦੇ ਕੀਤੇ ਨਿਰਾਦਰ ਦੀ ਉਹ ਸਖ਼ਤ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਲੋਂ ਚੋਣ ਪ੍ਰਚਾਰ ਲਈ ਸਟੇਜ ਉੱਪਰ ਲੱਗੇ ਬੈਨਰ 'ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਬਾਬਾ ਜੀਵਨ ਸਿੰਘ ਜੀ ਦੀ ਤਸਵੀਰ ਤੋਂ ਉੱਪਰ ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਸਮੇਤ ਹੋਰ ਕਾਂਗਰਸੀ ਆਗੂਆਂ ਦੀਆ ਤਸਵੀਰਾਂ ਲਗਾਉਣੀਆਂ ਇਕ ਬੱਜਰ ਗੁਨਾਹ ਹੈ।



ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਹਿਲਾਂ ਕਾਂਗਰਸ ਪਾਰਟੀ ਦੇ ਪ੍ਰਧਾਨ ਰਾਜਾ ਵੜਿੰਗ ਵੱਲੋਂ ਦਲਿਤ ਭਾਈਚਾਰੇ ਦਾ ਅਪਮਾਨ ਕੀਤਾ ਗਿਆ ਅਤੇ ਹੁਣ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਾਈ ਜੀਵਨ ਸਿੰਘ ਜੀ ਦਾ ਨਿਰਾਦਰ ਕੀਤਾ ਹੈ। ਇਸ ਕਰਕੇ ਸਿੱਖ ਮਨਾਂ ਨੂੰ ਵੱਡੀ ਠੇਸ ਪਹੁੰਚੀ ਹੈ, ਕਾਂਗਰਸ ਪਾਰਟੀ ਇਸ ਗੁਨਾਹ ਲਈ ਸਮੁੱਚੇ ਸਿੱਖ ਪੰਥ ਤੋਂ ਮੁਆਫ਼ੀ ਮੰਗੇ।

# ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ 'ਚ ਸਜਾਇਆ ਨਗਰ ਕੀਰਤਨ, ਵੱਡੀ ਗਿਣਤੀ ਸੰਗਤਾਂ ਹੋਈਆਂ ਸ਼ਾਮਲ

## ਚੌਥੇ ਹਰੇ ਨਗਰ ਕੀਰਤਨ ਦੌਰਾਨ ਦੋ ਟਰਾਲੀਆਂ ਬੂਟਿਆਂ ਦੀਆਂ ਵੰਡੀਆਂ; ਬਾਬੇ ਨਾਨਕ ਨੇ ਪੰਜ ਸਦੀਆਂ ਪਹਿਲਾਂ ਦੇ ਦਿੱਤਾ ਸੀ ਆਲਮੀ ਤਪਸ਼ ਤੋਂ ਬਚਣ ਦਾ ਸੱਦਾ: ਸੀਚੇਵਾਲ





350 ਸਾਲਾ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਤੋਂ ਅਗਲੇ ਪੜਾਅ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਲਈ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਹੋਇਆ ਰਵਾਨਾ





ਜਲੰਧਰ : ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਪਵਿੱਤਰ ਵੇਈਂ ਨਿਰਮਲ ਕੁਟੀਆ ਤੋਂ ਸ਼ੁਰੂ ਹੋਏ ਚੌਥੇ ਹਰੇ ਨਗਰ ਕੀਰਤਨ ਦੌਰਾਨ ਦੋ ਟਰਾਲੀਆਂ ਬੂਟਿਆਂ ਦੀਆਂ ਪ੍ਰਸ਼ਾਦ ਦੇ ਰੂਪ ਵਿੱਚ ਵੰਡੀਆਂ ਗਈਆਂ। ਗੁਰਦੁਆਰਾ ਗੁਰਪ੍ਰਕਾਸ਼ ਸਾਹਿਬ ਤੋਂ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ਼ੁਰੂ ਹੋਇਆ ਨਗਰ ਕੀਰਤਨ ਪਵਿੱਤਰ ਵੇਈਂ ਦਾ ਪੁਲ ਪਾਰ ਕਰਕੇ ਪਹਿਲੇ ਪੜਾਅ ਨਾਨਕ ਹੱਟ 'ਤੇ ਰੁਕਿਆ।

ਇਥੋਂ ਸ਼ਹੀਦ ਊਧਮ ਸਿੰਘ ਚੌਂਕ, ਗੁਰਦੁਆਰਾ ਗੁਰੂ ਕਾ ਬਾਗ, ਚੌਂਕ ਚੇਲਿਆ, ਮੁਹੱਲ ਸਿੱਖਾਂ, ਬਾਬੇ ਨਾਨਕੀ ਦਾ ਪੁਰਾਤਨ ਘਰ, ਗੁਰਦੁਆਰਾ ਬੇਬੇ ਨਾਨਕੀ, ਗੁਰਦੁਆਰਾ ਸ੍ਰੀ ਹੱਟ ਸਾਹਿਬ, ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਬੱਸ ਅੱਡਾ ਤੇ ਘੰਟਾ ਘਰ ਚੌਂਕ ਤੋਂ ਹੁੰਦਾ ਹੋਇਆ ਤਲਵੰਡੀ ਚੌਧਰੀਆਂ ਪੁਲ ਪਾਰ ਕਰਕੇ ਮੁੜ ਵੇਈਂ ਕੰਢੇ ਹੁੰਦਾ ਹੋਇਆ ਬਾਅਦ ਦੁਪਹਿਰ ਗੁਰਦੁਆਰਾ ਗੁਰਪ੍ਰਕਾਸ਼ ਨਿਰਮਲ ਕੁਟੀਆ ਪਹੁੰਚਿਆ।

ਇਸ ਨਗਰ ਕੀਰਤਨ ਵਿਚ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਨਿਹੰਗ ਸਿੰਘਾਂ ਦੀਆਂ ਛਾਉਣੀਆਂ ਵੱਲੋਂ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਦਾ ਸਨਮਾਨ ਕੀਤਾ ਗਿਆ। ਸੀਚੇਵਾਲ ਨੇ ਇਸ ਚੌਥੇ ਹਰੇ ਨਗਰ ਕੀਰਤਨ ਦੌਰਾਨ ਦੋ ਟਰਾਲੀਆਂ ਦੇ ਕਰੀਬ ਬੂਟਿਆਂ ਦਾ ਪ੍ਰਸ਼ਾਦ ਵੰਡਿਆ। ਨਗਰ ਕੀਰਤਨਾਂ ਦੌਰਾਨ ਵੰਡੇ ਜਾਂਦੇ ਬੂਟੇ ਅੱਜ ਸਭ ਤੋਂ ਵੱਧ ਵੰਡੇ ਗਏ। ਸੀਚੇਵਾਲ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਪੰਜ ਸਦੀਆਂ ਪਹਿਲਾਂ ਹੀ ਆਲਮੀ ਤਪਸ਼ ਤੋਂ ਬਚਣ ਦਾ ਸੱਦਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਹਵਾ, ਪਾਣੀ ਤੇ ਮਿੱਟੀ ਬਾਰੇ ਜਿੰਨੀ ਸਰਲ ਤੇ ਸਪੱਸ਼ਟ ਭਾਸ਼ਾ ਵਿੱਚ ਬਾਬੇ ਨਾਨਕ ਨੇ ਇਸ ਸੰਸਾਰ ਨੂੰ ਸਮਝਾਇਆ, ਓਨਾ ਸ਼ਾਇਦ ਹੀ ਕਿਸੇ ਹੋਰ ਧਾਰਮਿਕ ਰਹਿਬਰ ਨੇ ਸਮਝਾਇਆ ਹੋਵੇ। ਉਧਰ ਗੁਰਦੁਆਰਾ ਬੇਰ ਸਾਹਿਬ ਵਿਖੇ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਮੱਥਾ ਟੇਕਿਆ।

# ਛੱਤੀਸਗੜ੍ਹ 'ਚ ਵੱਡਾ ਰੇਲ ਹਾਦਸਾ:

## ਯਾਤਰੀ ਟਰੇਨ ਨੇ ਮਾਲ ਗੱਡੀ ਨੂੰ ਮਾਰੀ ਟੱਕਰ, 8 ਲੋਕਾਂ ਦੀ ਮੌਤ, ਕਈ ਜ਼ਖਮੀ




ਬਿਲਾਸਪੁਰ (ਛੱਤੀਸਗੜ੍ਹ): ਛੱਤੀਸਗੜ੍ਹ ਦੇ ਬਿਲਾਸਪੁਰ ਜ਼ਿਲ੍ਹੇ ਵਿੱਚ ਇੱਕ ਭਿਆਨਕ ਰੇਲ ਹਾਦਸਾ ਵਾਪਰਿਆ। ਜੈਰਾਮਨਗਰ ਰੇਲਵੇ ਸਟੇਸ਼ਨ ਨੇੜੇ ਇੱਕ ਯਾਤਰੀ ਟਰੇਨ ਨੇ ਪਿੱਛਿਓਂ ਇੱਕ ਮਾਲ ਗੱਡੀ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਯਾਤਰੀ ਟਰੇਨ ਦੇ ਲੋਕੋ ਪਾਇਲਟ ਸਮੇਤ ਘੱਟੋ-ਘੱਟ 8 ਲੋਕਾਂ ਦੀ ਮੌਤ ਹੋਣ ਦੀ ਪੁਸ਼ਟੀ ਹੋਈ ਹੈ, ਜਦਕਿ 14 ਤੋਂ ਵੱਧ ਯਾਤਰੀ ਗੰਭੀਰ ਜ਼ਖਮੀ ਹੋ ਗਏ ਹਨ।

ਮੁੱਢਲੀ ਜਾਣਕਾਰੀ ਅਨੁਸਾਰ, ਇਹ ਹਾਦਸਾ ਸ਼ਾਮ ਕਰੀਬ 4 ਵਜੇ ਵਾਪਰਿਆ ਜਦੋਂ ਗੇਵਰਾ ਰੋਡ ਤੋਂ ਬਿਲਾਸਪੁਰ ਆ ਰਹੀ ਮੇਮੂ (MEMU) ਪੈਸੰਜਰ ਟਰੇਨ (ਨੰ. 68733) ਨੇ ਗਟੋਰਾ ਅਤੇ ਬਿਲਾਸਪੁਰ ਸਟੇਸ਼ਨਾਂ ਵਿਚਕਾਰ, ਜੈਰਾਮਨਗਰ ਨੇੜੇ ਉਸੇ ਟਰੈਕ 'ਤੇ ਖੜ੍ਹੀ ਇੱਕ ਮਾਲ ਗੱਡੀ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਯਾਤਰੀ ਟਰੇਨ ਦਾ ਇੰਜਣ ਅਤੇ ਪਹਿਲਾ ਡੱਬਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਮਾਲ ਗੱਡੀ 'ਤੇ ਚੜ੍ਹ ਗਿਆ।

**ਬਚਾਅ ਕਾਰਜ ਜੰਗੀ ਪੱਧਰ 'ਤੇ ਜਾਰੀ :** ਹਾਦਸੇ ਦੀ ਸੂਚਨਾ ਮਿਲਦਿਆਂ ਹੀ ਰੇਲਵੇ ਪ੍ਰਸ਼ਾਸਨ, ਸਥਾਨਕ ਪੁਲਿਸ ਅਤੇ ਐਨ.ਡੀ.ਆਰ.ਐਫ (NDRF) ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ। ਗੈਸ ਕਟਰਾਂ ਦੀ ਮਦਦ ਨਾਲ ਨੁਕਸਾਨੇ ਗਏ ਡੱਬਿਆਂ ਵਿੱਚ ਫਸੇ ਯਾਤਰੀਆਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ।

**ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ:** ਸਾਰੇ ਜ਼ਖਮੀਆਂ ਨੂੰ ਬਿਲਾਸਪੁਰ ਦੇ ਅਪੋਲੋ ਹਸਪਤਾਲ ਅਤੇ ਛੱਤੀਸਗੜ੍ਹ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (CIMS) ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਕਈਆਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।

**ਰੇਲ ਆਵਾਜਾਈ ਠੱਪ:** ਹਾਦਸੇ ਕਾਰਨ ਬਿਲਾਸਪੁਰ-ਹਾਵੜਾ ਰੇਲ ਮਾਰਗ 'ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ ਹੈ। ਓਵਰਹੈੱਡ ਬਿਜਲੀ ਦੀਆਂ ਤਾਰਾਂ ਅਤੇ ਸਿਗਨਲ ਸਿਸਟਮ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਕਈ ਟਰੇਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਜਾਂ ਉਨ੍ਹਾਂ ਦੇ ਰੂਟ ਬਦਲੇ ਗਏ ਹਨ।

**investigations ਅਤੇ ਮੁਆਵਜ਼ੇ ਦਾ ਐਲਾਨ** : ਰੇਲਵੇ ਨੇ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿੱਤੇ ਹਨ, ਜਿਸ ਦੀ ਅਗਵਾਈ ਰੇਲਵੇ ਸੁਰੱਖਿਆ ਕਮਿਸ਼ਨਰ (CRS) ਕਰਨਗੇ। ਰੇਲ ਮੰਤਰਾਲੇ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ, ਗੰਭੀਰ ਜ਼ਖਮੀਆਂ ਨੂੰ 5-5 ਲੱਖ ਰੁਪਏ ਅਤੇ ਮਾਮੂਲੀ ਜ਼ਖਮੀਆਂ ਨੂੰ 1-1 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ।

ਰੇਲਵੇ ਵੱਲੋਂ ਯਾਤਰੀਆਂ ਦੀ ਸਹੂਲਤ ਲਈ ਹੇਠਾਂ ਦਿੱਤੇ ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ:

ਬਿਲਾਸਪੁਰ: 7777857335, 7869953330

ਕੋਰਬਾ: 7869953330

ਰਾਏਗੜ੍ਹ: 9752485600

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਰਿਮੰਦਰ ਸਾਹਿਬ ਸਮੂਹ ਤੋਂ ਨਗਰ ਕੀਰਤਨ ਸਜਾਇਆ





ਅੰਮ੍ਰਿਤਸਰ : ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਨਗਰ ਕੀਰਤਨ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਰਧਾ ਤੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਤੋਂ ਪਾਵਨ ਸਰੂਪ ਨੂੰ ਆਪਣੇ ਸਿਰ 'ਤੇ ਲੈ ਕੇ ਸੁਨਹਿਰੀ ਪਾਲਕੀ ਵਿੱਚ ਸੁਸ਼ੋਭਿਤ ਕੀਤਾ। ਨਗਰ ਕੀਰਤਨ ਵਿੱਚ ਸਿੱਖ ਸ਼ਬਦੀ ਜਥੇ, ਬੈਂਡ ਅਤੇ ਗਤਕਾ ਜਥੇ ਤੇ ਹੋਰ ਸ਼ਾਮਲ ਸਨ।

ਇਸ ਤੋਂ ਪਹਿਲਾਂ ਖਾਲਸਾ ਕਾਲਜ ਦੀ ਪ੍ਰਬੰਧਕੀ ਕਮੇਟੀ ਗਵਰਨਰ ਕੌਂਸਲ ਵੱਲੋਂ ਇੱਕ ਨਗਰ ਕੀਰਤਨ ਸਜਾਇਆ ਗਿਆ, ਜੋ ਸ੍ਰੀ ਹਰਿਮੰਦਰ ਸਾਹਿਬ ਤੱਕ ਪੁੱਜਾ।

ਨਗਰ ਕੀਰਤਨ ਸ੍ਰੀ ਅਕਾਲ ਤਖਤ ਤੋਂ ਆਰੰਭ ਹੋਇਆ ਅਤੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਾਪਸ ਸ੍ਰੀ ਹਰਿਮੰਦਰ ਸਾਹਿਬ ਸਮੂਹ ਪੁੱਜ ਕੇ ਸਮਾਪਤ ਹੋਵੇਗਾ। ਨਗਰ ਕੀਰਤਨ ਵਿੱਚ ਸਿੱਖ ਸੰਗਤਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਪ੍ਰਤਾਪ ਸਿੰਘ, ਮੈਨੇਜਰ ਭਗਵੰਤ ਸਿੰਘ ਧਗੇੜਾ ਤੇ ਹੋਰ ਵੱਡੀ ਗਿਣਤੀ ਵਿੱਚ ਅਧਿਕਾਰੀ ਦੇ ਕਰਮਚਾਰੀ ਸ਼ਾਮਲ ਸਨ।

## 'ਤੁਸੀਂ ਹਿੰਦੂ ਹੋ, ਸਿੱਖ ਜਥੇ ਨਾਲ ਨਹੀਂ ਜਾ ਸਕਦੇ': ਹਿੰਦੂ ਸ਼ਰਧਾਲੂ ਨੂੰ ਸਿੱਖ ਜਥੇ ਨਾਲ ਜਾਣ ਤੋਂ ਰੋਕਿਆ




ਚੰਡੀਗੜ੍ਹ : ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਜਸ਼ਨਾਂ ਲਈ ਲਗਪਗ 1,900 ਸਿੱਖ ਸ਼ਰਧਾਲੂਆਂ ਦਾ ਇੱਕ ਜਥਾ ਮੰਗਲਵਾਰ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਗਿਆ ਸੀ। ਅਮਰ ਚੰਦ ਵੀ ਉਸੇ ਜਥੇ ਦਾ ਹਿੱਸਾ ਸੀ ਅਤੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਪਰਿਵਾਰ ਸਮੇਤ ਜਾਣਾ ਚਾਹੁੰਦਾ ਸੀ। ਭਾਵੁਕ ਹੁੰਦਿਆਂ ਉਨ੍ਹਾਂ ਦੱਸਿਆ ਕਿ, "ਪਾਕਿਸਤਾਨੀ ਅਧਿਕਾਰੀਆਂ ਨੇ ਸਾਨੂੰ ਕਿਹਾ ਕਿ ਤੁਸੀਂ ਹਿੰਦੂ ਹੋ, ਤੁਸੀਂ ਸਿੱਖ ਜਥੇ ਨਾਲ ਨਹੀਂ ਜਾ ਸਕਦੇ।" ਅਤੇ ਅਮਰ ਚੰਦ ਨੂੰ ਉਸ ਦੇ ਪਰਿਵਾਰ ਦੇ ਛੇ ਹੋਰ ਮੈਂਬਰਾਂ ਸਮੇਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਗੁਆਂਢੀ ਦੇਸ਼ ਵਿੱਚ ਦਾਖਲ ਹੋਣ ਤੋਂ ਬਾਅਦ ਵਾਪਸ ਭੇਜ ਦਿੱਤਾ ਗਿਆ।

ਚੰਦ ਨੇ ਦਾਅਵਾ ਕੀਤਾ ਕਿ ਉਹ ਸਿੱਖ ਧਰਮ ਦੇ ਬਾਨੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਪਾਕਿਸਤਾਨ ਦੇ ਗੁਰਦੁਆਰਿਆਂ ਵਿੱਚ ਮੱਥਾ ਟੇਕਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਉਸ ਨੂੰ ਅਤੇ ਉਸ ਦੇ ਪਰਿਵਾਰ ਦੇ ਛੇ ਮੈਂਬਰਾਂ ਨੂੰ ਇਸ ਲਈ ਵਾਪਸ ਭੇਜ ਦਿੱਤਾ ਗਿਆ ਕਿਉਂਕਿ ਉਹ ਹਿੰਦੂ ਸਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਅਟਾਰੀ-ਵਾਹਗਾ ਜ਼ਮੀਨੀ ਰਸਤੇ ਰਾਹੀਂ ਪਾਕਿਸਤਾਨ ਵਿੱਚ ਦਾਖਲ ਹੋਣ ਦੀਆਂ ਸਾਰੀਆਂ ਰਸਮਾਂ ਪੂਰੀਆਂ ਕਰ ਲਈਆਂ ਸਨ।

ਚੰਦ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਰਧਾਲੂਆਂ ਲਈ ਇੱਕ ਵਿਸ਼ੇਸ਼ ਬੱਸ ਵਿੱਚ ਬੈਠਣ ਲਈ ਕਿਹਾ ਗਿਆ ਸੀ। ਉਨ੍ਹਾਂ ਕਿਹਾ, "ਅਸੀਂ ਸੱਤ ਮੈਂਬਰਾਂ ਲਈ ਬੱਸ ਦੀਆਂ ਟਿਕਟਾਂ 'ਤੇ 95,000 ਰੁਪਏ (ਪਾਕਿਸਤਾਨੀ ਕਰੰਸੀ) ਖਰਚ ਕੀਤੇ ਸਨ। ਫਿਰ ਪਾਕਿਸਤਾਨ ਦੇ ਪੰਜ ਅਧਿਕਾਰੀ ਆਏ ਅਤੇ ਉਨ੍ਹਾਂ ਨੂੰ ਬੱਸ ਤੋਂ ਉਤਰਨ ਲਈ ਕਿਹਾ।

ਚੰਦ ਨੇ ਦੱਸਿਆ, "ਪਾਕਿਸਤਾਨੀ ਅਧਿਕਾਰੀਆਂ ਨੇ ਸਾਨੂੰ ਕਿਹਾ ਕਿ ਤੁਸੀਂ ਹਿੰਦੂ ਹੋ, ਤੁਸੀਂ ਸਿੱਖ ਜਥੇ ਨਾਲ ਨਹੀਂ ਜਾ ਸਕਦੇ। ਫਿਰ ਉਨ੍ਹਾਂ ਨੇ ਸਾਨੂੰ ਵਾਪਸ ਭੇਜ ਦਿੱਤਾ।" ਭਾਰਤੀ ਅਧਿਕਾਰੀਆਂ ਨੇ ਪਾਕਿਸਤਾਨੀ ਅਧਿਕਾਰੀਆਂ ਤੋਂ ਪੁੱਛਿਆ ਕਿ ਉਨ੍ਹਾਂ ਨੂੰ ਵਾਪਸ ਕਿਉਂ ਭੇਜਿਆ ਗਿਆ।

ਦਿੱਲੀ ਦੇ ਰਹਿਣ ਵਾਲੇ ਚੰਦ ਜੋ ਪਹਿਲਾਂ ਪਾਕਿਸਤਾਨੀ ਨਾਗਰਿਕ ਸੀ ਪਰ 1999 ਵਿੱਚ ਭਾਰਤ ਆਇਆ ਅਤੇ 2010 ਵਿੱਚ ਭਾਰਤੀ ਨਾਗਰਿਕਤਾ ਪ੍ਰਾਪਤ ਕੀਤੀ ਸੀ। ਉਨ੍ਹਾਂ ਨੇ ਦੱਸਿਆ ਕਿ ਜੋ ਪੈਸਾ ਉਨ੍ਹਾਂ ਨੇ ਬੱਸ ਦੀਆਂ ਟਿਕਟਾਂ 'ਤੇ ਖਰਚ ਕੀਤਾ ਸੀ, ਉਹ ਵੀ ਵਾਪਸ ਨਹੀਂ ਕੀਤਾ ਗਿਆ। ਚੰਦ ਨੇ ਇਹ ਵੀ ਦਾਅਵਾ ਕੀਤਾ ਕਿ ਲਖਨਊ ਦੇ ਸੱਤ ਹੋਰ ਭਾਰਤੀਆਂ ਨੂੰ ਵੀ ਵਾਪਸ ਮੋੜ ਦਿੱਤਾ ਗਿਆ।

ਇਸ ਦੌਰਾਨ ਜਥਾ ਜੋ 4 ਨਵੰਬਰ ਤੋਂ 13 ਨਵੰਬਰ ਤੱਕ ਪਾਕਿਸਤਾਨ ਦਾ ਦੌਰਾ ਕਰ ਰਿਹਾ ਹੈ, ਗੁਰਦੁਆਰਾ ਨਨਕਾਣਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਅਤੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨ ਕਰੇਗਾ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਗੁਆਂਢੀ ਦੇਸ਼ ਵਿੱਚ ਸੁਰੱਖਿਆ ਸਥਿਤੀ ਦਾ ਹਵਾਲਾ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ ਵਿੱਚ ਕੇਂਦਰ ਸਰਕਾਰ ਨੇ ਸਿੱਖ ਜਥੇ ਨੂੰ ਪਾਕਿਸਤਾਨ ਵਿੱਚ ਗੁਰਦੁਆਰਿਆਂ ਦਾ ਦੌਰਾ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ।

## ਭਾਰਤੀ ਕੌਂਸੁਲੇਟ ਟੋਰਾਂਟੋ ਵੱਲੋਂ ਭਾਰਤੀ ਮੂਲ ਦੇ ਪੈਨਸ਼ਨਰਾਂ ਨੂੰ ਲਾਈਫ਼ ਸਰਟੀਫਿਕੇਟ ਜਾਰੀ

### ਪਹਿਲਾ ਕੈਂਪ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਦੇ ਸਾਊਥ ਸਿੱਖ ਸੈਂਟਰ ਵਿਚ ਲਾਇਆ; 700 ਪੈਨਸ਼ਨਰਾਂ ਨੇ ਲਿਆ ਕੈਂਪ ਦਾ ਲਾਭ; ਕੈਂਪਾਂ ਦਾ ਸਿਲਸਿਲਾ 30 ਨਵੰਬਰ ਤੱਕ ਜਾਰੀ ਰਹੇਗਾ

ਵਿਨੀਪੈਗ : ਪ੍ਰਵਾਸੀ ਭਾਰਤੀ ਪੈਨਸ਼ਨਰਾਂ ਨੂੰ ਆਪਣੀ ਪੈਨਸ਼ਨ ਜਾਰੀ ਰੱਖੇ ਜਾਣ ਲਈ ਜਿਉਂਦੇ ਜਾਗਦੇ ਹੋਣ ਦੇ ਸਬੂਤ ਵਜੋਂ ਹਰ ਸਾਲ ਨਵੰਬਰ ਮਹੀਨੇ ਵਿਚ ਲਾਈਫ਼ ਸਰਟੀਫਿਕੇਟ ਬਣਵਾ ਕੇ ਭੇਜਣੇ ਪੈਂਦੇ ਹਨ। ਇਨ੍ਹਾਂ ਸਰਟੀਫਿਕੇਟ ਵਾਸਤੇ ਹਾਈ ਕਮਿਸ਼ਨ ਆਫ਼ ਇੰਡੀਆ ਅਤੇ ਭਾਰਤੀ ਕੌਂਸੁਲੇਟ ਟੋਰਾਂਟੋ ਵੱਲੋਂ ਭਾਰਤੀ ਮੂਲ ਦੇ ਪੈਨਸ਼ਨਰਾਂ ਨੂੰ ਲਾਈਫ਼ ਸਰਟੀਫਿਕੇਟ ਜਾਰੀ ਕਰਨ ਹਿਤ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕੈਂਪ ਲਾਉਣ ਦਾ ਐਲਾਨ ਕੀਤਾ ਗਿਆ। ਕੌਂਸੁਲੇਟ ਵੱਲੋਂ ਜਾਰੀ ਸੂਚੀ ਮੁਤਾਬਕ ਕੈਂਪਾਂ ਦਾ ਸਿਲਸਿਲਾ 1 ਨਵੰਬਰ ਤੋਂ 30 ਨਵੰਬਰ ਤੱਕ ਜਾਰੀ ਰਹੇਗਾ।



ਪਹਿਲਾ ਕੈਂਪ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਦੇ ਸਾਊਥ ਸਿੱਖ ਸੈਂਟਰ ਵਿਚ 1 ਤੇ 2 ਨਵੰਬਰ ਨੂੰ ਹਿੰਦੂ ਟੈਂਪਲ ਵਿਚ ਲਾਇਆ ਗਿਆ ਜਿਸ ਦੌਰਾਨ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਢਾਈ ਵਜੇ ਤੱਕ ਪੈਨਸ਼ਨਰਾਂ ਨੂੰ ਲਾਈਫ਼ ਸਰਟੀਫਿਕੇਟ ਜਾਰੀ ਕੀਤੇ ਜਾਣੇ ਸਨ ਪਰ ਪੈਨਸ਼ਨਰਾਂ ਦੀ ਵੱਧ ਆਮਦ ਕਾਰਨ ਇਹ ਕੈਂਪ ਤਕਰੀਬਨ ਸ਼ਾਮੀਂ ਪੰਜ ਵਜੇ ਖ਼ਤਮ ਹੋਏ। ਇਸ ਕੈਂਪ ਦਾ ਤਕਰੀਬਨ 700 ਦੇ ਕਰੀਬ ਪੈਨਸ਼ਨਰਾਂ ਨੇ ਲਾਭ ਲਿਆ। ਕੌਂਸੁਲੇਟ ਵੱਲੋਂ ਲਾਈਫ਼ ਸਰਟੀਫਿਕੇਟ ਹਾਸਲ ਕਰਨ ਦੇ ਇੱਛੁਕ ਭਾਰਤੀਆਂ ਨੂੰ ਖ਼ੁਦ ਹਾਜ਼ਰ ਹੋਣ ਦੀ ਅਪੀਲ ਕੀਤੀ ਗਈ ਸੀ ਪਰ ਜਿਹੜੇ ਬਿਨੈਕਾਰ ਮੈਡੀਕਲ ਕਾਰਨਾਂ ਕਰ ਕੇ ਕੈਂਪ ਵਿਚ ਪੁੱਜਣ ਦੇ ਸਮਰੱਥ ਨਹੀਂ ਸਨ ਉਨ੍ਹਾਂ ਨਾਲ ਵੀਡੀਓ ਕਾਲ ਰਾਹੀਂ ਗੱਲ ਕਰਨ ਬਾਅਦ ਲਾਈਫ਼ ਸਰਟੀਫਿਕੇਟ ਜਾਰੀ ਕੀਤੇ ਗਏ। ਇਸ ਸਰਟੀਫਿਕੇਟ ਦਾ ਕੋਈ ਖਰਚਾ ਜਾਂ ਫ਼ੀਸ ਬਿਨੈਕਾਰਾਂ ਤੋਂ ਨਹੀਂ ਲਈ ਜਾਵੇਗੀ।

ਭਾਰਤੀ ਕੌਂਸੁਲੇਟ ਜਨਰਲ ਦੇ ਸਟਾਫ਼ ਮੈਂਬਰ ਵੱਲੋਂ ਸਵੇਰੇ 10 ਵਜੇ ਦੇ ਕਰੀਬ ਸਰਟੀਫਿਕੇਟ ਜਾਰੀ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਟੋਕਨ ਨੰਬਰਾਂ ਅਨੁਸਾਰ ਵਾਰੀ ਸਿਰ ਪੈਨਸ਼ਨਰਾਂ ਨੂੰ ਬੁਲਾ ਕੇ ਸਟਾਫ਼ ਵੱਲੋਂ ਉਨ੍ਹਾਂ ਦੇ ਫਾਰਮ ਅਤੇ ਪਾਸਪੋਰਟ ਦੀ ਤਸਦੀਕ ਮਗਰੋਂ ਉਨ੍ਹਾਂ ਨੂੰ ਸਰਟੀਫਿਕੇਟ ਜਾਰੀ ਕੀਤੇ ਗਏ। ਲਾਈਫ਼ ਸਰਟੀਫਿਕੇਟ ਤੋਂ ਇਲਾਵਾ ਪਾਸਪੋਰਟ, ਵੀਜ਼ਾ ਅਤੇ ਓ ਸੀ ਆਈ ਕਾਰਡ ਬਾਰੇ ਵੀ ਸ਼ਿਕਾਇਤਾਂ ਸੁਣੀਆਂ ਗਈਆਂ ਅਤੇ ਉਨ੍ਹਾਂ ਵਿੱਚੋਂ ਕਾਫ਼ੀ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਉਨ੍ਹਾਂ ਸਾਰੇ ਰਿਟਾਇਰਡ ਵਿਅਕਤੀਆਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ।



ਕੌਂਸੁਲੇਟ ਜਨਰਲ ਆਫ਼ ਇੰਡੀਆ ਟੋਰਾਂਟੋ ਦੀ ਟੀਮ ਦੇ ਮੈਂਬਰ ਕੁਲਜੀਤ ਸਿੰਘ ਅਰੋੜਾ ਅਤੇ ਅਰੁਣ ਕੁਮਾਰ ਨੇ ਸਾਊਥ ਸਿੱਖ ਸੈਂਟਰ ਅਤੇ ਹਿੰਦੂ ਟੈਂਪਲ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕੈਂਪ ਵਿਚ ਆਉਣ ਵਾਲੇ ਹਰੇਕ ਵਿਅਕਤੀ ਅਤੇ ਗੁਰਦੁਆਰਾ ਸਾਊਥ ਸੈਂਟਰ ਦੇ ਪ੍ਰਧਾਨ ਰਜਿੰਦਰ ਸਿੰਘ ਗਰੇਵਾਲ, ਕਿਰਨਪਾਲ ਚੀਮਾ, ਸ਼ਿਵ ਚਰਨ ਸੰਧੂ, ਅੰਮ੍ਰਿਤਪਾਲ ਚੀਮਾ ਅਤੇ ਹੋਰ ਵਲੰਟੀਅਰਾਂ ਦਾ ਧੰਨਵਾਦ ਕੀਤਾ। ਪ੍ਰਬੰਧਕਾਂ ਵੱਲੋਂ ਪੈਨਸ਼ਨਰਾਂ ਅਤੇ ਉਨ੍ਹਾਂ ਦੇ ਨਾਲ ਆਏ ਸਹਿਯੋਗੀਆਂ ਲਈ ਚਾਹ ਪਾਣੀ, ਪਕੌੜੇ ਅਤੇ ਲੰਗਰ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਕੈਂਪ ਦੇ ਕੋਆਰਡੀਨੇਟਰ ਕਿਰਨਪਾਲ ਚੀਮਾ ਵੱਲੋਂ ਕੌਂਸੁਲੇਟ ਜਨਰਲ ਆਫ਼ ਇੰਡੀਆ ਟੋਰਾਂਟੋ ਅਤੇ ਉਨ੍ਹਾਂ ਦੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

# ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ: ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਗਰ ਕੀਰਤਨ ਸਜਾਇਆ

## ਪਾਕਿਸਤਾਨ ਭਾਰਤ ਅਤੇ ਹੋਰ ਮੁਲਕਾਂ ਦੀ ਸੰਗਤ ਨੇ ਨਗਰ ਕੀਰਤਨ 'ਚ ਕੀਤੀ ਸ਼ਮੂਲੀਅਤ



ਅੰਮ੍ਰਿਤਸਰ : ਸਿੱਖ ਧਰਮ ਦੇ ਬਾਨੀ ਅਤੇ ਪਹਿਲੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅੱਜ ਭਾਰਤ ਅਤੇ ਪਾਕਿਸਤਾਨ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ। ਭਾਰਤ ਵਿੱਚ ਜਿੱਥੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ,ਉੱਥੇ ਪਾਕਿਸਤਾਨ ਵਿਖੇ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਅੱਜ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸਵੇਰੇ ਨਗਰ ਕੀਰਤਨ ਸਜਾਇਆ ਗਿਆ ਅਤੇ ਦੇਰ ਰਾਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

ਗੁਰੂ ਸਾਹਿਬ ਦੇ 556ਵੇਂ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਸਜਾਏ ਗਏ ਅਲੌਕਿਕ ਨਗਰ ਕੀਰਤਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਜਥੇ ਦੇ ਆਗੂ ਮੈਂਬਰ ਬੀਬੀ ਗੁਰਿੰਦਰ ਕੌਰ ਅਤੇ ਗੁਰਮੀਤ ਸਿੰਘ ਬੂਹ ਨੇ ਵੱਡੀ ਗਿਣਤੀ ਵਿੱਚ ਸੰਗਤ ਨਾਲ ਸ਼ਮੂਲੀਅਤ ਕੀਤੀ।

ਇਸ ਮੌਕੇ ਜਥੇਦਾਰ ਗੜਗੱਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਗੁਰਦੁਆਰਾ ਸ੍ਰੀ ਜਨਮ ਅਸਥਾਨ ਸਾਹਿਬ ਤੋਂ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿੱਚ ਨਗਰ ਕੀਰਤਨ ਰਵਾਨਾ ਹੋਇਆ।

ਇਸ ਮੌਕੇ ਨਨਕਾਣਾ ਸਾਹਿਬ ਦੇ ਮੁੱਖ ਬਾਜ਼ਾਰ ਵਿੱਚ ਲਗਭਗ ਦੋ ਕਿਲੋਮੀਟਰ ਲੰਬਾ ਲਾਲ ਗਲੀਚਾ (ਰੈਡ ਕਾਰਪੈਟ) ਵਿਛਾਇਆ ਗਿਆ ਸੀ। ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਵੱਖ ਵੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਇਆ।

ਇਸ ਮੌਕੇ ਪੀਐਸਜੀਪੀਸੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ, ਔਕਾਫ ਬੋਰਡ ਦੇ ਅਧਿਕਾਰੀ ਅਤੇ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਤੇ ਵੱਡੀ ਗਿਣਤੀ ਵਿੱਚ ਪਾਕਿਸਤਾਨੀ ਸਿੱਖ ਸੰਗਤਾਂ ਹਾਜ਼ਰ ਸਨ। ਭਾਰਤ ਤੋਂ ਗਈ ਸਿੱਖ ਸੰਗਤ ਨੇ ਵੀ ਨਗਰ ਕੀਰਤਨ ਵਿੱਚ ਸ਼ਮੂਲੀਅਤ ਕੀਤੀ। ਦੱਸਣ ਯੋਗ ਹੈ ਕਿ ਬੀਤੇ ਕੁੱਲ 1 2000 ਤੋਂ ਵੱਧ ਭਾਰਤੀ ਸ਼ਰਧਾਲੂਆਂ ਦੀ ਆਮਦ ਅਤੇ ਹੋਰਨਾਂ ਮੁਲਕਾਂ ਤੋਂ ਆਏ ਹੋਏ ਸ਼ਰਧਾਲੂਆਂ ਦੇ ਕਾਰਨ ਨਨਕਾਣਾ ਸਾਹਿਬ ਸ਼ਹਿਰ ਵਿੱਚ ਅਤੇ ਗੁਰਦੁਆਰਾ ਸਾਹਿਬ ਵਿੱਚ ਭਾਰੀ ਰੌਣਕ ਵਾਲਾ ਮਾਹੌਲ ਹੈ। ਜਥੇਦਾਰ ਗੜਗੱਜ ਨੇ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਪੰਜਵੀਂ ਤੇ ਛੇਵੀਂ ਪਾਤਸ਼ਾਹੀ, ਗੁਰਦੁਆਰਾ ਮਾਲ ਜੀ ਸਾਹਿਬ ਅਤੇ ਗੁਰਦੁਆਰਾ ਕਿਆਰਾ ਸਾਹਿਬ ਤੱਕ ਨਗਰ ਕੀਰਤਨ ਵਿੱਚ ਸੰਗਤ ਨਾਲ ਸ਼ਮੂਲੀਅਤ ਕੀਤੀ। ਨਗਰ ਕੀਰਤਨ ਵਿੱਚ ਭਾਰਤ, ਬਰਤਾਨੀਆ, ਅਮਰੀਕਾ, ਮਲੇਸ਼ੀਆ ਤੇ ਹੋਰ ਕਈ ਦੇਸ਼ਾਂ ਦੀ ਸਿੱਖ ਸੰਗਤ ਤੇ ਵੱਡੀ ਗਿਣਤੀ ਵਿੱਚ ਗੁਰੂ ਨਾਨਕ ਨਾਮ ਲੇਵਾ ਸਿੰਧੀ ਸੰਗਤ ਨੇ ਭਰਵੀਂ ਸ਼ਮੂਲੀਅਤ ਕੀਤੀ।

# ਮੁੱਖ ਮੰਤਰੀ ਮੋਹਨ ਯਾਦਵ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਗੁਰਦੁਆਰੇ ਵਿੱਚ ਅਰਦਾਸ ਕੀਤੀ





ਭੋਪਾਲ : ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ ਬੁੱਧਵਾਰ ਨੂੰ ਭੋਪਾਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਗੁਰਦੁਆਰੇ ਵਿੱਚ ਅਰਦਾਸ ਕਰਨ ਤੋਂ ਬਾਅਦ ਬੋਲਦੇ ਹੋਏ।







ਸਿਹੋਰ : ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਬੁੱਧਵਾਰ ਨੂੰ ਸਿਹੋਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਇੱਕ ਗੁਰਦੁਆਰੇ ਵਿੱਚ ਅਰਦਾਸ ਕਰਦੇ ਹੋਏ।

## ਭਾਰਤੀ ਮੂਲ ਦੀ ਗ਼ਜ਼ਾਲਾ ਹਾਸ਼ਮੀ ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਬਣੀ

ਨਿਊਯਾਰਕ : ਭਾਰਤ ਵਿੱਚ ਜਨਮੀ ਅਮਰੀਕੀ ਸਿਆਸਤਦਾਨ ਗ਼ਜ਼ਾਲਾ ਹਾਸ਼ਮੀ (61) ਵਰਜੀਨੀਆ ਦੀ ਲੈਫਟੀਨੈਂਟ ਗਵਰਨਰ ਚੁਣੀ ਗਈ ਹੈ। ਹਾਸ਼ਮੀ ਰਾਜ ਦੇ ਉੱਚ ਸਿਆਸੀ ਅਹੁਦੇ ਲਈ ਚੁਣੇ ਜਾਣ ਵਾਲੀ ਪਹਿਲੀ ਮੁਸਲਿਮ ਅਤੇ ਦੱਖਣੀ ਏਸ਼ਿਆਈ ਅਮਰੀਕੀ ਬਣ ਗਈ ਹੈ। ਡੈਮੋਕਰੈਟ ਉਮੀਦਵਾਰ ਹਾਸ਼ਮੀ ਨੇ 14,65,634 ਵੋਟਾਂ (54.2 ਫੀਸਦ) ਮਿਲੀਆਂ। ਹਾਸ਼ਮੀ ਨੇ ਰਿਪਬਲਿਕਨ ਉਮੀਦਵਾਰ ਜੌਨ ਰੀਡ (John Reid) ਨੂੰ ਹਰਾਇਆ। ਰੀਡ ਨੂੰ 1,232,242 ਵੋਟਾਂ ਪਈਆਂ।



ਹਾਸ਼ਮੀ, ਜੋ ਵਰਜੀਨੀਆ ਰਾਜ ਦੀ ਸੈਨੇਟਰ ਹੈ, 2025 ਦੀਆਂ ਚੋਣਾਂ ਵਿੱਚ ਮੁੱਖ ਰਾਸ਼ਟਰੀ ਅਹੁਦਿਆਂ ਲਈ 30 ਤੋਂ ਵੱਧ ਭਾਰਤੀ-ਅਮਰੀਕੀ ਅਤੇ ਦੱਖਣੀ ਏਸ਼ਿਆਈ ਉਮੀਦਵਾਰਾਂ ਵਿੱਚੋਂ ਇੱਕ ਸੀ। ਹਾਸ਼ਮੀ ਦੀ ਚੋਣ ਨੂੰ ਨੇੜਿਓਂ ਦੇਖਿਆ ਜਾ ਰਿਹਾ ਸੀ ਕਿਉਂਕਿ ਉਹ ਰਾਜ ਦੇ ਉੱਚ ਅਹੁਦੇ ਲਈ ਚੋਣ ਲੜ ਰਹੀ ਸੀ। ਹਾਸ਼ਮੀ ਵਰਜੀਨੀਆ ਸੈਨੇਟ ਵਿੱਚ ਸੇਵਾ ਕਰਨ ਵਾਲੀ ਪਹਿਲੀ ਮੁਸਲਿਮ ਅਤੇ ਪਹਿਲੀ ਦੱਖਣੀ ਏਸ਼ਿਆਈ ਅਮਰੀਕੀ ਹੈ।
ਹਾਸ਼ਮੀ ਦੀ ਅਧਿਕਾਰਤ ਪ੍ਰੋਫਾਈਲ ਮੁਤਾਬਕ ਉਹ ਇੱਕ ਤਜਰਬੇਕਾਰ ਸਿੱਖਿਅਕ ਅਤੇ ਸਮਾਵੇਸ਼ੀ ਕਦਰਾਂ-ਕੀਮਤਾਂ ਅਤੇ ਸਮਾਜਿਕ ਨਿਆਂ ਦੀ ਪੈਰੋਕਾਰ ਹੋਣ ਦੇ ਨਾਤੇ, ਉਸ ਦੀਆਂ ਵਿਧਾਨਕ ਤਰਜੀਹਾਂ ਵਿੱਚ ਜਨਤਕ ਸਿੱਖਿਆ, ਵੋਟਿੰਗ ਅਧਿਕਾਰ ਅਤੇ ਲੋਕਤੰਤਰ ਦੀ ਸੰਭਾਲ, ਪ੍ਰਜਨਨ ਆਜ਼ਾਦੀ, ਬੰਦੂਕ ਹਿੰਸਾ ਦੀ ਰੋਕਥਾਮ, ਵਾਤਾਵਰਨ, ਰਿਹਾਇਸ਼ ਅਤੇ ਕਿਫਾਇਤੀ ਸਿਹਤ ਸੰਭਾਲ ਪਹੁੰਚ ਸ਼ਾਮਲ ਹਨ।

## ਸ. ਸਵਰਨਜੀਤ ਸਿੰਘ ਖਾਲਸਾ ਕਨੈਕਟੀਕਟ ਵਿਚ ਪਹਿਲੇ ਸਿੱਖ ਮੇਅਰ ਬਣੇ

ਜਲੰਧਰ : ਕਨੈਕਟੀਕਟ ਰਾਜ ਵਿਚ ਹੋਈਆਂ ਮਿਊਂਸੀਪਲ ਚੋਣਾਂ ਵਿਚ ਸ. ਸਵਰਨਜੀਤ ਸਿੰਘ ਖਾਲਸਾ ਜਿੱਤ ਹਾਸਲ ਕਰਦਿਆਂ ਇਤਿਹਾਸ ਦੇ ਪੰਨੇ ਉੱਤੇ ਖਾਲਸਾ ਪੰਥ ਤੇ ਪੰਜਾਬ ਦਾ ਨਾਮ ਰੌਸ਼ਨ ਕਰ ਦਿੱਤਾ। ਉਨ੍ਹਾਂ ਨਵੇਂ ਬ੍ਰਿਟੇਨ, ਨੌਰਵਿਚ, ਬ੍ਰੈਨਫੋਰਡ ਤੇ ਵੈਸਟਪੋਰਟ ਵਰਗੀਆਂ ਥਾਵਾਂ ਉੱਤੇ ਡੈਮੋਕਰੈਟਾਂ ਦੀ ਜਿੱਤ ਦਾ ਝੰਡਾ ਝੁਲਾ ਦਿੱਤਾ। ਪਰ ਸਭ ਤੋਂ ਵੱਡੀ ਗੱਲ ਉਹ ਕਨੈਕਟੀਕਟ ਵਿਚ ਪਹਿਲੇ ਸਿੱਖ ਮੇਅਰ ਬਣੇ। ਪੰਥਕ ਆਗੂ ਗੁਰਪੁਰਵਾਸੀ ਜਥੇਦਾਰ ਇੰਦਰਪਾਲ ਸਿੰਘ ਦੇ ਪੋਤਰੇ, ਜਥੇਦਾਰ ਪਰਮਿੰਦਰਪਾਲ ਸਿੰਘ ਖਾਲਸਾ ਦੇ ਹੋਣਹਾਰ ਬੇਟੇ ਸਵਰਨਜੀਤ ਸਿੰਘ ਖਾਲਸਾ ਦਾ ਜਨਮ ਅਤੇ ਉਹਨਾਂ ਦਾ ਸਫ਼ਰ ਇਕ ਲੋਕ ਗੀਤ ਵਾਂਗ ਏ ਜੋ ਗੁਜਰਾਤੀਆਂ, ਗੋਰਿਆਂ, ਚੀਨੀਆਂ, ਪੰਜਾਬੀਆਂ ਵਿਚ ਗੂੰਜਿਆ। ਨਵੰਬਰ 1984 ਦੀ ਸਿੱਖ ਨਸਲਕੁਸ਼ੀ ਵਿਚ ਉਨ੍ਹਾਂ ਦਾ ਪਰਿਵਾਰ ਉਜੜ ਗਿਆ ਸੀ। ਪੰਜਾਬ 'ਚ ਪਰਿਵਾਰ ਨੇ ਮੁੜ ਆਪਣੇ ਪੈਰ ਬੰਨ੍ਹੇ ਤੇ ਅੰਤ ਵਿਚ ਇਸ ਪਰਿਵਾਰ ਦਾ ਚਿਰਾਗ ਸਵਰਨਜੀਤ ਸਿੰਘ ਖਾਲਸਾ ਅਮਰੀਕਾ ਦੇ ਖੁੱਲ੍ਹੇ ਅਸਮਾਨ ਹੇਠ ਰੌਸ਼ਨ ਹੋਇਆ। ਸਵਰਨਜੀਤ ਸਿੰਘ ਖਾਲਸਾ 2007 ਵਿਚ ਨੌਰਵਿਚ ਪਹੁੰਚਿਆ। ਉਥੇ ਗੈਸ ਸਟੇਸ਼ਨ ਚਲਾਇਆ, ਰੀਅਲ ਅਸਟੇਟ ਵਿਚ ਨਾਮ ਕਮਾਇਆ।



2021 ਵਿਚ ਉਹ ਨੌਰਵਿਚ ਸਿਟੀ ਕੌਂਸਲ ਵਿਚ ਚੁਣੇ ਗਏ। ਕਨੈਕਟੀਕਟ ਵਿਚ ਪਹਿਲੇ ਸਿੱਖ। ਹੁਣ, 2025 ਵਿਚ, ਰਿਪਬਲੀਕਨ ਪੀਟਰ ਨਾਈਸਟਰੋਮ ਦੀ ਜਗ੍ਹਾ ਲੈ ਕੇ, ਉਹ ਮੇਅਰ ਬਣੇ। ਚੋਣਾਂ ਵਿਚ ਡੈਮੋਕਰੈਟ ਸਵਰਨਜੀਤ ਨੇ 2458 ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦਕਿ ਰਿਪਬਲੀਕਨ ਟਰੇਸੀ ਗੋਲਡ ਨੂੰ 2250 ਅਤੇ ਅਣਗਿਣਤੀ ਮਾਰਸ਼ੀਆ ਵਿਲਬਰ ਨੂੰ ਸਿਰਫ਼ 110 ਵੋਟ ਪਏ। ਨੌਰਵਿਚ ਇੱਕ ਅਜਿਹਾ ਨਗਰ ਏ ਜਿੱਥੇ ਡੈਮੋਕਰੈਟਸ ਦੀ ਗਿਣਤੀ ਰਿਪਬਲੀਕਨਾਂ ਤੋਂ ਦੁੱਗਣੀ ਏ 2:1 ਦਾ ਅੰਕੜਾ। ਪਰ ਪਿਛਲੇ ਸਾਲਾਂ ਵਿਚ ਰਿਪਬਲੀਕਨ ਨਾਈਸਟੋਮ ਨੇ ਇਸ ਨਗਰ ਨੂੰ ਆਪਣੇ ਹੱਥਾਂ ਵਿਚ ਰੱਖਿਆ ਸੀ। ਇਸ ਵਾਰ ਖੁੱਲ੍ਹੀ ਸੀਟ, ਮਜ਼ਬੂਤ ਵੋਟਰ ਟਰਨਆਊਟ ਤੇ ਡੈਮੋਕਰੈਟਿਕ ਪਾਰਟੀ ਦਾ ਸਮਰਥਨ ਇਹ ਸਭ ਸਵਰਨਜੀਤ ਸਿੰਘ ਦੇ ਹੱਕ ਵਿਚ ਭੁਗਤਿਆ। ਅੰਮ੍ਰਿਤਧਾਰੀ ਸਵਰਨਜੀਤ ਸਿੰਘ ਖਾਲਸਾ ਦੀ ਇਹ ਜਿੱਤ ਸਿੱਖੀ ਨੂੰ ਅਮਰੀਕੀ ਡੈਮੋਕਰੇਸੀ ਦੇ ਮੰਚ ਉੱਤੇ ਇੱਕ ਨਵੀਂ ਚਮਕ ਦਿੰਦੀ ਏ। ਸਵਰਨਜੀਤ ਨੇ ਨਾ ਸਿਰਫ਼ ਆਪਣਾ ਨਾਮ ਰੌਸ਼ਨ ਕੀਤਾ, ਸਗੋਂ ਸਾਰੇ ਸਿੱਖ ਪੰਥ ਨੂੰ ਇੱਕ ਨਵੀਂ ਰੌਸ਼ਨੀ ਦਿੱਤੀ ਕਿ ਸਰਬਤ ਦੇ ਭਲੇ ਦੇ ਸ਼ਸ਼ਤਰ ਰਾਹੀਂ ਸਿਖ ਸੰਸਾਰ ਦੀ ਅਗਵਾਈ ਕਰ ਸਕਦਾ ਹੈ।

## ਬਟਾਲਾ ਦੀ ਧੀ ਨੇ ਰਚਿਆ ਇਤਿਹਾਸ
## 31 ਦੀ ਪ੍ਰੀਖਿਆ 'ਚੋਂ ਭਾਰਤ ਭਰ 'ਚ ਹਾਸਲ ਕੀਤਾ 10ਵਾਂ ਸਥਾਨ

ਬਟਾਲਾ (ਗੁਰਦਾਸਪੁਰ) : ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸਕ ਸ਼ਹਿਰ ਬਟਾਲਾ ਦੀ ਇੱਕ ਹੋਣਹਾਰ ਧੀ ਨੇ ਚਾਰਟਰਡ ਅਕਾਊਂਟੈਂਟ (31) ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੂਰੇ ਭਾਰਤ ਵਿੱਚ ਆਪਣੇ ਮਾਪਿਆਂ ਅਤੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ ਹੈ।



ਜਾਣਕਾਰੀ ਅਨੁਸਾਰ, ਬਟਾਲਾ ਦੀ ਇਸ ਵਿਦਿਆਰਥਣ ਨੇ 31 ਦੀ ਬਹੁਤ ਹੀ ਔਖੀ ਮੰਨੀ ਜਾਂਦੀ ਪ੍ਰੀਖਿਆ ਵਿੱਚ ਪੂਰੇ ਭਾਰਤ ਵਿੱਚੋਂ 10ਵਾਂ ਰੈਂਕ (All India Rank 10) ਹਾਸਲ ਕਰਕੇ ਇੱਕ ਵੱਡੀ ਮਿਸਾਲ ਕਾਇਮ ਕੀਤੀ ਹੈ।
ਇਹ ਪ੍ਰਾਪਤੀ ਇਸ ਵਿਦਿਆਰਥਣ ਦੀ ਸਾਲਾਂ ਦੀ ਸਖ਼ਤ ਮਿਹਨਤ, ਲਗਨ ਅਤੇ ਦ੍ਰਿੜ੍ਹ ਇਰਾਦੇ ਦਾ ਨਤੀਜਾ ਹੈ। 31 ਦੀ ਪ੍ਰੀਖਿਆ ਨੂੰ ਦੇਸ਼ ਦੀਆਂ ਸਭ ਤੋਂ ਚੁਣੌਤੀਪੂਰਨ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਅਤੇ ਇਸ ਵਿੱਚ 'ਆਲ ਇੰਡੀਆ ਰੈਂਕ' ਹਾਸਲ ਕਰਨਾ ਬਹੁਤ ਵੱਡੀ ਗੱਲ ਹੈ। ਇਸ ਖ਼ਬਰ ਦੇ ਸਾਹਮਣੇ ਆਉਂਦਿਆਂ ਹੀ ਬਟਾਲਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਪਰਿਵਾਰ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਇਸ ਧੀ ਦੀ ਸਫ਼ਲਤਾ ਨੇ ਨਾ ਸਿਰਫ਼ ਗੁਰਦਾਸਪੁਰ ਜ਼ਿਲ੍ਹੇ ਦਾ ਮਾਣ ਵਧਾਇਆ ਹੈ, ਸਗੋਂ ਇਲਾਕੇ ਦੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਵੱਡੇ ਸੁਪਨੇ ਦੇਖਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ਹੈ।

# ਜ਼ੋਹਰਾਨ ਮਮਦਾਨੀ ਨੇ ਇਤਿਹਾਸ ਸਿਰਜਿਆ
## ਨਿਊਯਾਰਕ ਦੇ ਮੇਅਰ ਦੀ ਵੱਕਾਰੀ ਚੋਣ ਜਿੱਤੀ



ਨਿਊਯਾਰਕ : ਭਾਰਤੀ ਮੂਲ ਦੇ ਆਗੂ ਜ਼ੋਹਰਾਨ ਮਮਦਾਨੀ (34) ਨੇ ਨਿਊਯਾਰਕ ਸਿਟੀ ਦੇ ਮੇਅਰ ਅਹੁਦੇ ਦੀ ਚੋਣ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਉਹ ਪਹਿਲਾ ਦੱਖਣ ਏਸ਼ਿਆਈ, ਮੁਸਲਿਮ ਅਤੇ ਸਦੀ ਦਾ ਸਭ ਤੋਂ ਛੋਟੀ ਉਮਰ ਦਾ ਆਗੂ ਬਣ ਗਿਆ ਹੈ ਜਿਸ ਨੇ ਦੁਨੀਆ ਦੀ ਵਿੱਤੀ ਰਾਜਧਾਨੀ ਵਜੋਂ ਜਾਣੇ ਜਾਂਦੇ ਨਿਊਯਾਰਕ ਦੀ ਕਮਾਨ ਸੰਭਾਲੀ ਹੈ। ਭਾਰਤੀ ਫਿਲਮਸਾਜ਼ ਮੀਰਾ ਨਾਇਰ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਮਹਿਮੂਦ ਮਮਦਾਨੀ ਦੇ ਪੁੱਤਰ ਜ਼ੋਹਰਾਨ ਨੇ ਨਿਊਯਾਰਕ ਦੇ ਸਾਬਕਾ ਗਵਰਨਰ ਅਤੇ ਆਜ਼ਾਦ ਉਮੀਦਵਾਰ ਐਂਡਰਿਊ ਕੋਮੋ ਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲੀਵਾ ਨੂੰ ਹਰਾਇਆ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਰੋਧ ਦੇ ਬਾਵਜੂਦ ਮਮਦਾਨੀ ਦੀ ਇਤਿਹਾਸਕ ਜਿੱਤ ਨੂੰ 84 ਲੱਖ ਤੋਂ ਵੱਧ ਦੀ ਆਬਾਦੀ ਵਾਲੇ ਸ਼ਹਿਰ ਦੇ ਪ੍ਰਸ਼ਾਸਨਿਕ ਕੰਮਕਾਜ 'ਚ ਅਗਾਂਹਵਧੂ ਸਿਆਸਤ ਦੇ ਦੌਰ ਦੀ ਵਾਪਸੀ ਮੰਨਿਆ ਜਾ ਰਿਹਾ ਹੈ। ਉਸ ਨੇ ਕਿਰਤੀਆਂ ਦੇ ਮੁੱਦਿਆਂ ਨੂੰ ਤਰਜੀਹ ਦੇਣ ਦਾ ਅਹਿਦ ਲੈਂਦਿਆਂ ਨਿਊਯਾਰਕ 'ਚ ਬੱਚਿਆਂ ਦੀ ਮੁਫ਼ਤ ਸਾਂਭ-ਸੰਭਾਲ, ਮੁਫ਼ਤ ਬੱਸ ਸੇਵਾਵਾਂ ਅਤੇ ਸਰਕਾਰੀ ਕਰਿਆਨੇ ਦੀਆਂ ਦੁਕਾਨਾਂ ਖੋਲ੍ਹਣ ਜਿਹੇ ਵਾਅਦੇ ਕੀਤੇ ਹਨ। ਜਿੱਤ ਮਗਰੋਂ ਆਪਣੇ ਜੋਸ਼ੀਲੇ ਭਾਸ਼ਣ 'ਚ ਮਮਦਾਨੀ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਵੱਲੋਂ 1947 'ਚ ਦਿੱਤੇ ਗਏ ਮਸ਼ਹੂਰ ਭਾਸ਼ਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਨਿਊਯਾਰਕ 'ਪੁਰਾਣੇ ਤੋਂ ਨਵੇਂ' ਯੁੱਗ ਵੱਲ ਵੱਧ ਰਿਹਾ ਹੈ। ਯੁਗਾਂਡਾ 'ਚ ਜਨਮੇ ਜ਼ੋਹਰਾਨ ਨੇ ਬਰੁਕਲਿਨ ਪੈਰਾਮਾਊਂਟ ਥਿਏਟਰ 'ਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਨਿਊਯਾਰਕ, ਤੁਸੀਂ ਅੱਜ ਰਾਤ ਤਬਦੀਲੀ ਅਤੇ ਨਵੀਂ ਤਰ੍ਹਾਂ ਦੀ ਸਿਆਸਤ ਦਾ ਫ਼ਤਵਾ ਦਿੱਤਾ ਹੈ। ਇਹ ਅਜਿਹੇ ਸ਼ਹਿਰ ਲਈ ਫ਼ਤਵਾ ਹੈ ਜਿਸ ਦੇ ਰਹਿਣ ਸਹਿਣ ਦੇ ਖ਼ਰਚਿਆਂ ਨੂੰ ਅਸੀਂ ਸਹਿਣ ਕਰ ਸਕਦੇ ਹਾਂ। ਤੁਹਾਡੇ ਸਾਹਮਣੇ ਖੜ੍ਹੇ ਹੋ ਕੇ ਮੈਨੂੰ ਜਵਾਹਰਲਾਲ ਨਹਿਰੂ ਦੇ ਸ਼ਬਦ ਚੇਤੇ ਆਉਂਦੇ ਹਨ, ਇਤਿਹਾਸ 'ਚ ਕਦੇ-ਕਦਾਈਂ ਅਜਿਹਾ ਪਲ ਵੀ ਆਉਂਦਾ ਹੈ, ਜਦੋਂ ਅਸੀਂ ਪੁਰਾਣੇ ਤੋਂ ਨਵੇਂ ਯੁੱਗ 'ਚ ਕਦਮ ਰਖਦੇ ਹਾਂ। ਜਦੋਂ ਇਕ ਯੁੱਗ ਖ਼ਤਮ ਹੁੰਦਾ ਹੈ ਤੇ ਜਦੋਂ ਕਿਸੇ ਰਾਸ਼ਟਰ ਦੀ ਲੰਮੇ ਸਮੇਂ ਤੋਂ ਦਬਾਈ ਗਈ ਆਤਮਾ ਨੂੰ ਪ੍ਰਗਟਾਵੇ ਦੀ ਆਜ਼ਾਦੀ ਮਿਲਦੀ ਹੈ।" ਉਹ ਨਿਊਯਾਰਕ ਦੇ 111ਵੇਂ ਮੇਅਰ ਵਜੋਂ ਜਨਵਰੀ 'ਚ ਹਲਫ਼ ਲੈਣਗੇ। ਕੁਈਨਜ਼ ਸਟੇਟ ਅਸੈਂਬਲੀ ਦੇ ਮੌਜੂਦਾ ਮੈਂਬਰ ਮਮਦਾਨੀ ਨੂੰ 50 ਫ਼ੀਸਦ ਤੋਂ ਵੱਧ ਵੋਟਾਂ ਮਿਲੀਆਂ ਜਦਕਿ ਟਰੰਪ ਦੀ ਹਮਾਇਤ ਹਾਸਲ ਕਿਊਮੋ ਨੂੰ 40 ਅਤੇ ਸਲੀਵਾ ਨੂੰ 7 ਫ਼ੀਸਦ ਵੋਟਾਂ ਹੀ ਮਿਲੀਆਂ। ਮਮਦਾਨੀ ਨੇ ਆਪਣੇ ਭਾਸ਼ਣ 'ਚ ਟਰੰਪ ਨੂੰ ਚੁਣੌਤੀ ਦਿੱਤੀ ਜਿਨ੍ਹਾਂ ਰਾਸ਼ਟਰਪਤੀ ਵਜੋਂ ਆਪਣੇ ਦੂਜੇ ਕਾਰਜਕਾਲ 'ਚ ਇਮੀਗ੍ਰੇਸ਼ਨ 'ਤੇ ਸਖ਼ਤ ਕਾਰਵਾਈ ਆਰੰਭੀ ਹੋਈ ਹੈ। ਉਨ੍ਹਾਂ ਕਿਹਾ ਕਿ ਨਿਊਯਾਰਕ ਨੂੰ ਪਰਵਾਸੀ ਚਲਾਉਣਗੇ ਅਤੇ ਹੁਣ ਇਸ ਦੀ ਅਗਵਾਈ ਵੀ ਪਰਵਾਸੀ ਹੀ ਕਰੇਗਾ। ਟਰੰਪ ਨੇ ਵੋਟਰਾਂ ਨੂੰ ਲਗਾਤਾਰ ਅਪੀਲ ਕੀਤੀ ਸੀ ਕਿ ਉਹ ਜਮਹੂਰੀ ਸਮਾਜਵਾਦੀ ਉਮੀਦਵਾਰ ਮਮਦਾਨੀ ਨੂੰ ਵੋਟ ਨਾ ਪਾਉਣ। ਮਮਦਾਨੀ ਦੇ ਭਾਸ਼ਣ ਦੌਰਾਨ ਪਿਛੋਕੜ 'ਚ ਮਸ਼ਹੂਰ ਹਿੰਦੀ ਫਿਲਮ 'ਧੂਮ' ਦਾ ਗੀਤ 'ਧੂਮ ਮਚਾ ਲੇ' ਵੱਜਦਾ ਰਿਹਾ। ਬੌਲੀਵੁੱਡ ਹਸਤੀਆਂ ਸ਼ਬਾਨਾ ਆਜ਼ਮੀ, ਜ਼ੋਯਾ ਅਖ਼ਤਰ, ਹੰਸਲ ਮਹਿਤਾ, ਸੋਨਮ ਕਪੂਰ, ਅਲੀ ਫ਼ਜ਼ਲ ਅਤੇ ਹੋਰਾਂ ਨੇ ਜ਼ੋਹਰਾਨ ਮਮਦਾਨੀ ਅਤੇ ਉਸ ਦੀ ਮਾਂ ਫਿਲਮਸਾਜ਼ ਮੀਰਾ ਨਾਇਰ ਨੂੰ ਵਧਾਈ ਦਿੱਤੀ ਹੈ।

**ਸੀਨੀਅਰ ਮਮਦਾਨੀ ਦਾ ਪੰਜਾਬ ਕੁਨੈਕਸ਼ਨ :** ਨਿਊਯਾਰਕ ਦਾ ਮੇਅਰ ਬਣ ਕੇ ਇਤਿਹਾਸ ਸਿਰਜਣ ਵਾਲੇ ਜ਼ੋਹਰਾਨ ਮਮਦਾਨੀ ਦੇ ਪਰਿਵਾਰ ਦੇ ਤਾਰ ਪੰਜਾਬ ਨਾਲ ਜੁੜੇ ਹੋਏ ਹਨ। ਉਸ ਦੇ ਪਿਤਾ ਨਾਮੀ ਖੋਜੀ ਮਹਿਮੂਦ ਮਮਦਾਨੀ 1970 'ਚ ਪੰਜਾਬ ਆਏ ਸਨ। ਉਨ੍ਹਾਂ ਦਾ ਉਦੇਸ਼ 'ਦਿ ਖੰਨਾ ਸਟੱਡੀ' ਦੇ ਸਿੱਟਿਆਂ ਦਾ ਮੁਲਾਂਕਣ ਕਰਨਾ ਸੀ ਜੋ ਭਾਰਤ ਵਿੱਚ ਜਨਮ ਕੰਟਰੋਲ ਸਬੰਧੀ ਪਹਿਲਾ ਵੱਡਾ ਖੇਤਰੀ ਅਧਿਐਨ ਸੀ। ਇਸ ਦੀ ਅਗਵਾਈ ਹਾਰਵਰਡ ਸਕੂਲ ਆਫ ਪਬਲਿਕ ਹੈਲਥ ਦੇ ਮਾਹਿਰਾਂ ਨੇ ਭਾਰਤੀ ਫੀਲਡ ਅਫਸਰਾਂ ਦੀ ਮਦਦ ਨਾਲ ਕੀਤੀ ਸੀ। ਇਹ ਅਧਿਐਨ ਪੰਜਾਬ ਦੇ ਮਾਨੂਪੁਰ ਪਿੰਡ 'ਤੇ ਕੇਂਦਰਿਤ ਸੀ। ਇਸ ਦਾ ਉਦੇਸ਼ ਆਬਾਦੀ ਕੰਟਰੋਲ ਉਪਾਅ ਵਜੋਂ ਗੋਲੀਆਂ ਦੇ ਪ੍ਰਭਾਵ ਦਾ ਅਧਿਐਨ ਕਰਨਾ ਸੀ। ਮਮਦਾਨੀ ਨੇ ਬਾਅਦ ਵਿੱਚ 'ਦਿ ਮਿੱਥ ਆਫ਼ ਪਾਪੂਲੇਸ਼ਨ ਕੰਟਰੋਲ' ਰਿਪੋਰਟ ਵਿੱਚ ਸਾਬਿਤ ਕੀਤਾ ਕਿ ਇਹ ਤਜਰਬਾ ਅਸਫ਼ਲ ਰਿਹਾ। ਮਮਦਾਨੀ ਨੇ ਰਿਪੋਰਟ 'ਚ ਕਿਹਾ ਕਿ ਪਿੰਡ ਦੇ ਲੋਕ ਜਨਮ ਦਰ ਘਟਾਉਣ ਅਤੇ ਗਰਭ ਨਿਰੋਧਕਾਂ ਦੇ ਪੱਖ 'ਚ ਸਨ ਪਰ ਉਨ੍ਹਾਂ ਨੇ ਇਨ੍ਹਾਂ ਦੀ ਵਰਤੋਂ ਨਹੀਂ ਕੀਤੀ। ਉਨ੍ਹਾਂ ਦੀ ਕਿਤਾਬ ਨੇ ਦਿੱਤੀ ਕਿ ਵਿਕਾਸਸ਼ੀਲ ਮੁਲਕਾਂ ਵਿੱਚ ਗਰੀਬੀ ਦਾ ਮੁੱਖ ਕਾਰਨ ਬੇਹਿਸਾਬ ਆਬਾਦੀ ਹੈ ਅਤੇ ਇਸ ਦਾ ਹੱਲ ਜਨਮ ਦਰ ਕੰਟਰੋਲ ਨਾਲ ਹੀ ਹੋਵੇਗਾ। ਉਨ੍ਹਾਂ 'ਦਿ ਖੰਨਾ ਸਟੱਡੀ' ਦੇ ਨਾਕਾਮ ਰਹਿਣ ਬਾਰੇ ਕਿਹਾ ਕਿ ਆਰਥਿਕ ਨਜ਼ਰੀਏ ਤੋਂ ਪੰਜਾਬ ਦੇ ਪਿੰਡ ਵਾਲਿਆਂ ਲਈ ਜਨਮ ਕੰਟਰੋਲ ਪ੍ਰੋਗਰਾਮ ਅਪਣਾਉਣਾ ਤਬਾਹਕੁੰਨ ਸੀ। ਉਨ੍ਹਾਂ ਤਰਕ ਦਿੱਤਾ, "ਇੱਕ ਖੇਤੀ ਪ੍ਰਧਾਨ ਕਿਸਾਨੀ ਅਰਥਚਾਰੇ ਵਿੱਚ ਬੱਚੇ, ਖਾਸ ਕਰ ਕੇ ਪੁੱਤਰ, ਇੱਕ ਵੱਡੀ ਜਾਇਦਾਦ ਹੁੰਦੇ ਹਨ। ਉਨ੍ਹਾਂ ਤੋਂ ਬਿਨਾਂ ਇੱਕ ਪਰਿਵਾਰ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਦੇ ਨਾਲ ਖ਼ੁਸ਼ਹਾਲੀ ਦੀ ਸੰਭਾਵਨਾ ਹੁੰਦੀ ਹੈ।" ਰੌਕਫੈਲਰ ਫਾਊਂਡੇਸ਼ਨ ਅਤੇ ਭਾਰਤ ਸਰਕਾਰ ਵੱਲੋਂ ਫੰਡਿਡ 'ਦਿ ਖੰਨਾ ਸਟੱਡੀ' ਪ੍ਰੋਗਰਾਮ 1954 ਤੋਂ 1960 ਤੱਕ ਚੱਲਿਆ ਅਤੇ 1969 ਵਿੱਚ ਇੱਕ ਫਾਲੋ-ਅਪ ਹੋਇਆ ਜਿਸ ਵਿੱਚ 8,700 ਆਬਾਦੀ ਵਾਲੇ ਸੱਤ ਪਿੰਡਾਂ ਨੂੰ ਕਵਰ ਕੀਤਾ ਗਿਆ। ਦੋ ਸਾਲਾਂ ਬਾਅਦ ਟੈਸਟ ਖੇਤਰ ਵਿੱਚ ਜਨਮ ਦਰ 1,000 ਬੱਚਿਆਂ ਦੇ ਮੁਕਾਬਲੇ 'ਤੇ 13.2 ਘੱਟ ਹੋ ਗਈ। ਇਸੇ ਸਮੇਂ ਦੌਰਾਨ ਕੰਟਰੋਲ ਖੇਤਰ ਵਿੱਚ ਵੀ ਦਰ 1,000 'ਤੇ 11 ਘੱਟ ਹੋ ਗਈ।

# ਸਿੱਖ ਫ਼ੌਜੀਆਂ ਦੀ ਕੁਰਬਾਨੀ ਨੂੰ ਸਮਰਪਿਤ ਕੈਨੇਡਾ ਸਰਕਾਰ ਵਲੋਂ ਡਾਕ ਟਿਕਟ ਜਾਰੀ

ਓਟਾਵਾ : ਓਂਟਾਰੀਓ ਵਿਚ ਇਕ ਸਮਾਰੋਹ ਦੌਰਾਨ ਕੈਨੇਡਾ ਸਰਕਾਰ ਵਲੋਂ ਸਿੱਖ ਫ਼ੌਜੀਆਂ ਦਾ ਸਨਮਾਨ ਕਰਦੇ ਹੋਏ ਇਕ ਨਵੀਂ ਕੈਨੇਡਾ ਪੋਸਟ ਯਾਦਗਾਰੀ ਦਿਵਸ ਡਾਕ ਟਿਕਟ ਜਾਰੀ ਕੀਤੀ ਗਈ ਹੈ। 18ਵੇਂ ਸਾਲਾਨਾ ਸਿੱਖ ਯਾਦਗਾਰੀ ਦਿਵਸ ਸਮਾਰੋਹ ਦੌਰਾਨ ਪਹਿਲੀ ਵਾਰ ਸਿੱਖ-ਕੈਨੇਡੀਅਨ ਫ਼ੌਜੀਆਂ ਦੇ ਯੋਗਦਾਨ ਦਾ ਸਨਮਾਨ ਕਰਦੇ ਹੋਏ ਇਕ ਨਵੀਂ ਡਾਕ ਟਿਕਟ ਨੂੰ ਜਾਰੀ ਕੀਤਾ ਗਿਆ ਹੈ।




ਇਹ ਯਾਦਗਾਰੀ ਡਾਕ ਟਿਕਟ ਕੈਨੇਡੀਅਨ ਫ਼ੌਜ ਵਿਚ ਸਿੱਖਾਂ ਦੁਆਰਾ ਇਕ ਸਦੀ ਤੋਂ ਵੱਧ ਸਮੇਂ ਦੀ ਸੇਵਾ ਨੂੰ ਮਾਨਤਾ ਦਿੰਦੀ ਹੈ, ਜਿਸ ਦੀ ਸ਼ੁਰੂਆਤ ਪਹਿਲੇ ਵਿਸ਼ਵ ਯੁੱਧ ਦੌਰਾਨ ਹਥਿਆਰਬੰਦ ਫ਼ੌਜ ਵਿਚ ਭਰਤੀ ਹੋਏ 10 ਸਿੱਖ ਫ਼ੌਜੀਆਂ ਨਾਲ ਹੋਈ ਸੀ। ਸਿੱਖ ਭਾਈਚਾਰੇ ਵਲੋਂ ਹਰ ਸਾਲ ਵਾਂਗ ਇਸ ਸਾਲ ਵੀ ਇਹ ਸਮਾਰੋਹ ਓਂਟਾਰੀਓ ਦੇ ਕਿਚਨਰ ਵਿਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਆਯੋਜਿਤ ਕੀਤਾ ਗਿਆ ਸੀ। ਇਹ ਕੈਨੇਡਾ ਵਿਚ ਵਿਸ਼ਵ ਯੁੱਧਾਂ ਦੇ ਇਕ ਸਿੱਖ ਸਿਪਾਹੀ ਨੂੰ ਸਮਰਪਤ ਇਕੋ-ਇਕ ਯਾਦਗਾਰ ਹੈ। ਪਿਛਲੇ 18 ਸਾਲਾਂ ਤੋਂ ਸਿੱਖ ਭਾਈਚਾਰੇ ਦੇ ਮੈਂਬਰ ਕਿਚਨਰ ਵਿਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਇਕੱਠੇ ਹੁੰਦੇ ਰਹੇ ਹਨ।

# ਖਾਲਸਾਈ ਜਾਹੋ-ਜਲਾਲ ਨਾਲ ਯੂਬਾ ਸਿਟੀ ਦਾ 46ਵਾਂ ਮਹਾਨ ਨਗਰ ਕੀਰਤਨ ਸਮਾਪਤ

## ਲੱਖਾਂ ਦੀ ਸੰਗਤ 'ਚ ਇੱਕ ਵੀ ਝਗੜਾ ਜਾਂ ਅਣਸੁਖਾਵੀਂ ਘਟਨਾ ਨਾ ਵਾਪਰਨ ਨਾਲ ਸੰਗਤਾਂ 'ਚ ਖੁਸ਼ੀ ਦੀ ਲਹਿਰ











ਅਮਰੀਕਾ ਦੇ ਉਘੇ ਸਿੱਖ ਆਗੂ ਸ੍ਰ. ਜਸਵੰਤ ਸਿੰਘ ਹੋਠੀ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਸੇਵਾਦਾਰ ਸ੍ਰ. ਸਰਬਜੀਤ ਸਿੰਘ ਥਿਆੜਾ, ਸ੍ਰ. ਤੇਜਿੰਦਰ ਸਿੰਘ ਦੁਸਾਂਝ ਅਤੇ ਹੋਰ ਆਗੂ ਸਨਮਾਨਿਤ ਕਰਦੇ ਹੋਏ।






ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ 46ਵੇਂ ਮਹਾਨ ਵਿਸ਼ਾਲ ਨਗਰ ਕੀਰਤਨ ਤੇ ਧਾਰਮਿਕ ਸਮਾਗਮ ਸਮਾਪਤ ਹੋ ਗਏ। ਕਰੀਬ ਪੰਦਰਾਂ ਦਿਨਾਂ ਤੋਂ ਚੱਲ ਰਹੇ ਧਾਰਮਿਕ ਸਮਾਗਮ ਅਖੀਰਲੇ ਦਿਨ ਨਗਰ ਕੀਰਤਨ ਨਾਲ ਸਮਾਪਤ ਹੋ ਗਏ, ਜਿਸ ਵਿਚ ਐਤਕਾਂ ਪਿਛਲੇ ਸਾਲਾਂ ਤੋਂ ਕਰੀਬ ਦੁੱਗਣੀ ਸੰਗਤਾਂ ਨੇ ਸ਼ਮੂਲੀਅਤ ਕੀਤੀ। 31 ਅਕਤੂਬਰ ਨੂੰ ਆਤਿਸਬਾਜ਼ੀ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਪਹਿਲੀ ਨਵੰਬਰ ਨੂੰ ਅੰਮ੍ਰਿਤ ਸੰਚਾਰ ਕੀਤਾ ਗਿਆ। ਇਸੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਪਹਿਲੀ ਨਵੰਬਰ ਨੂੰ ਹੀ ਰੈਣ ਸਬਾਈ ਕੀਰਤਨ ਹੋਇਆ, ਜਿਸ ਵਿਚ ਭਾਰੀ ਗਿਣਤੀ ਵਿਚ ਸਥਾਨਕ ਅਤੇ ਬਾਹਰਲੀ ਸੰਗਤਾਂ ਨੇ ਗੁਰਬਾਣੀ ਦਾ ਲਾਹਾ ਲਿਆ। ਸ੍ਰੀ ਅਖੰਡਪਾਠਾਂ ਦੇ ਭੋਗ ਪਾਏ ਗਏ ਤੇ ਨਗਰ ਕੀਰਤਨ ਸਜਾਇਆ ਗਿਆ। ਰਾਤ ਨੂੰ ਲੱਗੇ ਦੀਵਾਨਾਂ ਵਿਚ ਸਿੱਖ ਵਿਦਵਾਨਾਂ ਅਤੇ ਸਥਾਨਕ ਸਿਆਸੀ ਲੋਕਾਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ। ਸੰਗਤਾ ਦੇ ਭਾਰੀ ਜੋਸ਼ ਅਤੇ ਸ਼ਰਧਾ ਨੇ ਇਤਿਹਾਸ ਸਿਰਜ ਦਿੱਤਾ ਪ੍ਰਬੰਧਕ ਕਮੇਟੀ ਨਾਲ ਹਮੇਸ਼ਾ ਚਟਾਨਾ ਦੇ ਵਾਂਗ ਖੜ੍ਹੇ ਲੋਕ ਇਸ ਵਾਰ ਖੁਸ਼ ਅਤੇ ਉਤਸਾਹਿਤ ਦਿਖਾਈ ਦਿੱਤੇ।

ਗੁਰੂ ਕੇ ਲੰਗਰ : ਇਸ ਮਹਾਨ ਪਵਿੱਤਰ ਨਗਰ ਕੀਰਤਨ ਉਪਰ ਹਰ ਸਾਲ ਦੀ ਤਰਾ ਸਿੱਖ ਪੰਥ ਦੇ ਥਾਂ ਥਾਂ ਨਿਸ਼ਕਾਮ ਸੇਵਾਦਾਰ ਨਗਰ ਕੀਰਤਨ ਤੋ ਕਈ ਦਿਨ ਪਹਿਲਾਂ ਗੁਰੂ ਕੇ ਲੰਗਰਾਂ ਦੀ ਸੇਵਾ ਅਰੰਭ ਕਰ ਦਿੰਦੇ ਹਨ। ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਵੇਰ ਤੋਂ ਰਾਤ ਤੱਕ ਲਾਈਨਾਂ ਵਿੱਚ ਲੱਗ ਕੇ ਇਸ ਗੁਰੂ ਨਾਨਕ ਸਾਹਿਬ ਜੀ ਦੇ ਲੰਗਰਾਂ ਵਿੱਚ ਅਣਗਿਣਤ ਗੁਰੂ ਕੀਆਂ ਸੰਗਤਾਂ ਲੰਗਰ ਛਕਦੀਆਂ ਹਨ। ਜਿਥੇ ਇਹ ਗੁਰੂ ਕਾ ਲੰਗਰ ਪ੍ਰਣਾਮ ਸ਼ਹੀਦਾਂ ਨੂੰ ਦੇ ਬੈਨਰ ਹੇਠ ਸੇਵਾ ਕਰਦਾ ਹੈ, ਉਥੇ ਅਨੇਕਾਂ ਹੀ ਹੋਰ ਵੱਡੇ-ਵੱਡੇ ਤੰਬੂ ਲਗਾਕੇ ਵੱਖ ਵੱਖ ਨਾਮਾਂ ਹੇਠ ਨਿਸ਼ਕਾਮ ਸੇਵਾ ਕਰਦੇ ਹਨ। ਕਿਤੇ ਸਰੋਂ ਦਾ ਸਾਗ ਮੱਕੀ ਦੀਆਂ ਰੋਟੀਆਂ, ਕਿਤੇ ਭੂਜੀਆਂ ਛੱਲੀਆਂ, ਚਾਟ, ਛੋਲੇ ਬਟੂਰੇ, ਪਕੌੜੇ ਮੱਠੀਆਂ ਜਲੇਬੀਆਂ, ਤਰ੍ਹਾਂ ਤਰ੍ਹਾਂ ਦੇ ਜੂਸ, ਅਨੇਕ ਤਰ੍ਹਾਂ ਦੀਆਂ ਸਬਜ਼ੀਆਂ ਦਾਲਾਂ, ਦੁੱਧ ਆਈਸ ਕਰੀਮ, ਡਰਾਈ ਫੂਡ ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗਿਣਿਆਂ ਹੀ ਨਹੀਂ ਜਾ ਸਕਦਾ, ਪਰਿਵਾਰਾਂ ਦੇ ਪਰਿਵਾਰ, ਪਿੰਡਾਂ ਦੇ ਪਿੰਡ ਅਤੇ ਵੱਖ-ਵੱਖ ਗੁਰੂਘਰਾਂ ਦੇ ਸੇਵਾਦਾਰ ਥਾਂ-ਥਾਂ ਨਿਮਰਤਾ ਅਤੇ ਭਾਰੀ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦੇ। ਆਮ ਸੰਗਤਾਂ ਦੀ ਜੁਬਾਨ ਉਪਰ ਇਹ ਸੇਵਾ ਭਾਵਨਾ ਨੂੰ ਦੇਖ ਕੇ ਸੁਣਿਆ ਜਾ ਜਾਂਦਾ ਹੈ ਧੰਨ ਗੁਰੂ ਅਤੇ ਧੰਨ ਗੁਰੂ ਕੇ ਸਿੱਖ। ਜਦੋਂ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਪੁੱਛਦੇ ਹਾਂ ਅੱਗੋਂ ਜਵਾਬ ਹੁੰਦਾ ਹੈ ਕਿ ਅਸੀਂ ਤਾਂ ਨਿਮਾਣੇ ਜਿਹੇ ਹਾਂ। ਗੁਰੂ ਸਿਰ ਉਪਰ ਹੱਥ ਰੱਖਕੇ ਸੇਵਾ ਲੈ ਰਿਹਾ ਹੈ। ਯੂਬਾ ਸਿਟੀ ਦਾ ਇਹ ਮਹਾਨ ਨਗਰ ਕੀਰਤਨ ਵਾਕਿਆ ਹੀ ਅਲੌਕਿਕ ਰੂਹਾਨੀ ਅਤੇ ਖਾਲਸਾਈ ਜਜ਼ਬਿਆਂ ਵਿੱਚ ਰੰਗਿਆ ਸੇਵਾ ਅਤੇ ਸ਼ਰਧਾ ਦਾ ਇੱਕ ਮਹਾਨ ਸੁਮੇਲ ਹੈ। ਅਖੀਰਲੇ ਤਿੰਨ ਦਿਨ ਯੂਬਾ ਸਿਟੀ ਦੀ ਇਹ ਪਵਿੱਤਰ ਧਰਤੀ ਵਾਹਿਗੁਰੂ ਜੀ ਦੇ ਰੰਗ ਵਿੱਚ ਰੰਗੀ ਲਾਸਾਨੀ ਅਤੇ ਧਰਤੀ ਉਪਰ ਸਵਰਗ ਦੇ ਨਿਆਈ ਹੁੰਦੀ ਹੈ।

ਅਮਰੀਕਾ ਦੀ ਧਰਤੀ 'ਤੇ ਜਦੋਂ ਤੋਂ ਪੰਜਾਬੀ ਭਾਈਚਾਰੇ ਖਾਸ ਕਰਕੇ ਸਿੱਖਾਂ ਨੇ ਪੈਰ ਰੱਖਿਆ ਉਹਨਾਂ ਆਪਣੇ ਸਮਾਜਿਕ ਅਤੇ ਧਾਰਮਿਕ ਅਕੀਦਿਆਂ ਅਨੁਸਾਰ ਜ਼ਿੰਦਗੀ ਜਿਉਣ ਨੂੰ ਤਰਜੀਹ ਹੀ ਨਹੀਂ ਦਿੱਤੀ ਸਗੋਂ ਆਪਣੇ ਮੁਸ਼ਕਿਲਾਂ ਭਰੇ ਪਰਵਾਸ ਵਿਚ ਸਮਾਜਿਕ ਧਾਰਮਿਕ ਕਦਰਾਂ ਕੀਮਤਾਂ ਨੂੰ ਕਾਇਮ ਰੱਖਿਆ। ਲਗਭਗ ਇਕ ਸਦੀ ਪਹਿਲਾਂ ਜਦੋਂ ਕੋਈ ਪੰਜਾਬੀ ਔਕੜਾਂ ਭਰੇ ਰਸਤਿਆਂ ਰਾਹੀਂ ਅਮਰੀਕਾ ਦੀ ਕੈਲੇਫੋਰਨੀਆਂ ਸਟੇਟ ਵਿਚ ਆਉਂਦਾ ਤਾਂ ਯੂਬਾ ਸਿਟੀ ਵਿਚ ਰਹਿਣ ਵਾਲੇ ਕੁਝ ਸਿੱਖ ਉਸ ਪਰਦੇਸੀ ਤੱਕ ਪਹੁੰਚ ਕਰਕੇ ਉਸਦੀ ਮਹਿਮਾਨ ਨਿਵਾਜੀ ਕਰਦੇ, ਕਈ ਕਈ ਦਿਨ ਵੱਖੋ-ਵੱਖਰੇ ਘਰਾਂ ਵਿਚ ਉਸਦੀ ਖਾਤਰਦਾਰੀ ਹੁੰਦੀ ਰਹਿੰਦੀ। ਕੰਮ ਕਾਰਾਂ ਤੋਂ ਵਿਹਲੇ ਹੋ ਕੇ ਵੱਖ-ਵੱਖ ਘਰਾਂ ਵਿਚ ਸਾਰੇ ਪੰਜਾਬੀ ਇਕੱਠੇ ਹੋ ਕੇ ਰਾਤ ਦਾ ਪ੍ਰੀਤੀ ਭੋਜਨ ਕਰਦੇ ਫਿਰ ਸਮੇਂ ਦੇ ਨਾਲ ਨਾਲ ਸਿਆਣੇ ਬਜ਼ੁਰਗਾਂ ਨੇ ਟਾਇਰਾ ਬਿਊਨਾ ਰੋਡ 'ਤੇ ਸਿੱਖ ਟੈਂਪਲ ਗੁਰਦੁਆਰਾ ਸਾਹਿਬ ਕਾਇਮ ਕਰਕੇ ਧਾਰਮਿਕ ਅਤੇ ਸਮਾਜਿਕ ਏਕਤਾ ਕਾਇਮ ਕੀਤੀ। ਅੱਜ ਤੋਂ 46 ਸਾਲ ਪਹਿਲਾਂ ਸਿਆਣੇ ਬਜ਼ੁਰਗਾਂ ਨੇ ਖਾਲਸੇ ਦੀ ਵਿਲੱਖਣ ਹੋਂਦ ਦਾ ਪ੍ਰਗਟਾਵਾ ਕਰਨ ਅਤੇ ਦੂਰ ਦੁਰਾਡੇ ਰਹਿਣ ਵਾਲੇ ਪੰਜਾਬੀਆਂ ਵਿਚ ਆਪਸੀ ਤਾਲਮੇਲ ਕਾਇਮ ਕਰਨ ਅਤੇ















# ਖਾਲਸਾਈ ਜਾਹੋ-ਜਲਾਲ ਨਾਲ ਯੂਬਾ ਸਿਟੀ ਦਾ 46ਵਾਂ ਮਹਾਨ ਨਗਰ ਕੀਰਤਨ ਸਮਾਪਤ

## ਲੱਖਾਂ ਦੀ ਸੰਗਤ 'ਚ ਇੱਕ ਵੀ ਝਗੜਾ ਜਾਂ ਅਣਸੁਖਾਵੀਂ ਘਟਨਾ ਨਾ ਵਾਪਰਨ ਨਾਲ ਸੰਗਤਾਂ 'ਚ ਖ਼ੁਸ਼ੀ ਦੀ ਲਹਿਰ











ਸਿੱਖੀ ਧੁਰੇ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੋੜੀ ਰੱਖਣ ਦੇ ਸੰਕਲਪ ਨੂੰ ਮੁਖ ਰੱਖਦਿਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਕਰਨ ਦਾ ਉਪਰਾਲਾ ਛੋਟੇ ਪੱਧਰ 'ਤੇ ਕੀਤਾ ਜੋ ਅੱਜ ਯੂਬਾ ਸਿਟੀ ਦੀਆਂ ਸੰਗਤਾਂ ਵਲੋਂ ਆਪਣੇ ਬਜ਼ੁਰਗਾਂ ਦੀ ਸੋਚ ਨੂੰ ਅੱਗੇ ਵਧਾਉਂਦਿਆਂ ਆਯੋਜਿਤ ਨਗਰ ਕੀਰਤਨ ਅਮਰੀਕਾ ਵਿਚ ਹੀ ਨਹੀਂ ਸਗੋਂ ਪੂਰੇ ਸੰਸਾਰ ਵਿਚ ਪ੍ਰਸਿੱਧ ਹੋ ਚੁੱਕਾ ਹੈ। ਜਿਥੇ ਦੁਨੀਆਂ ਦੇ ਕੋਨੇ-ਕੋਨੇ ਤੋਂ ਪੰਜਾਬੀ ਇਸ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਨੂੰ ਲੋਚਦੇ ਰਹਿੰਦੇ ਹਨ, ਉਥੇ ਯੂਬਾ ਸਿਟੀ ਵਿਚ ਰਹਿਣ ਵਾਲੇ ਪੰਜਾਬੀ ਬਾਹਰੋਂ ਆਉਣ ਵਾਲੀਆਂ ਸੰਗਤਾਂ ਦੀ ਹਰ ਤਰ੍ਹਾਂ ਦੀ ਸੇਵਾ ਅਤੇ ਮਹਿਮਾਨ ਨਿਵਾਜੀ ਕਰਨ ਦੀ ਉਡੀਕ ਵਿਚ ਸਾਰਾ ਸਾਲ ਲੰਘਾਉਂਦੇ ਹਨ।

ਨਗਰ ਕੀਰਤਨ ਤੋਂ ਪਹਿਲਾਂ ਸ਼ਨਿਚਰਵਾਰ ਅੰਮ੍ਰਿਤ ਵੇਲੇ ਅੰਮ੍ਰਿਤ ਸੰਚਾਰ ਹੋਇਆ ਜਿਸ ਵਿਚ ਵੱਡੀ ਗਿਣਤੀ ਵਿਚ ਪ੍ਰਾਣੀਆ ਨੇ ਅਮ੍ਰਿੰਤ ਦੀ ਦਾਤ ਪੰਜ ਪਿਆਰਿਆਂ ਤੋਂ ਪ੍ਰਾਪਤ ਕੀਤੀ।

11 ਵਜੇ ਜੈਕਾਰਿਆਂ ਦੀ ਗੂੰਜਾਂ ਵਿਚ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਹੋਈ। ਦੁਪਹਿਰ ਤੋਂ ਬਾਅਦ 'ਸਿੱਖ ਸੈਮੀਨਾਰ' ਹੋਇਆ ਜਿਸ ਵਿਚ ਵੱਖ ਵੱਖ ਵਿਦਵਾਨਾਂ ਨੇ ਗੁਰਮਤਿ ਦੇ ਵੱਖ ਵੱਖ ਪਹਿਲੂਆਂ ਤੋਂ ਚਾਨਣਾ ਪਾਇਆ। ਰਾਤ ਦੇ ਸਮਾਗਮਾਂ ਵਿਚ ਕੀਰਤਨ, ਕਥਾ, ਢਾਡੀ ਵਾਰਾਂ ਦੇ ਨਾਲ ਨਾਲ ਪੰਥਕ ਆਗੂ ਅਤੇ ਧਾਰਮਿਕ ਬੁਲਾਰਿਆ ਨੇ ਰਾਜਨੀਤਿਕ ਧਾਰਮਿਕ ਸਨੇਹੇ ਸੰਗਤਾਂ ਨੂੰ ਦਿੱਤੇ।

ਸੇਵਾ, ਸਿਮਰਨ, ਆਪਸੀ ਭਾਈਚਾਰੇ ਦੀ ਮਿਸਾਲ 46ਵਾਂ ਮਹਾਨ ਨਗਰ ਕੀਰਤਨ 4 ਨਵੰਬਰ ਐਤਵਾਰ ਨੂੰ ਆਪਣੇ ਪੂਰੇ ਖਾਲਸਾਈ ਜਾਹੋ-ਜਲਾਲ ਨਾਲ ਸਪੰਨ ਹੋਇਆ। ਇੱਕ ਅੰਦਾਜ਼ੇ ਅਨੁਸਾਰ ਲੱਖ ਤੋਂ ਵੀ ਵੱਧ ਸੰਗਤਾਂ ਨੇ ਇਸ ਨਗਰ ਕੀਰਤਨ ਵਿਚ ਹਿੱਸਾ ਲਿਆ। ਸਵੇਰ ਤੋਂ ਹੀ ਸੰਗਤਾਂ ਦੀਆਂ ਲੰਮੀਆਂ-ਲੰਮੀਆਂ ਲਾਈਨਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਨ ਲਈ ਲੱਗਣੀਆਂ ਸ਼ੁਰੂ ਹੋ ਗਈਆ ਸਨ।

10.30 ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਕਰਨ ਬਾਅਦ ਜੈਕਾਰਿਆਂ ਦੀ ਗੂੰਜ ਨਾਲ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਰਵਾਨਾ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲੋਟ ਨੂੰ ਸਜਾਇਆ ਗਿਆ, ਪਾਲਕੀ ਸਾਹਿਬ ਵਿਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੋਭਾ ਅਪਰ ਅਪਾਰ ਸੀ। ਇੰਡੀਆ ਤੋਂ ਪ੍ਰਬੰਧਕ ਕਮੇਟੀ ਵਲੋਂ ਉਚੇਚੇ ਸੱਦੇ ਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਸਿੰਘਾਂ ਨੇ ਸਾਰੇ ਰਸਤੇ ਮਨੋਹਰ ਕੀਰਤਨ ਨਾਲ ਸੰਗਤਾਂ ਨੂੰ ਗੁਰਬਾਣੀ ਨਾਲ ਜੋੜੀ ਰੱਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲੋਟ ਤੋਂ ਬਾਅਦ ਤਰਤੀਬਵਾਰ ਸ੍ਰੀ ਹਰਮੰਦਰ ਸਾਹਿਬ, ਸਿੱਖ ਟੈਂਪਲ ਗੁਰਦੁਆਰਾ ਖਾਲਸਾ ਸਕੂਲ ਯੂਬਾ ਸਿਟੀ, ਰੈਡ ਕਰਾਸ, ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦੱਲ ਅੰਮ੍ਰਿਤਸਰ ਸਿੱਖ ਟੈਂਪਲ ਬਰਾਡ ਸ਼ਾਹ ਰੋਡ ਸੈਕਰਾਮੈਂਟੋ।

ਇਸ ਨਗਰ ਕੀਰਤਨ ਦਾ ਵਿਸ਼ੇਸ ਪਹਿਲੂ ਇਹ ਵੀ ਹੈ ਕਿ ਇਸ ਵਿਚ ਸਮਾਜ ਸੇਵੀ ਸੰਸਥਾਵਾਂ ਪਹੁੰਚ ਕੇ ਸੰਗਤਾਂ ਨੂੰ ਸਮਾਜ ਅਤੇ ਧਰਮ ਦੀ ਸੇਵਾ ਦੇ ਖੇਤਰ ਵਿਚ ਸੇਵਾਵਾਂ ਕਰਨ ਬਾਰੇ ਜਾਗਰੂਕ ਕਰਦੀਆਂ ਹਨ। ਆਪੋ ਆਪਣੇ ਬੂਥ ਲਗਾ ਕੇ ਸੰਗਤਾਂ ਨੂੰ ਸਮਾਜਿਕ ਧਾਰਮਿਕ ਪੱਖੋਂ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਉਹਨਾਂ ਦਾ ਹੱਲ ਕਿਵੇਂ ਕਰਨਾ ਹੈ ਦੱਸਦੀਆ ਹਨ। ਸੈਂਕੜਿਆਂ ਦੀ ਗਿਣਤੀ ਵਿਚ ਲੰਗਰ ਸਟਾਲ ਲੱਗੇ ਹੋਏ ਸਨ ਜਿਸ ਵਿਚ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਨਾਲ ਸੇਵਾਦਾਰ ਸੰਗਤਾਂ ਦੀ ਸੇਵਾ ਕਰ ਰਹੇ ਸਨ।

ਸ਼ਾਮ 5:00 ਵਜੇ ਦੇ ਕਰੀਬ ਨਗਰ ਕੀਰਤਨ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ ਮੁੱਖ ਗ੍ਰੰਥੀ ਨੇ ਸਮਾਪਤੀ ਦੀ ਅਰਦਾਸ ਕਰਕੇ ਸਤਿਗੁਰਾਂ ਦਾ ਸ਼ੁਕਰਾਨਾ ਕਰਦਿਆਂ ਅਗਲੇ ਸਾਲ 47ਵੇਂ ਨਗਰ ਕੀਰਤਨ ਲਈ ਯੂਬਾ ਸਿਟੀ ਅਤੇ ਸਮੁੱਚੀਆਂ ਸੰਗਤਾਂ ਨੂੰ ਹੋਰ ਚਾਓ ਅਤੇ ਉਤਸ਼ਾਹ ਦੀ ਬਖਿਸ਼ਸ ਕਰਨ ਦੀ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਅਤੇ ਸਾਰੀ ਕਮੇਟੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਇਥੇ ਖਾਸ ਤੌਰ ਉਪਰ ਜ਼ਿਕਰਯੋਗ ਹੈ ਕਿ ਲੱਖਾਂ ਦੀ ਸੰਗਤ 'ਚ ਇੱਕ ਵੀ ਝਗੜਾ ਜਾਂ ਅਣਸੁਖਾਵੀ ਘਟਨਾ ਨਾ ਵਾਪਰਨ ਨਾਲ ਸੰਗਤ 'ਚ ਖੁਸ਼ੀ ਦੀ ਲਹਿਰ ਸੀ।












# ‘ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥’

## ਦੇਖੋ ਗੁਰੂ ਕੇ ਲੰਗਰਾਂ ਦੀਆਂ ਵੱਖ-ਵੱਖ ਝਲਕੀਆਂ, ਤਸਵੀਰਾਂ ਦੀ ਜ਼ੁਬਾਨੀ...














ਯੂਬਾ ਸਿਟੀ/ਕੈਲੀਫੋਰਨੀਆ, (ਸਾਡੇ ਲੋਕ) ਸਰਬਸਾਂਝੀ ਗੁਰਬਾਣੀ, ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਨੂੰ ਸਮਰਪਿਤ 46ਵੇਂ ਮਹਾਨ ਨਗਰ ਕੀਰਤਨ ’ਤੇ ਦੁਨੀਆਂ ਭਰ ਵਿੱਚੋਂ ਪਹੁੰਚੀਆਂ ਸਮੂਹ ਸੰਗਤਾਂ ਵੱਲੋਂ ਗੁਰੂ ਕੇ ਲੰਗਰਾਂ ਦੀ ਸ਼ਰਧਾ ਤੇ ਨਿਮਰਤਾ ਨਾਲ ਸੇਵਾ ਕੀਤੀ ਗਈ

ਗੁਰਦੁਆਰਾ ਸਾਹਿਬ ਵਿਖੇ ਹਜ਼ਾਰਾਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਚਾਰੇ ਪਾਸੇ ਗੁਰੂ ਕੇ ਲੰਗਰ ਚੱਲ ਰਹੇ ਸਨ। ਕਿਤੇ ਮੱਕੀ ਦੀ ਰੋਟੀ-ਸਰ੍ਹੋਂ ਦਾ ਸਾਗ, ਕਿਸੇ ਪਾਸੇ ਫਰੂਟ ਸਲਾਦ, ਕਿਸੇ ਪਾਸੇ ਆਈਸ ਕਰੀਮ, ਰੂਹ ਅਫ਼ਜ਼ਾ, ਸੰਤਰਿਆਂ ਦਾ ਤਾਜ਼ਾ ਜੂਸ, ਬੱਸ ਗੁਰੂ ਕੇ ਲੰਗਰਾਂ ਦੇ ਕੀ ਕਹਿਣੇ!

ਕਈ ਪਰਿਵਾਰਾਂ ਦੇ ਪਰਿਵਾਰ ਛੋਲੇ-ਭਟੂਰੇ, ਪਕੌੜੇ, ਜਲੇਬੀਆਂ ਦੇ ਲੰਗਰ ਲਗਾਏ ਹੋਏ ਸਨ। ਕਿਸੇ ਪਾਸੇ ਸੇਵਾਦਾਰਾਂ ਵੱਲੋਂ ਤਾਜ਼ੀਆਂ ਪੂੜੀਆਂ ਖੁਆਈਆਂ ਜਾ ਰਹੀਆਂ ਸਨ, ਕਿਸੇ ਪਾਸੇ ਮੈਂਗੋ ਸ਼ੇਕ (ਤਾਜ਼ਾ ਜੂਸ) ਪਿਲਾਇਆ ਜਾ ਰਿਹਾ ਸੀ। ਅਣਗਿਣਤ ਸੰਗਤਾਂ ਸੇਵਾ ਕਰ ਰਹੀਆਂ ਸਨ।

ਇਸ ਬਾਰੇ ਸਾਡੇ ਨਾਲ ਗੱਲਬਾਤ ਕਰਦਿਆਂ ਸੇਵਾਦਾਰਾਂ ਨੇ ਕਿਹਾ ਕਿ ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਥੰਮ੍ਹ ਹਨ, ਇਸ ਦੇ ਚਲਦਿਆਂ ਹੀ ਸਾਰੀ ਦੁਨੀਆਂ ਦੀਆਂ ਸੜਕਾਂ ਉੱਪਰ ਗੁਰੂ ਨਾਨਕ ਸਾਹਿਬ ਜੀ ਦੇ ਲੰਗਰ ਚੱਲ ਰਹੇ ਹਨ।

ਇਸ ਮਹਾਨ ਪਵਿੱਤਰ ਨਗਰ ਕੀਰਤਨ ’ਤੇ ਹਰ ਸਾਲ ਦੀ ਤਰ੍ਹਾਂ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸਵੇਰ ਤੋਂ ਸ਼ਾਮ ਤੱਕ ਲਾਈਨਾਂ ਵਿੱਚ ਲੱਗ ਕੇ, ਗੁਰੂ ਨਾਨਕ ਸਾਹਿਬ ਜੀ ਦੇ ਲੰਗਰਾਂ ਵਿੱਚ ਅਣਗਿਣਤ ਗੁਰੂ ਕੀਆਂ ਸੰਗਤਾਂ ਲੰਗਰ ਛਕਦੀਆਂ ਹਨ। ਸਬਜ਼ੀਆਂ, ਦਾਲਾਂ, ਦੁੱਧ, ਆਈਸ ਕਰੀਮ, ਡਰਾਈ ਫਰੂਟ, ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗਿਣਿਆ ਹੀ ਨਹੀਂ ਜਾ ਸਕਦਾ। ਪਰਿਵਾਰਾਂ ਦੇ ਪਰਿਵਾਰ, ਪਿੰਡਾਂ ਦੇ ਪਿੰਡ ਅਤੇ ਵੱਖ-ਵੱਖ ਗੁਰੂ-ਘਰਾਂ ਦੇ ਸੇਵਾਦਾਰ ਥਾਂ-ਥਾਂ ਨਿਮਰਤਾ ਅਤੇ ਭਾਰੀ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦੇ ਹਨ।

ਆਮ ਸੰਗਤਾਂ ਦੀ ਜ਼ੁਬਾਨ ਉੱਪਰ ਇਹ ਸੇਵਾ ਭਾਵਨਾ ਨੂੰ ਦੇਖ ਕੇ ਸੁਣਿਆ ਜਾ ਜਾਂਦਾ ਹੈ, ‘ਧੰਨ ਗੁਰੂ ਅਤੇ ਧੰਨ ਗੁਰੂ ਕੇ ਸਿੱਖ’। ਜਦੋਂ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਪੁੱਛਦੇ ਹਾਂ, ਅੱਗੋਂ ਜਵਾਬ ਹੁੰਦਾ ਹੈ ਕਿ ਅਸੀਂ ਤਾਂ ਨਿਮਾਣੇ ਜਿਹੇ ਹਾਂ, ਗੁਰੂ ਸਿਰ ਉੱਪਰ ਹੱਥ ਰੱਖ ਕੇ ਸੇਵਾ ਲੈ ਰਿਹਾ ਹੈ।

ਯੂਬਾ ਸਿਟੀ (ਕੈਲੀਫੋਰਨੀਆ) ਦਾ ਇਹ ਮਹਾਨ ਨਗਰ ਕੀਰਤਨ ਵਾਕਈ ਹੀ ਅਲੌਕਿਕ, ਰੂਹਾਨੀ ਅਤੇ ਖ਼ਾਲਸਾਈ ਜਜ਼ਬਿਆਂ ਵਿੱਚ ਰੰਗਿਆ, ਸੇਵਾ ਅਤੇ ਸ਼ਰਧਾ ਦਾ ਇੱਕ ਮਹਾਨ ਸੁਮੇਲ ਹੈ। ਅੱਜ ਦੇ ਦਿਨ ਇਹ ਪਵਿੱਤਰ ਧਰਤੀ ਵਾਹਿਗੁਰੂ ਜੀ ਦੇ ਰੰਗ ਵਿੱਚ ਰੰਗੀ, ਲਾਸਾਨੀ ਅਤੇ ਧਰਤੀ ਉੱਪਰ ਸਵਰਗ ਦੇ ਨਿਆਈਂ ਹੁੰਦੀ ਹੈ।



ਕਈ ਦਹਾਕਿਆਂ ਤੋਂ ਫੋਟੋ ਰਾਹੀਂ ਇਤਿਹਾਸ ਨੂੰ ਕਲਮਬੰਦ ਕਰ ਰਹੇ ਸ੍ਰ. ਰਾਜ ਬਡਵਾਲ ਦਾ ਇਨ੍ਹਾਂ ਫੋਟੋਆਂ ਲਈ ‘ਸਾਡੇ ਲੋਕ’ ਅਖ਼ਬਾਰ ਵਲੋਂ ਧੰਨਵਾਦ

Budwal & Associates
Your Financial Friends for Life
329 Piercy Rd, San Jose, CA 95138
Office:(408) 972-8000
Cell: (408) 835-0202













ਯੂਬਾ ਸਿਟੀ ਦੇ ਇਤਿਹਾਸਕ 46ਵੇਂ ਮਹਾਨ ਨਗਰ ਕੀਰਤਨ ਉੱਪਰ ਗੁਰੂ ਕੀਆਂ ਲੱਖਾਂ ਸੰਗਤਾਂ ਦਾ ਇਕੱਠ ਹੋਇਆ ਇਸ ਮਹਾਨ ਤਿਉਹਾਰ ਉਪਰ ਪੂਰੀ ਦੁਨੀਆਂ ਤੋਂ ਪਹੁੰਚੀਆਂ ਸਮੂਹ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ



ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ
ਅਮਰੀਕਾ ਦੇ ਨੌਜਵਾਨ ਸਿੱਖ ਆਗੂ
ਗੁਰੂ ਅਤੇ ਪੰਥ ਦੇ
ਨਿਸ਼ਕਾਮ ਸੇਵਾਦਾਰ



ਸ੍ਰ. ਜੋਗਾ ਸਿੰਘ ਬਾਠ
ਅਤੇ ਸਮੂਹ ਬਾਠ ਪਰਿਵਾਰ
ਟਰੇਸੀ ਕੈਲੀਫੋਰਨੀਆ

# ਪੰਜਾਬੀਆਂ ਦੇ ਵਿਆਹ : ਉਦੋਂ ਤੇ ਹੁਣ



ਡਾ. ਰਣਜੀਤ ਸਿੰਘ

ਪਿਛਲੇ ਦਿਨੀਂ ਮੇਰੇ ਇਕ ਦੋਸਤ ਦੇ ਮੁੰਡੇ ਦਾ ਵਿਆਹ ਸੀ। ਕਾਰਡ ਦੇ ਨਾਲ ਮਠਿਆਈ ਦਾ ਡੱਬਾ ਵੀ ਸੀ। ਉਸ ਆਖਿਆ ਤੁਸੀਂ ਬਰਾਤ ਨਾਲ ਜਰੂਰ ਚਲਣਾ ਹੈ। ਸਿੱਧੇ ਹੀ ਮੈਰਿਜ ਪੈਲੇਸ ਪੁੱਜ ਜਾਣਾ। ਮੈਂ ਦੱਸੇ ਸਮੇਂ ਤੋਂ ਕੋਈ ਅੱਧਾ ਘੰਟਾ ਪਛੜ ਕੇ ਗਿਆ ਪਰ ਉਥੇ ਜਾ ਕੇ ਵੇਖਿਆ ਕਿ ਪਹਿਲਾਂ ਆਉਣ ਵਾਲਿਆਂ ਵਿਚ ਮੈਂ ਹੀ ਸਾਂ। ਕੋਈ ਵਾਕਫ਼ ਵੀ ਨਜਰ ਨਹੀਂ ਸੀ ਆ ਰਿਹਾ। ਕੁੜੀ ਵਾਲਿਆਂ ਦੇ ਹੀ ਕੁਝ ਬੰਦੇ ਹਾਜਰ ਸਨ। ਕੋਈ ਇਕ ਘੰਟੇ ਦੀ ਉਡੀਕ ਪਿੱਛੋਂ ਪਤਾ ਚੱਲਿਆ ਕਿ ਬਰਾਤ ਪਹੁੰਚ ਗਈ ਹੈ। ਉੱਠ ਬਰਾਤ ਵਿਚ ਰਲਿਆ। ਮਿਲਣੀਆਂ ਹੋਈਆਂ। ਆਪਣੇ ਦੋਸਤ ਨੂੰ ਲੱਭਿਆ। ਸ਼ਗਨ ਵਾਲਾ ਲਿਫ਼ਾਫ਼ਾ ਫੜਾਇਆ। ਉਸ ਆਖਿਆ ਅਸੀਂ ਤਾਂ ਅਨੰਦ ਕਾਰਜ ਲਈ ਜਾ ਰਹੇ ਹਾਂ। ਤੁਸੀਂ ਰੋਟੀ ਖਾ ਕੇ ਹੀ ਜਾਇਓ। ਕੋਸ਼ਿਸ਼ ਕਰਨ ਉਤੇ ਵੀ ਮੈਂ ਮੁੜ ਉਸ ਨੂੰ ਮਿਲ ਨਹੀਂ ਸਕਿਆ। ਰੋਟੀ ਤੋਂ ਪਹਿਲਾਂ ਹੀ ਕਈ ਕੁਝ ਖਾ ਲਿਆ ਸੀ ਪਰ ਫੇਰ ਵੀ ਪਲੇਟ ਚੁੱਕੀ। ਲਾਈਨ ਲੱਗੀ ਹੋਈ ਸੀ। ਇੰਝ ਜਾਪਦਾ ਸੀ ਜਿਵੇਂ ਛੱਤੀ ਪਦਾਰਥ ਪਰੋਸੇ ਗਏ ਹੋਣ। ਸਾਰਾ ਕੁਝ ਥੋਹੜਾ ਥੋੜ੍ਹਾ ਪਾਇਆ ਪਲੇਟ ਭਰ ਗਈ। ਕੁਝ ਖਾਧਾ ਤੇ ਬਾਕੀ ਉਵੇਂ ਹੀ ਛੱਡ ਦਿੱਤਾ। ਜੇਕਰ ਕੋਈ ਮੈਨੂੰ ਪੁੱਛਦਾ ਕਿਹੜੀ ਡਿਸ਼ ਵਧੀਆ ਸੀ ਤਾਂ ਮੈਂ ਦੱਸਣ ਦੇ ਕਾਬਿਲ ਨਹੀਂ ਸੀ ਕਿਉਂ ਸਾਰਾ ਕੁਝ ਹੀ ਰਲ ਗਿਆਂ ਸੀ। ਚੁੱਪ ਕਰਕੇ ਉਥੋਂ ਖਿਸਕਣ ਦੀ ਕੀਤੀ।

ਪੰਜਾਬ ਵਿਚ ਆਏ ਹਰੇ ਇਨਕਲਾਬ ਦਾ ਅਸਰ, ਵਿਦੇਸ਼ਾਂ ਵਿਚ ਗਏ ਹੋਇਆਂ ਦਾ ਅਸਰ ਜਾਂ ਮੀਡੀਏ ਦਾ ਅਸਰ ਪੰਜਾਬ ਦੇ ਸਮਾਜਿਕ ਜੀਵਨ ਵਿਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਬੜੀ ਤੇਜ਼ੀ ਨਾਲ ਤਬਦੀਲੀ ਆਈ ਹੈ। ਰਹਿਣ-ਸਹਿਣ ਦਾ ਢੰਗ, ਖਾਣ-ਪੀਣ ਦੀਆਂ ਆਦਤਾਂ ਜਾਂ ਸੱਭਿਆਚਾਰਕ ਰਸਮੋਂ-ਰਿਵਾਜ ਸਾਰੇ ਹੀ ਤੇਜ਼ੀ ਨਾਲ ਬਦਲ ਗਏ ਹਨ। ਸਮਾਜਿਕ ਜੀਵਨ ਜਿਹੜਾ ਚਾਰ ਕੁ ਦਹਾਕੇ ਪਹਿਲਾਂ ਹੁੰਦਾ ਸੀ ਉਹ ਕਿਤੇ ਵੀ ਨਜ਼ਰ ਨਹੀਂ ਆ ਰਿਹਾ। ਨਵੀਂ ਪੀੜ੍ਹੀ ਲਈ ਉਸ ਸਮੇਂ ਦੀਆਂ ਗੱਲਾਂ ਕਿੱਸੇ-ਕਹਾਣੀਆਂ ਵਾਂਗ ਹੀ ਜਾਪਦੀਆਂ ਹਨ। ਸਾਡੇ ਸਮਾਜ ਵਿਚ ਵਿਆਹ ਦਾ ਸਮਾਗਮ ਸਭ ਤੋਂ ਮਹੱਤਵਪੂਰਨ ਅਤੇ ਖੁਸ਼ੀ ਭਰਿਆ ਮੰਨਿਆ ਜਾਂਦਾ ਹੈ ਪਰ ਸਮੇਂ ਦੇ ਬੀਤਣ ਨਾਲ ਇਸ ਵਿਚੋਂ ਅਪਣੱਤ, ਪਿਆਰ ਦਾ ਨਿੱਘ, ਮਿਲਾਪ ਅਲੋਪ ਹੋ ਰਿਹਾ ਹੈ ਤੇ ਇਹ ਇਕ ਰਸਮ ਬਣ ਕੇ ਹੀ ਰਹਿ ਗਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਆਹਾਂ ਵਿਚ ਪਹਿਲਾਂ ਨਾਲੋਂ ਕਿਤੇ ਵੱਧ ਖਰਚ ਕੀਤਾ ਜਾਂਦਾ ਹੈ। ਆਪਣੀ ਸ਼ਾਨ ਦਾ ਵਿਖਾਵਾ ਵੱਧ ਤੋਂ ਵੱਧ ਕੀਤਾ ਜਾਂਦਾ ਹੈ। ਪਰ ਉਸ ਵਿਚ ਰਿਸ਼ਤਿਆਂ ਦਾ ਨਿੱਘ ਕਿਤੇ ਵੀ ਵਿਖਾਈ ਨਹੀਂ ਦਿੰਦਾ। ਮੇਰਾ ਬਚਪਨ ਪਿੰਡ ਵਿਚ ਬੀਤਿਆ ਹੈ। ਵਿਆਹਾਂ ਸਮੇਂ ਦੀ ਖੁਸ਼ੀ ਅਤੇ ਪਿਆਰ ਦੇ ਨਿੱਘ ਨੂੰ ਅਸੀਂ ਵੇਖਿਆ ਹੀ ਨਹੀਂ, ਸਗੋਂ ਉਸ ਨੂੰ ਮਾਣਿਆ ਵੀ ਹੈ। ਪਿੰਡ ਵਿਚ ਜਦੋਂ ਕਿਸੇ ਮੁੰਡੇ-ਕੁੜੀ ਦਾ ਵਿਆਹ ਧਰਿਆ ਜਾਂਦਾ ਹੈ ਤਾਂ ਸਾਰੀ ਗਲੀ ਵਿਚ ਖੁਸ਼ੀ ਦੀ ਲਹਿਰ ਦੌੜ ਜਾਂਦੀ ਸੀ। ਪਿੰਡਾਂ ਵਿਚ ਆਮ ਕਰਕੇ ਇਕ ਗਲੀ ਜਾਂ ਬੀਹੀ ਵਿਚ ਇਕੋ ਪਰਿਵਾਰਿਕ ਪਿਛੋਕੜ ਦੇ ਪਰਿਵਾਰ ਵਸਦੇ ਹਨ। ਸਾਰਿਆਂ ਨੂੰ ਇੰਝ ਜਾਪਦਾ ਸੀ ਜਿਵੇਂ ਉਨ੍ਹਾਂ ਦੇ ਘਰ ਵਿਆਹ ਧਰਿਆ ਗਿਆ ਹੋਵੇ। ਮੰਗਣੀ ਦੀ ਰਸਮ ਤੋਂ ਲੈ ਕੇ ਡੋਲੀ ਤੁਰਨ ਤੱਕ ਹਰ ਰਸਮ ਪਿੰਡ ਦੀ ਪੰਚਾਇਤ ਭਾਵ ਸਿਆਣਿਆਂ ਅਤੇ ਸ਼ਰੀਕੇ ਦੀ ਹਾਜ਼ਰੀ ਵਿਚ ਪੂਰੀ ਕੀਤੀ ਜਾਂਦੀ ਸੀ। ਮੰਗਣੀ ਦੀ ਰਸਮ ਸਾਦੀ ਪਰ ਪਿਆਰ ਭਰੀ ਹੁੰਦੀ ਸੀ। ਮੁੰਡੇ ਦੀ ਝੋਲੀ ਵਿਚ ਕੁੜੀ ਦਾ ਪਿਓ ਸਵਾ ਰੁਪਿਆ, ਸੱਤ ਛੁਆਰੇ ਤੇ ਕੁਝ ਪਤਾਸੇ ਜਾਂ ਲੱਡੂ ਪਾਉਂਦਾ ਸੀ। ਹੁਣ ਵਾਂਗ ਵੱਧ ਚੜ੍ਹ ਕੇ ਲੈਣ-ਦੇਣ ਨਹੀਂ ਹੁੰਦੇ ਸੀ। ਸ਼ਰੀਕੇ ਦੇ ਲੋਕ ਮੁੰਡੇ ਦੀ ਝੋਲੀ ਵਿਚ ਸ਼ਗਨ ਪਾਉਂਦੇ ਸਨ, ਜਿਸ ਨੂੰ ਨੇਉਂਦਾ ਪਾਉਣਾ ਆਖਿਆ ਜਾਂਦਾ ਸੀ। ਹਰ ਰਿਸ਼ਤੇਦਾਰ ਵਲੋਂ ਦਿੱਤੇ ਪੈਸਿਆਂ ਦਾ ਵੇਰਵਾ ਇਕ ਕਾਪੀ ਵਿਚ ਲਿਖਿਆ ਜਾਂਦਾ ਸੀ, ਤਾਂ ਜੋ ਵਾਰੀ ਆਉਣ 'ਤੇ ਓਨੇ ਹੀ ਪੈਸੇ ਮੋੜੇ ਜਾ ਸਕਣ। ਇਹ ਰਿਵਾਜ ਸ਼ਾਇਦ ਇਕ-ਦੂਜੇ ਦੀ ਆਰਥਿਕ ਸਹਾਇਤਾ ਕਰਨ ਲਈ ਹੀ ਪਿਆ ਹੋਵੇਗਾ। ਵਿਆਹ ਸਾਰੇ ਸ਼ਰੀਕੇ ਦੀ ਸਾਂਝੀ ਜ਼ਿੰਮੇਵਾਰੀ ਗਿਣਿਆ ਜਾਂਦਾ ਸੀ। ਮਹੀਨਾ ਪਹਿਲਾਂ ਹੀ ਵਿਆਹ ਦੀ ਤਿਆਰੀ ਸ਼ੁਰੂ ਹੋ ਜਾਂਦੀ ਸੀ। ਉਦੋਂ ਨਵੇਂ ਕੱਪੜੇ ਕੇਵਲ ਵਿਆਹ ਸ਼ਾਦੀ ਦੇ ਮੌਕੇ ਹੀ ਸੁਆਏ ਜਾਂਦੇ ਸਨ। ਕੱਪੜੇ ਖਰੀਦਣ ਦਾ ਕੰਮ ਵੀ ਰਲ ਕੇ ਹੀ ਕੀਤਾ ਜਾਂਦਾ ਸੀ। ਘਰ ਵਿਚ ਬੈਠ ਕੇ ਹੀ ਦਰਜੀ ਟੱਬਰ ਦੇ ਸਾਰੇ ਜੀਆਂ ਦੇ ਕੱਪੜਿਆਂ ਦੀ ਸਿਲਾਈ ਕਰਦਾ ਸੀ। ਕਣਕ ਦੀ ਸਫਾਈ, ਦਾਲਾਂ ਦੀ ਦਲਾਈ, ਮਸਾਲਿਆਂ ਦਾ ਕੁੱਟਣਾ ਸਾਰੇ ਸ਼ਰੀਕੇ ਦੀਆਂ ਔਰਤਾਂ ਰਲ ਕੇ ਹੀ ਕਰਦੀਆਂ ਹਨ। ਇਥੇ ਹੀ ਉਨ੍ਹਾਂ ਨੂੰ ਸੁਹਾਗ ਦੇ ਗੀਤ ਗਾਉਣ ਦਾ ਮੌਕਾ ਮਿਲ ਜਾਂਦਾ ਸੀ। ਵਟਣਾ ਵੀ ਤਿੰਨ-ਚਾਰ ਦਿਨ ਲੱਗਦਾ ਸੀ। ਘੱਟੋ-ਘੱਟ ਇਕ ਦਿਨ ਵਟਣਾ ਸ਼ਰੀਕੇ ਵਿਚੋਂ ਸਭ ਤੋਂ ਨੇੜਲੇ ਰਿਸ਼ਤੇ ਵਾਲੇ ਘਰ ਲੱਗਦਾ ਸੀ। ਰਾਤ ਨੂੰ ਜਾਗੋ ਕੱਢਦੀਆਂ। ਔਰਤਾਂ ਵਟਣਾ ਲੱਗਣ ਪਿਛੋਂ ਕੁੜੀ ਜਾਂ ਮੁੰਡੇ ਨੂੰ ਆਪਣੇ ਘਰ ਲੈ ਕੇ ਆਉਂਦੀਆਂ ਸਨ। ਗਾਉਣ ਅਤੇ ਗਿੱਧੇ ਦਾ ਪ੍ਰੋਗਰਾਮ ਲਗਭਗ ਰੋਜ਼ ਹੀ ਹੁੰਦਾ ਸੀ। ਵਿਆਹ ਤੋਂ ਤਿੰਨ ਦਿਨ ਪਹਿਲਾਂ ਹੀ ਸਾਰੇ ਪਿੰਡ ਵਿਚੋਂ ਹੀ ਦੁੱਧ ਆਉਣਾ ਸ਼ੁਰੂ ਹੋ ਜਾਂਦਾ ਸੀ। ਮੰਜੇ ਬਿਸਤਰੇ ਵੀ ਪਿੰਡੋਂ ਹੀ ਇਕੱਠੇ ਕੀਤੇ ਜਾਂਦੇ ਸਨ। ਵਿਆਹ ਵਾਲਿਆਂ ਦੇ ਰਿਸ਼ਤੇਦਾਰ ਅਤੇ ਬਰਾਤੀ ਸਾਰੇ ਪਿੰਡ ਦੇ ਹੀ ਪ੍ਰਾਹੁਣੇ ਸਮਝੇ ਜਾਂਦੇ ਸਨ। ਇਕ ਇਨ ਪਹਿਲਾਂ ਨਾਨਕਾ ਮੇਲਾ ਆਉਂਦਾ ਸੀ। ਨਾਨਕੇ ਵੀ ਸ਼ਰੀਕੇ ਵਿਚੋਂ ਔਰਤਾਂ-ਮਰਦ ਇਕੱਠੇ ਹੋ ਕੇ ਆਉਂਦੇ ਸਨ। ਨਾਨਕਾ ਮੇਲ ਗੀਤ ਗਾਉਂਦਿਆਂ ਹੀ ਪਿੰਡ ਵੜਦਾ ਸੀ। ਅੱਗੋਂ ਦਾਦਕਿਆਂ ਵਲੋਂ ਵੀ ਔਰਤਾਂ ਦੇ ਗੀਤਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਸੀ। ਆਮ ਤੌਰ 'ਤੇ ਬਰਾਤ ਦੀ ਇਕ ਰੋਟੀ ਨਾਨਕਿਆਂ ਦੀ ਹੁੰਦੀ ਸੀ। ਨਾਨਕੀ ਛੱਕ ਵਿਚ ਜੋ ਆਉਂਦਾ ਸੀ ਉਸ ਨੂੰ ਸਤਿਕਾਰ ਨਾਲ ਵਿਹੜੇ ਵਿਚ ਰੱਖਿਆ ਜਾਂਦਾ ਸੀ, ਤਾਂ ਜੋ ਦਾਦਕੇ ਉਸ ਨੂੰ ਵੇਖ ਸਕਣ। ਬਰਾਤ ਆਮ ਕਰਕੇ ਪੈਦਲ ਹੀ ਜਾਂਦੀ ਸੀ। ਬਰਾਤੀਆਂ ਦਾ ਸਾਮਾਨ ਗੱਡੇ ਉਤੇ ਅਤੇ ਵਿਆਹ ਵਾਲਾ ਮੁੰਡਾ ਗੱਡੀ ਵਿਚ ਜਾਂ ਰੱਥ ਵਿਚ ਜਾਂਦੇ ਸਨ। ਜੇਕਰ ਵਾਟ ਲੰਬੀ ਹੁੰਦੀ ਸੀ ਤਾਂ ਰਾਹ ਵਿਚ ਪੈਂਦੇ ਕਿਸੇ ਪਿੰਡ ਵਿਚ ਨਜ਼ਦੀਕੀ ਰਿਸ਼ਤੇਦਾਰ ਬਰਾਤ ਲਈ ਦੁਪਹਿਰ ਦੀ ਰੋਟੀ ਦਾ ਪ੍ਰਬੰਧ ਕਰਦਾ ਸੀ। ਪਿੰਡੋਂ ਬਾਹਰ ਪੁੱਜ ਬਰਾਤ ਵਲੋਂ ਪਿੰਡ ਵਿਚ ਜਾਣ ਲਈ ਪਿੰਡੋਂ ਆਉਣ ਵਾਲੇ ਸੱਦੇ ਦੀ ਉਡੀਕ ਕੀਤੀ ਜਾਂਦੀ ਸੀ। ਬਰਾਤ ਦੇ ਸੁਆਗਤ ਦਾ ਪੂਰਾ ਪ੍ਰਬੰਧ ਹੋ ਜਾਣ ਉਤੇ ਪਿੰਡੋਂ ਨਾਈ ਜਾਂ ਵਿਚੋਲਾ ਬਰਾਤ ਨੂੰ ਸੱਦਣ ਜਾਂਦਾ ਸੀ। ਜੰਞਘਰ ਦੇ ਬਾਹਰ ਪਿੰਡ ਦੀ ਪੰਚਾਇਤ ਅਤੇ ਸਾਰੇ ਰਿਸ਼ਤੇਦਾਰ ਬਰਾਤ ਦਾ ਸੁਆਗਤ ਕਰਨ ਲਈ ਤਿਆਰ ਖੜ੍ਹੇ ਹੁੰਦੇ ਸਨ। ਔਰਤਾਂ ਵਲੋਂ ਸਿੱਠਣੀਆਂ ਦੇ ਵਿਚਕਾਰ ਮਿਲਣੀ ਦੀ ਰਸਮ ਪੂਰੀ ਕੀਤੀ ਜਾਂਦੀ ਸੀ। ਜੰਞ ਘਰ ਵਿਚ ਬਰਾਤ ਦਾ ਉਤਾਰਾ ਹੁੰਦਾ ਸੀ। ਇਥੇ ਹੀ ਉਨ੍ਹਾਂ ਨੂੰ ਚਾਹ ਪਾਣੀ ਪਿਲਾਇਆ ਜਾਂਦਾ ਸੀ। ਬੜੀ ਇੱਜ਼ਤ ਨਾਲ ਬਰਾਤ ਨੂੰ ਰਾਤ ਦੀ ਰੋਟੀ ਲਈ ਬੁਲਾਇਆ ਜਾਂਦਾ ਸੀ। ਪਿੰਡ ਦੀ ਪੰਚਾਇਤ ਅਤੇ ਬਾਕੀ ਰਿਸ਼ਤੇਦਾਰ ਬਰਾਤ ਦਾ ਸੁਆਗਤ ਕਰਦੇ ਸਨ। ਰੋਟੀ ਲਈ ਕੋਰੇ ਵਿਛਾਏ ਜਾਂਦੇ ਸਨ ਜਦੋਂ ਬਰਾਤ ਕੋਰਿਆਂ ਉਤੇ ਬੈਠ ਜਾਂਦੀ ਸੀ ਤਾਂ ਉਨ੍ਹਾਂ ਦੇ ਹੱਥ ਧੁਆਏ ਜਾਂਦੇ ਸਨ। ਬਰਾਤੀਆਂ ਅੱਗੇ ਥਾਲੀਆਂ-ਗਿਲਾਸ ਕੌਲੀਆਂ ਅਤੇ ਚਮਚੇ ਰੱਖੇ ਜਾਂਦੇ ਸਨ। ਫਿਰ ਖਾਣ-ਪੀਣ ਦੀਆਂ ਵਸਤਾਂ ਵਰਤਾਈਆਂ ਜਾਂਦੀਆਂ ਸਨ। ਜਦੋਂ ਸਾਰਾ ਕੁਝ ਵਰਤ ਜਾਂਦਾ ਸੀ ਫਿਰ ਪੰਚਾਇਤ ਵਲੋਂ ਰੋਟੀ ਖਾਣ ਦੀ ਬੇਨਤੀ ਕੀਤੀ ਜਾਂਦੀ ਸੀ। ਪੰਚਾਇਤ ਤੇ ਬਾਕੀ ਰਿਸ਼ਤੇਦਾਰ ਇਕ ਪਾਸੇ ਬੈਠੇ ਰਹਿੰਦੇ ਸਨ। ਬਨੇਰਿਆਂ ਉਤੇ ਬੈਠੀਆਂ ਔਰਤਾਂ ਸਿੱਠਣੀਆਂ ਤੇ ਹੋਰ ਗੀਤ ਗਾਉਂਦੀਆਂ ਸਨ। ਜਦੋਂ ਕਦੇ ਉਨ੍ਹਾਂ ਦੇ ਗੀਤ ਹੱਦ ਪਾਰ ਕਰਨ ਲੱਗਦੇ ਸਨ ਤਾਂ ਪੰਚਾਇਤ ਉਨ੍ਹਾਂ ਨੂੰ ਰੋਕ ਦਿੰਦੀ ਸੀ। ਜਦ ਬਰਾਤ ਰੋਟੀ ਖਾ ਹਟਦੀ ਸੀ ਤਾਂ ਮੁੜ ਉਨ੍ਹਾਂ ਦੇ ਹੱਥ ਧੁਆਏ ਜਾਂਦੇ ਸਨ। ਜੂਠੇ ਭਾਂਡੇ ਚੁੱਕਣ ਪਿਛੋਂ ਪੰਚਾਇਤ ਬਰਾਤ ਨੂੰ ਉੱਠਣ ਲਈ ਬੇਨਤੀ ਕਰਦੀ ਸੀ। ਔਰਤਾਂ ਵੀ ਇਸੇ ਤਰ੍ਹਾਂ ਦੇ ਗੀਤ ਸ਼ੁਰੂ ਕਰ ਦਿੰਦੀਆਂ ਸਨ। ਰੋਟੀ ਖੁਆਉਣ ਦਾ ਸਾਰਾ ਕੰਮ ਸ਼ਰੀਕੇ ਦੇ ਮੁੰਡੇ ਹੀ ਕਰਦੇ ਸਨ। ਕੰਮ ਕਰਨ ਵਿਚ ਪਿਆਰ ਅਤੇ ਉਤਸ਼ਾਹ ਵੇਖਣ ਨੂੰ ਮਿਲਦਾ ਸੀ। ਸਾਰੇ ਪਾਸੇ ਇਕ ਅਪਣੱਤ ਹੁੰਦੀ ਸੀ। ਦੂਜੇ ਦਿਨ ਬਰਾਤੀ ਆਪਣੇ ਪਿੰਡ ਦੀਆਂ ਅਤੇ ਗੋਤਰ ਦੀਆਂ ਔਰਤਾਂ ਜਿਹੜੀਆਂ ਇਸ ਪਿੰਡ ਵਿਆਹੀਆਂ ਆਈਆਂ ਸਨ, ਉਨ੍ਹਾਂ ਨੂੰ ਆਪਣੀਆਂ ਧੀਆਂ ਸਮਝ ਉਨ੍ਹਾਂ ਦੇ ਘਰੀਂ ਜਾ ਕੇ ਸ਼ਗਨ ਦਿੰਦੇ ਸਨ। ਇਹ ਸ਼ਗਨ ਭਾਵੇਂ ਇਕ ਰੁਪਿਆ ਜਾਂ ਪੰਜ ਰੁਪਏ ਹੀ ਹੁੰਦਾ ਸੀ ਪਰ ਰਿਸ਼ਤਿਆਂ ਦਾ ਨਿੱਘ ਵਧੇਰੇ ਭਾਰੂ ਹੁੰਦਾ ਸੀ। ਬਰਾਤ ਦੀ ਇਕ ਰੋਟੀ ਨਾਨਕਿਆਂ ਵਲੋਂ ਹੁੰਦੀ ਸੀ ਤੇ ਇਕ ਰੋਟੀ ਕੁੜੀ ਦੇ ਚਾਚੇ ਜਾਂ ਤਾਏ ਵਲੋਂ ਖੁਆਈ ਜਾਂਦੀ ਸੀ। ਡੋਲੀ ਟੁਰਨ ਦਾ ਨਜ਼ਾਰਾ ਬਹੁਤ ਹੀ ਦਰਦ ਭਰਿਆ ਹੁੰਦਾ ਸੀ। ਡੋਲੀ ਟੁਰਨ ਤੱਕ ਸਾਰੇ ਬਰਾਤੀ ਅਤੇ ਬਾਕੀ ਰਿਸ਼ਤੇਦਾਰ ਹਾਜ਼ਰ ਹੁੰਦੇ ਸਨ। ਡੋਲੀ ਔਰਤਾਂ ਦੇ ਗੀਤਾਂ ਨਾਲ ਤੋਰੀ ਜਾਂਦੀ ਸੀ। ਪਹਿਲਾਂ ਡੋਲੀ ਡੋਲਿਆਂ ਵਿਚ ਜਾਂਦੀ ਸੀ, ਜਿਸ ਨੂੰ ਪਿੰਡ ਦੇ ਕਹਾਰ ਮੋਢਿਆਂ ਉਤੇ ਚੁੱਕ ਕੇ ਲਿਜਾਂਦੇ ਸਨ। ਬਰਾਤੀ ਵੀ ਆਪਣੇ ਪਿੰਡ ਤੱਕ ਡੋਲੀ ਦੇ ਨਾਲ ਹੀ ਜਾਂਦੇ ਸਨ। ਮੁੜ ਡੋਲੇ ਦੀ ਥਾਂ ਗੱਡੀਆਂ ਜਾਂ ਰੱਥਾਂ ਨੇ ਲੈ ਲਈ। ਗੱਡੇ ਉਤੇ ਬਰਾਤੀਆਂ ਦਾ ਸਾਮਾਨ ਅਤੇ ਗੱਡੀ ਵਿਚ ਡੋਲੀ ਜਾਂਦੀ ਸੀ। ਵਧੀਆ ਬਲਦ ਗੱਡੇ, ਗੱਡੀ ਲਈ ਸ਼ਿੰਗਾਰੇ ਜਾਂਦੇ ਸਨ। ਵਿਆਹ ਦੀਆਂ ਰਸਮਾਂ ਵਿਚ ਸਾਦਗੀ ਸੀ ਪਰ ਪਿਆਰ, ਅਪਣੱਤ ਅਤੇ ਉਤਸ਼ਾਹ ਵਧੇਰੇ ਹੁੰਦਾ ਸੀ। ਸਾਰੇ ਪਿੰਡ ਨੂੰ ਹੀ ਚਾਅ ਚੜ੍ਹਿਆ ਰਹਿੰਦਾ ਸੀ। ਮੇਜ਼ ਕੁਰਸੀਆਂ, ਬਹਿਰੇ ਜਾਂ ਕਰਾਕਰੀ ਦੀ ਲੋੜ ਨਹੀਂ ਸੀ ਪੈਂਦੀ। ਗੁਰਦੁਆਰੇ ਦੇ ਬਰਤਨ, ਦਰੀਆਂ ਅਤੇ ਚਾਨਣੀ ਕੰਮ ਆਉਂਦੇ ਸਨ। ਝੀਊਰ ਕੋਰੇ ਵਿਛਾਉਂਦੇ ਸਨ ਅਤੇ ਬਰਤਨ ਸਾਫ ਕਰਦੇ ਸਨ। ਸਾਰੇ ਰਿਸ਼ਤੇਦਾਰ, ਸ਼ਰੀਕ, ਦੋਸਤ ਪੂਰੀ ਅਪਣੱਤ ਨਾਲ ਸਾਰੇ ਕਾਰਜਾਂ ਵਿਚ ਭਾਗ ਲੈਂਦੇ ਸਨ।




ਸਮਾਂ ਬਦਲਿਆ ਹੈ। ਵਿਆਹ ਇਕ ਰਸਮ ਬਣ ਕੇ ਰਹਿ ਗਈ ਹੈ। ਵਿਆਹ ਹੁਣ ਘਰਾਂ ਵਿਚ ਨਹੀਂ, ਸਗੋਂ ਮੈਰਿਜ ਪੈਲੇਸ ਵਿਚ ਹੁੰਦੇ ਹਨ, ਜਿਹੜੇ ਪਿੰਡਾਂ ਵਿਚ ਵੀ ਬਣ ਗਏ ਹਨ। ਘਰ ਵਾਲੇ ਵੀ ਉਥੇ ਕਾਰਡ ਵਿਚ ਲਿਖੇ ਸਮੇਂ ਤੋਂ ਪਿੱਛੋਂ ਹੀ ਪੁੱਜਦੇ ਹਨ। ਰਿਸ਼ਤੇਦਾਰ, ਜਾਣ-ਪਛਾਣ ਵਾਲੇ ਕੇਵਲ ਹਾਜ਼ਰੀ ਲੁਆਉਣ ਹੀ ਆਉਂਦੇ ਹਨ। ਰਸਮਾਂ ਪਹਿਲਾਂ ਵੀ ਹੁੰਦੀਆਂ ਸਨ, ਜਿਹੜੀਆਂ ਆਪਸੀ ਪਿਆਰ ਤੇ ਖੁਸ਼ੀ ਦੀ ਨਿਸ਼ਾਨੀ ਸਨ। ਰਸਮਾਂ ਹੁਣ ਵੀ ਹੁੰਦੀਆਂ ਹਨ। ਇਹ ਪਿਆਰ ਦੀ ਨਿਸ਼ਾਨੀ ਘੱਟ ਤੇ ਵਿਉਪਾਰ ਦੀ ਨਿਸ਼ਾਨੀ ਵਧੇਰੇ ਬਣ ਗਈਆਂ ਹਨ, ਵਿਆਹ ਭਾਵੇਂ ਹਫ਼ਤੇ ਵਿਚ ਕਰਨਾ ਹੋਵੇ ਪਰ ਰਸਮਾਂ ਸਾਰੀਆਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਰੋਕਾ, ਮੁੰਦਰੀ ਪੁਆਈ, ਕੁੜਮਾਈ ਤੇ ਵਿਆਹ ਜ਼ਰੂਰੀ ਹਨ। ਜਿਨ੍ਹਾਂ ਕੋਲ ਬੇਈਮਾਨੀ ਦਾ ਪੈਸਾ ਹੈ ਉਹ ਇਸ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ, ਦੂਜਿਆਂ ਨੂੰ ਰੀਸੋ-ਰੀਸ ਆਪਣੀ ਨੱਕ ਲਈ ਖਰਚ ਕਰਨਾ ਪੈਂਦਾ ਹੈ। ਪੰਜਾਬ ਦੇ ਪਿੰਡਾਂ ਵਿਚ ਬਹੁਤੇ ਪਰਿਵਾਰ ਵਿਆਹਾਂ ਉਤੇ ਕੀਤੇ ਖਰਚ ਕਰਕੇ ਕਰਜ਼ਾਈ ਹਨ। ਚੰਗਾ ਰਿਸ਼ਤਾ ਪ੍ਰਾਪਤ ਕਰਨ ਲਈ ਉਹ ਘਰ ਵੀ ਚੰਗਾ ਬਣਾਉਂਦੇ ਹਨ ਤੇ ਟਰੈਕਟਰ ਵੀ ਖਰੀਦਦੇ ਹਨ, ਜ਼ਮੀਨ ਭਾਵੇਂ ਪੰਜ ਏਕੜ ਤੋਂ ਵੀ ਘੱਟ ਹੀ ਹੋਵੇ। ਕਿਸੇ ਚਾਰ ਏਕੜ ਦੇ ਮਾਲਕ ਕਿਸਾਨ ਨੂੰ ਪੁੱਛਿਆ ਗਿਆ ਕਿ ਉਸ ਨੇ ਟਰੈਕਟਰ ਕਿਉਂ ਖਰੀਦਿਆ ਹੈ। ਉਸ ਦਾ ਉਤਰ ਸੀ ਕਿ ਸਾਡੇ ਗੁਆਂਢੀਆਂ ਕੋਲ ਟਰੈਕਟਰ ਹੈ, ਉਨ੍ਹਾਂ ਦੇ ਮੁੰਡੇ ਨੂੰ ਦਹੇਜ ਵਿਚ ਮਾਰੂਤੀ ਕਾਰ ਮਿਲੀ ਹੈ। ਫਿਰ ਅਸੀਂ ਭਲਾ ਪਿੱਛੇ ਕਿਉਂ ਰਹੀਏ, ਜਿਸ ਨੇ ਟਰੈਕਟਰ ਖਰੀਦਿਆ ਉਸ ਨੇ ਕਰਜ਼ਾ ਲਿਆ, ਜਿਸ ਨੇ ਦਹੇਜ ਵਿਚ ਮਾਰੂਤੀ ਦਿੱਤੀ ਉਸ ਵੀ ਕਰਜ਼ਾ ਲਿਆ। ਪਿੰਡਾਂ ਦੇ ਆਮ ਘਰਾਂ ਵਿਚ ਟੈਲੀਵਿਜ਼ਨ, ਫਰਿਜ, ਸਕੂਟਰ ਆਦਿ ਦਹੇਜ ਵਿਚ ਹੀ ਮਿਲੇ ਹੋਏ ਹਨ।

ਪਹਿਲਾਂ ਬਰਾਤ ਗੱਡੇ, ਗੱਡੀਆਂ ਵਿਚ ਜਾਂਦੀ ਸੀ। ਫਿਰ ਬੱਸਾਂ ਦਾ ਰਿਵਾਜ ਪਿਆ। ਇਸ ਤੋਂ ਅੱਗੇ ਟੈਕਸੀਆਂ ਦੀ ਵਾਰੀ ਆਈ। ਹੁਣ ਆਪਣੀਆਂ ਕਾਰਾਂ ਵਿਚ ਬਰਾਤ ਜਾਂਦੀ ਹੈ। ਮਹਿਮਾਨਾਂ ਦੀ ਖਾਤਰ ਪਿਆਰ ਨਾਲ ਨਹੀਂ, ਸਗੋਂ ਪੈਸੇ ਨਾਲ ਹੁੰਦੀ ਹੈ। ਵੱਧ ਤੋਂ ਵੱਧ ਪਦਾਰਥ ਬਣਾ ਕੇ ਵਡੱਪਣ ਦਿਖਾਉਣ ਦਾ ਯਤਨ ਕੀਤਾ ਜਾਂਦਾ ਹੈ। ਸਾਰੇ ਖੁੱਲ੍ਹ ਕੇ ਸ਼ਰਾਬ ਪੀਂਦੇ ਹਨ। ਅੱਧ-ਨੰਗੀਆਂ ਕੁੜੀਆਂ ਉਕਸਾਊ ਨਾਚ ਨੱਚਦੀਆਂ ਹਨ। ਪਰ ਬਰਾਤ ਦੀ ਵਿਦਾਈ ਸਮੇਂ ਕੇਵਲ ਘਰ ਦੇ ਬੰਦੇ ਹੀ ਨਜ਼ਰ ਆਉਂਦੇ ਹਨ। ਡੋਲੇ ਦੀ ਥਾਂ ਗੱਡੀ ਨੇ ਲਈ, ਮੁੜ ਕਾਰ ਤੇ ਹੁਣ ਵਿਸ਼ੇਸ਼ ਕਾਰਾਂ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਹਨ। ਵੱਡੇ ਸ਼ਹਿਰਾਂ ਵਿਚ ਵੱਡੀਆਂ ਕਾਰਾਂ ਕੇਵਲ ਇਸੇ ਕੰਮ ਲਈ ਕਿਰਾਏ ਉਤੇ ਮਿਲਦੀਆਂ ਹਨ। ਡੋਲੀ ਨੇ ਭਾਵੇਂ ਉਸੇ ਸ਼ਹਿਰ ਵਿਚ ਰਹਿਣਾ ਹੁੰਦਾ ਹੈ ਪਰ ਹਜ਼ਾਰਾਂ ਰੁਪਏ ਇਸ ਕਾਰ ਦੇ ਕਿਰਾਏ ਉਤੇ ਖਰਚ ਹੁੰਦੇ ਹਨ।

ਸਮੇਂ ਨਾਲ ਵਿਕਾਸ ਹੁੰਦਾ ਹੈ। ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀਆਂ ਵੀ ਆਉਂਦੀਆਂ ਹਨ। ਪਰ ਇਹ ਤਬਦੀਲੀ ਉਦੋਂ ਹੀ ਸੁਖਾਵੀਂ ਹੁੰਦੀ ਹੈ ਜਦੋਂ ਵਿਕਾਸ ਦਾ ਅਧਾਰ ਬਣੇ। ਲੋਕਾਂ ਦੀ ਸੋਚ, ਰਹਿਣ-ਸਹਿਣ ਅਤੇ ਬੋਲਚਾਲ ਵਧੀਆ ਹੋਵੇ। ਪਰ ਜੇਕਰ ਇਹ ਵਿਖਾਵਾ ਬਣ ਜਾਵੇ ਤਾਂ ਇਹ ਵਿਕਾਸ ਦੀ ਨਿਸ਼ਾਨੀ ਨਹੀਂ, ਸਗੋਂ ਵਿਗਾੜ ਲਈ ਜ਼ਿੰਮੇਵਾਰ ਬਣ ਜਾਂਦੀ ਹੈ। ਇਸ ਵਿਖਾਵੇ ਦੀ ਦੌੜ ਵਿਚ ਪੈਸਾ ਮਹੱਤਵਪੂਰਨ ਬਣ ਜਾਂਦਾ ਹੈ। ਪੈਸੇ ਲਈ ਬੇਈਮਾਨੀ ਕੀਤੀ ਜਾਂਦੀ ਹੈ। ਰਿਸ਼ਤਿਆਂ ਵਿਚ ਤ੍ਰੇੜਾਂ ਆਉਂਦੀਆਂ ਹਨ ਅਤੇ ਕਈ ਵਾਰ ਕਰਜ਼ਾਈ ਵੀ ਬਣਨਾ ਪੈਂਦਾ ਹੈ। ਇਸ ਤਰ੍ਹਾਂ ਸਮਾਜ ਟੁੱਟਦਾ ਹੈ, ਜੁੜਦਾ ਨਹੀਂ ਅਤੇ ਨਾ ਹੀ ਵਿਕਾਸ ਵੱਲ ਪੁਲਾਂਘਾਂ ਪੁੱਟਦਾ ਹੈ।

# ਪ੍ਰਧਾਨ ਮੰਤਰੀ ਵੱਲੋਂ ਵਿਸ਼ਵ ਕੱਪ ਜੇਤੂ ਮਹਿਲਾ ਕ੍ਰਿਕਟ ਟੀਮ ਨਾਲ ਮੁਲਾਕਾਤ

## ਇਸ ਦੌਰਾਨ ਟੈਟੂ ਅਤੇ ਇੱਥੋਂ ਤੱਕ ਕਿ ਸਕਿਨ ਕੇਅਰ ਰੁਟੀਨ ਬਾਰੇ ਵੀ ਚਰਚਾ ਹੋਈ









ਨਵੀਂ ਦਿੱਲੀ : ਭਾਰਤੀ ਮਹਿਲਾ ਕ੍ਰਿਕਟ ਟੀਮ ਵੱਲੋਂ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਮੁੱਖ ਕੋਚ ਅਮੋਲ ਮਜ਼ੂਮਦਾਰ ਅਤੇ ਬੀ ਸੀ ਸੀ ਆਈ ਪ੍ਰਧਾਨ ਮਿਥੁਨ ਮਨਹਾਸ ਵੀ ਮੌਜੂਦ ਸਨ।

ਪ੍ਰਧਾਨ ਮੰਤਰੀ ਵੱਲੋਂ ਵੀਰਵਾਰ ਨੂੰ ਸਾਂਝੀ ਕੀਤੀ ਗਈ ਗੱਲਬਾਤ ਦੀ ਵੀਡੀਓ ਵਿੱਚ ਕਪਤਾਨ ਹਰਮਨਪ੍ਰੀਤ ਕੌਰ ਨੇ ਕਿਹਾ, "ਮੈਨੂੰ ਅਜੇ ਵੀ ਯਾਦ ਹੈ ਜਦੋਂ ਅਸੀਂ 2017 ਵਿੱਚ ਤੁਹਾਨੂੰ ਮਿਲੇ ਸੀ। ਉਸ ਸਮੇਂ ਅਸੀਂ ਕੋਈ ਟਰਾਫ਼ੀ ਲੈ ਕੇ ਨਹੀਂ ਆਏ ਸੀ। ਪਰ ਸਾਡੇ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਵਾਰ, ਜਿਸ ਚੀਜ਼ ਲਈ ਅਸੀਂ ਇੰਨੇ ਸਾਲਾਂ ਤੋਂ ਸਖ਼ਤ ਮਿਹਨਤ ਕਰ ਰਹੇ ਸੀ, ਅਸੀਂ ਉਹ ਟਰਾਫ਼ੀ ਇੱਥੇ ਲੈ ਕੇ ਆਏ ਹਾਂ।"

ਜਦੋਂ ਭਾਰਤ ਦੀਆਂ ਮਹਿਲਾ ਕ੍ਰਿਕਟਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਖ਼ੁਸ਼ੀਨੁਮਾ ਮਾਹੌਲ ਵਿੱਚ ਗੱਲਬਾਤ ਕਰਨ ਲਈ ਬੈਠੀਆਂ, ਤਾਂ ਉਨ੍ਹਾਂ ਦੀ ਸ਼ਾਨਦਾਰ ਵਿਸ਼ਵ ਕੱਪ ਜੇਤੂ ਮੁਹਿੰਮ ਹੀ ਇੱਕਲੌਤਾ ਵਿਸ਼ਾ ਨਹੀਂ ਸੀ। ਇਸ ਦੌਰਾਨ ਟੈਟੂ ਅਤੇ ਇੱਥੋਂ ਤੱਕ ਕਿ ਸਕਿਨ ਕੇਅਰ ਰੁਟੀਨ ਬਾਰੇ ਵੀ ਚਰਚਾ ਹੋਈ।

ਪ੍ਰਧਾਨ ਮੰਤਰੀ ਮੋਦੀ ਨੇ ਜਵਾਬ ਦਿੱਤਾ, 'ਤੁਸੀਂ ਬਹੁਤ ਵਧੀਆ ਕੰਮ ਕੀਤਾ ਹੈ। ਭਾਰਤ ਵਿੱਚ ਕ੍ਰਿਕਟ ਸਿਰਫ਼ ਇੱਕ ਖੇਡ ਨਹੀਂ ਹੈ। ਇੱਕ ਤਰ੍ਹਾਂ ਨਾਲ, ਇਹ ਭਾਰਤ ਦੇ ਲੋਕਾਂ ਦੀ ਜ਼ਿੰਦਗੀ ਬਣ ਗਈ ਹੈ। ਜੇ ਕ੍ਰਿਕਟ ਵਿੱਚ ਕੁਝ ਚੰਗਾ ਹੁੰਦਾ ਹੈ, ਤਾਂ ਭਾਰਤ ਚੰਗਾ ਮਹਿਸੂਸ ਕਰਦਾ ਹੈ ਅਤੇ ਜੇ ਕ੍ਰਿਕਟ ਵਿੱਚ ਥੋੜ੍ਹਾ ਜਿਹਾ ਵੀ ਕੁਝ ਗਲਤ ਹੁੰਦਾ ਹੈ, ਤਾਂ ਪੂਰਾ ਭਾਰਤ ਬੁਰਾ ਮਹਿਸੂਸ ਕਰਦਾ ਹੈ।' ਫਿਰ ਪ੍ਰਧਾਨ ਮੰਤਰੀ ਨੇ 'ਪਲੇਅਰ ਆਫ਼ ਦਿ ਟੂਰਨਾਮੈਂਟ' ਦੀਪਤੀ ਸ਼ਰਮਾ ਨੂੰ ਉਸ ਦੇ ਹਨੂਮਾਨ ਟੈਟੂ ਬਾਰੇ ਪੁੱਛਿਆ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਸੀ।

ਇਸ ਦੌਰਾਨ ਟਾਪ-ਆਰਡਰ ਬੱਲੇਬਾਜ਼ ਹਰਲੀਨ ਦਿਓਲ ਨੇ ਮੋਦੀ ਨੂੰ ਉਨ੍ਹਾਂ ਦੇ ਸਕਿਨ ਕੇਅਰ ਰੁਟੀਨ ਬਾਰੇ ਪੁੱਛਿਆ ਅਤੇ ਪੂਰਾ ਹਾਲ ਹਾਸੇ ਨਾਲ ਗੂੰਜ ਉੱਠਿਆ। ਇਸ 'ਤੇ ਪ੍ਰਧਾਨ ਮੰਤਰੀ ਨੇ ਖੁੱਲ੍ਹੇ ਦਿਲ ਨਾਲ ਹੱਸਦਿਆਂ ਜਵਾਬ ਦਿੱਤਾ, "ਮੈਂ ਇਨ੍ਹਾਂ ਸਭ ਬਾਰੇ ਨਹੀਂ ਸੋਚਦਾ।

# ਪੰਜਾਬ ਸਰਕਾਰ ਵਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਹੁਸ਼ਿਆਰਪੁਰ ਦੇ ਸਰਪੰਚਾਂ ਨਾਲ ਜਾਗਰੂਕਤਾ ਕੀਤੀ ਗਈ ਮੀਟਿੰਗ







ਹੁਸ਼ਿਆਰਪੁਰ : ਪੰਜਾਬ ਸਰਕਾਰ ਵੱਲੋਂ ਅੱਜ ਹੁਸ਼ਿਆਰਪੁਰ ਯੁੱਧ ਨਸ਼ਿਆਂ ਵਿਰੁੱਧ ਮੁਹਿਮ ਨੂੰ ਅੱਗੇ ਤੋਰਦਿਆਂ ਪੂਰੇ ਪੰਜਾਬ ਦੇ ਵੱਖ-ਵੱਖ ਜ਼ਿਲ? ਸ਼ਹਿਰਾਂ ਤੇ ਪਿੰਡਾਂ ਵਿੱਚ ਇੱਕ ਨਸ਼ਾ ਜਾਗਰੂਕਤਾ ਮੁਹਿੰਮ ਕਾਨਫਰੰਸ ਕੀਤੀ ਗਈ ਜਿਸ ਦਾ ਮੁੱਖ ਮਕਸਦ ਸੀਗਾ ਕਿ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਕਰਨਾ ਅਤੇ ਜਿਹੜੀਆਂ ਨਸ਼ੇ ਦੇ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ਉਨ੍ਹਾਂ ਤੇ ਠੱਲ ਪਾਉਣਾ ਹੈ ਅਤੇ ਨਸ਼ਾ ਛੁਡਾਊ ਕੇਂਦਰ ਜਿਹੜੇ ਸਰਕਾਰ ਵੱਲੋਂ ਸਥਾਪਿਤ ਕੀਤੇ ਗਏ ਉੱਥੇ ਉਹਨਾਂ ਨੌਜਵਾਨਾਂ ਦਾ ਮੁਫਤ ਵਿੱਚ ਇਲਾਜ ਕੀਤਾ ਜਾ ਰਿਹਾ ਇਸ ਦੀ ਪ੍ਰਧਾਨਗੀ ਵਿਧਾਇਕ ਜਸਬੀਰ ਸਿੰਘ ਰਾਜਾ ਅਤੇ ਆਈ ਏ ਐਸ ਏ ਡੀ ਸੀ ਓਸ਼ੀ ਮੰਡਲ ਅਤੇ ਜ਼ਿਲ੍ਹੇ ਦੇ ਵੱਡੇ ਪ੍ਰਸ਼ਾਸਨ ਅਧਿਕਾਰੀਆਂ ਨੇ ਕੀਤੀ ਅਤੇ ਵੱਖ-ਵੱਖ ਪਿੰਡਾਂ ਦੇ ਸਰਪੰਚ ਅਤੇ ਲੋਕ ਇਸ ਮੀਟਿੰਗ ਵਿੱਚ ਮੌਜੂਦ ਰਹੇ।

# ਭਾਰਤੀ ਨੇਤਰਹੀਣ ਮਹਿਲਾ ਕ੍ਰਿਕਟ ਟੀਮ ਨੇ ਸ੍ਰੀਲੰਕਾ ਦੀ ਪ੍ਰਧਾਨ ਮੰਤਰੀ ਹਰੀਨੀ ਅਮਰਾਸੂਰੀਆ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ : ਭਾਰਤੀ ਨੇਤਰਹੀਣ ਮਹਿਲਾ ਕ੍ਰਿਕਟ ਟੀਮ ਨੇ ਸੋਮਵਾਰ ਨੂੰ ਨਵੀਂ ਦਿੱਲੀ ਵਿਖੇ ਸ੍ਰੀਲੰਕਾ ਦੀ ਪ੍ਰਧਾਨ ਮੰਤਰੀ, ਹਰੀਨੀ ਅਮਰਾਸੂਰੀਆ ਨਾਲ ਉਨ੍ਹਾਂ ਦੇ ਭਾਰਤ ਦੌਰੇ ਦੌਰਾਨ ਮੁਲਾਕਾਤ ਕੀਤੀ। ਇਹ ਮੀਟਿੰਗ ਔਰਤਾਂ ਲਈ ਹੋਣ ਵਾਲੇ ਪਹਿਲੇ ਟੀ-20 ਵਿਸ਼ਵ ਕੱਪ (ਨੇਤਰਹੀਣ) ਦੇ ਉਦਘਾਟਨ ਨੂੰ ਸਮਰਥਨ ਦੇਣ ਦੇ ਉਦੇਸ਼ ਨਾਲ ਰੱਖੀ ਗਈ ਸੀ।

ਇਸ ਇਤਿਹਾਸਕ ਵਿਸ਼ਵ ਕੱਪ ਦੀ ਸਾਂਝੀ ਮੇਜ਼ਬਾਨੀ ਭਾਰਤ ਅਤੇ ਸ੍ਰੀਲੰਕਾ ਵੱਲੋਂ ਕੀਤੀ ਜਾ ਰਹੀ ਹੈ, ਜੋ 11 ਨਵੰਬਰ ਤੋਂ 23 ਨਵੰਬਰ 2025 ਤੱਕ ਖੇਡਿਆ ਜਾਵੇਗਾ।

**ਮੀਟਿੰਗ ਦੇ ਮੁੱਖ ਅੰਸ਼**

ਇਸ ਮੁਲਾਕਾਤ ਦੌਰਾਨ ਭਾਰਤੀ ਟੀਮ ਦੇ ਖਿਡਾਰੀਆਂ ਦੇ ਨਾਲ -ਕ੍ਰਿਕਟ ਐਸੋਸੀਏਸ਼ਨ ਫਾਰ ਦਾ ਬਲਾਇੰਡ ਇਨ ਇੰਡੀਆ' (3129) ਦੇ ਪ੍ਰਮੁੱਖ ਨੁਮਾਇੰਦੇ ਵੀ ਸ਼ਾਮਲ ਸਨ।



- **ਸ੍ਰੀਲੰਕਾ ਦੀ ਪ੍ਰਧਾਨ ਮੰਤਰੀ ਦਾ ਬਿਆਨ:** ਹਰੀਨੀ ਅਮਰਾਸੂਰੀਆ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ, 'ਇਹ ਜਾਣ ਕੇ ਬਹੁਤ ਖ਼ੁਸ਼ੀ ਹੋਈ ਕਿ ਸ੍ਰੀਲੰਕਾ ਨੇਤਰਹੀਣ ਔਰਤਾਂ ਦੇ ਪਹਿਲੇ ਟੀ-20 ਵਿਸ਼ਵ ਕੱਪ ਦੀ ਸਹਿ-ਮੇਜ਼ਬਾਨੀ ਕਰ ਰਿਹਾ ਹੈ। ਮੈਂ ਟੀਮਾਂ ਦੇ ਕੰਮ ਨੂੰ ਪ੍ਰੇਰਣਾਦਾਇਕ ਮੰਨਦੀ ਹਾਂ ਅਤੇ ਨੇਤਰਹੀਣ ਕ੍ਰਿਕਟ ਦਾ ਸਮਰਥਨ ਕਰਕੇ ਖ਼ੁਸ਼ ਹਾਂ।'
- **3129 ਦਾ ਧੰਨਵਾਦ:** 3129 ਦੇ ਚੇਅਰਮੈਨ, ਮਹਾਂਤੇਸ਼ ਜੀ. ਕਿਵਦਾਸਨਵਰ ਨੇ ਕਿਹਾ, 'ਸ੍ਰੀਲੰਕਾ ਦੀ ਮਾਣਯੋਗ ਪ੍ਰਧਾਨ ਮੰਤਰੀ ਨੂੰ ਮਿਲਣਾ ਸਾਡੇ ਲਈ ਬਹੁਤ ਮਾਣ ਵਾਲਾ ਪਲ ਹੈ। ਇਹ ਸਾਂਝੇਦਾਰੀ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਨੇਤਰਹੀਣ ਮੁਟਿਆਰਾਂ ਨੂੰ ਕ੍ਰਿਕਟ ਰਾਹੀਂ ਆਪਣੇ ਸੁਪਨੇ ਪੂਰੇ ਕਰਨ ਲਈ ਪ੍ਰੇਰਿਤ ਕਰਨ ਵਿੱਚ ਇੱਕ ਮੀਲ ਪੱਥਰ ਹੈ।'

**ਵਿਸ਼ਵ ਕੱਪ ਬਾਰੇ ਵੇਰਵੇ**

- ਮੇਜ਼ਬਾਨ ਦੇਸ਼: ਭਾਰਤ ਅਤੇ ਸ੍ਰੀਲੰਕਾ।
- ਮੈਚਾਂ ਦੇ ਸਥਾਨ: ਟੂਰਨਾਮੈਂਟ ਦੇ ਮੈਚ ਨਵੀਂ ਦਿੱਲੀ, ਬੈਂਗਲੁਰੂ ਅਤੇ ਕੋਲੰਬੋ (ਸ੍ਰੀਲੰਕਾ) ਵਿੱਚ ਖੇਡੇ ਜਾਣਗੇ।
- **ਉਦਘਾਟਨ:** ਟੂਰਨਾਮੈਂਟ ਦੀ ਸ਼ੁਰੂਆਤ 11 ਨਵੰਬਰ ਨੂੰ ਨਵੀਂ ਦਿੱਲੀ ਤੋਂ ਹੋਵੇਗੀ।
- **ਫਾਈਨਲ:** ਸੈਮੀਫਾਈਨਲ ਅਤੇ ਫਾਈਨਲ ਮੈਚ ਕੋਲੰਬੋ ਵਿੱਚ ਖੇਡੇ ਜਾਣਗੇ, ਜਿੱਥੇ 23 ਨਵੰਬਰ ਨੂੰ ਸਮਾਪਤੀ ਸਮਾਰੋਹ ਹੋਵੇਗਾ।
- **ਹਿੱਸਾ ਲੈਣ ਵਾਲੀਆਂ ਟੀਮਾਂ:** ਇਸ ਵਿਸ਼ਵ ਕੱਪ ਵਿੱਚ ਭਾਰਤ, ਸ੍ਰੀਲੰਕਾ, ਆਸਟ ?ਰੇਲੀਆ, ਪਾਕਿਸਤਾਨ, ਨੇਪਾਲ ਅਤੇ ਅਮਰੀਕਾ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ।

# ਬਿਹਾਰ ਚੋਣਾਂ: ਰਾਹੁਲ ਗਾਂਧੀ ਨੇ ਵਜ਼ੀਰਗੰਜ ’ਚ ਕੀਤੀ ਵਿਸ਼ਾਲ ਜਨਤਕ ਰੈਲੀ ‘ਵੋਟ ਚੋਰੀ’ ਦੇ ਮੁੱਦੇ ’ਤੇ ਸਰਕਾਰ ਨੂੰ ਘੇਰਿਆ














ਗਯਾ : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਗਯਾ ਜ਼ਿਲ੍ਹੇ ਦੇ ਵਜ਼ੀਰਗੰਜ ਹਲਕੇ ਵਿੱਚ ਇੱਕ ਵਿਸ਼ਾਲ ਜਨਤਕ ਮੀਟਿੰਗ ਨੂੰ ਸੰਬੋਧਨ ਕੀਤਾ। ਇਹ ਰੈਲੀ ਪਹਿਲੇ ਪੜਾਅ ਦੀ ਵੋਟਿੰਗ ਲਈ ਚੋਣ ਪ੍ਰਚਾਰ ਦੇ ਆਖਰੀ ਦਿਨ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੂਪੇਂਦਰ ਬਘੇਲ ਅਤੇ ਬਿਹਾਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਰਾਜੇਸ਼ ਰਾਮ ਵੀ ਮੌਜੂਦ ਸਨ।

**ਰਾਹੁਲ ਗਾਂਧੀ ਦੇ ਭਾਸ਼ਣ ਦੇ ਮੁੱਖ ਨੁਕਤੇ:**

- **‘ਛਤਰੀ ਵਾਲੀ ਸਰਕਾਰ’ ਦਾ ਵਾਅਦਾ:** ਰਾਹੁਲ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਆਰਜੇਡੀ, ਕਾਂਗਰਸ ਅਤੇ ਖੱਬੇ ਪਾਰਟੀਆਂ ਦਾ ‘ਮਹਾਗਠਜੋੜ’ ਸੱਤਾ ਵਿੱਚ ਆਉਂਦਾ ਹੈ, ਤਾਂ ਉਹ ਇੱਕ ‘ਛਤਰੀ ਵਾਲੀ ਸਰ’ ਬਣਾਉਣਗੇ। ਉਨ੍ਹਾਂ ਕਿਹਾ ਕਿ ਇਹ ਸਰਕਾਰ ਕਿਸੇ ਵਿਸ਼ੇਸ਼ ਜਾਤੀ ਦੀ ਨਹੀਂ, ਸਗੋਂ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਸਮੇਤ ਸਾਰੇ ਵਾਂਝੇ ਵਰਗਾਂ ਦੀ ਰੱਖਿਆ ਕਰੇਗੀ।

-**ਬੇਰੁਜ਼ਗਾਰੀ ’ਤੇ ਹਮਲਾ:** ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਸਵਾਲ ਕੀਤਾ, ‘ਕੀ ਤੁਸੀਂ ਰੀਲਾਂ ਬਣਾਉਣਾ ਚਾਹੁੰਦੇ ਹੋ ਜਾਂ ਚੰਗੀਆਂ ਨੌਕਰੀਆਂ?’ ਜਦੋਂ ਭੀੜ ਨੇ ‘ਨੌਕਰੀ’ ਜਵਾਬ ਦਿੱਤਾ, ਤਾਂ ਉਨ੍ਹਾਂ ਨੇ ਦੋਸ਼ ਲਗਾਇਆ ਕਿ ‘ਰੀਲਾਂ ਬਣਾਉਣ ਦੀ ਪੇਸ਼ਕਸ਼ ਵੀ ਪ੍ਰਧਾਨ ਮੰਤਰੀ ਮੋਦੀ ਦੇ ਅਮੀਰ ਦੋਸਤਾਂ (ਜਿਵੇਂ ਅੰਬਾਨੀ) ਦੀ ਮਦਦ ਲਈ ਤਿਆਰ ਕੀਤੀ ਗਈ ਹੈ।’

- **‘ਲੇਬਰ ਪੈਦਾ ਕਰਨ ਵਾਲੀ ਫੈਕਟਰੀ’:** ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ’ਤੇ ਬਿਹਾਰ ਨੂੰ ‘ਲੇਬਰ ਪੈਦਾ ਕਰਨ ਵਾਲੀ ਫੈਕਟਰੀ’ ਵਿੱਚ ਬਦਲਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਬਿਹਾਰ ਦੇ ਲੋਕ ਦੇਸ਼ ਭਰ ਵਿੱਚ ਫੁੱਟਪਾਥਾਂ ’ਤੇ ‘ਗੈਰ-ਮਨੁੱਖੀ ਹਾਲਤਾਂ’ ਵਿੱਚ ਰਹਿਣ ਲਈ ਮਜਬੂਰ ਹਨ।

-**‘ਜੰਗਲ ਰਾਜ’ ਦਾ ਜਵਾਬ:** ਭਾਜਪਾ ਵੱਲੋਂ ਲਗਾਏ ਜਾਂਦੇ ‘ਜੰਗਲ ਰਾਜ’ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਰਾਹੁਲ ਗਾਂਧੀ ਨੇ ਪਲਟਵਾਰ ਕੀਤਾ। ਉਨ੍ਹਾਂ ਨੇ ਦੋਸ਼ ਲਾਇਆ ਕਿ ਅਸਲੀ ‘ਜੰਗਲ ਰਾਜ’ ਤਾਂ ਪ੍ਰਧਾਨ ਮੰਤਰੀ ਮੋਦੀ ਨੇ ‘ਵੋਟ ਚੋਰੀ’ ਕਰਕੇ ਲਾਗੂ ਕੀਤਾ ਹੈ ਅਤੇ ਦਾਅਵਾ ਕੀਤਾ ਕਿ ਐਨਡੀਏ ਬਿਹਾਰ ਵਿੱਚ ਵੋਟਾਂ ਚੋਰੀ ਕਰਨਾ ਚਾਹੁੰਦੀ ਹੈ।

- **ਸਿੱਖਿਆ ’ਤੇ ਟਿੱਪਣੀ:** ਉਨ੍ਹਾਂ ਨੇ ਪ੍ਰਧਾਨ ਮੰਤਰੀ ’ਤੇ ਨਿੱਜੀ ਟਿੱਪਣੀ ਕਰਦਿਆਂ ਉਨ੍ਹਾਂ ਦੀ ਡਿਗਰੀ ’ਤੇ ਸਵਾਲ ਚੁੱਕੇ ਅਤੇ ਕਿਹਾ ਕਿ ਇਸੇ ਕਾਰਨ ਉਹ ਸਿੱਖਿਆ ਪ੍ਰਤੀ ਉਦਾਸੀਨ ਹਨ।

ਇਸ ਰੈਲੀ ਤੋਂ ਬਾਅਦ ਰਾਹੁਲ ਗਾਂਧੀ ਨੇ ਔਰੰਗਾਬਾਦ ਅਤੇ ਕੁਟੁੰਬਾ ਸੀਟਾਂ ’ਤੇ ਵੀ ਪ੍ਰਚਾਰ ਕੀਤਾ, ਹਾਲਾਂਕਿ ਉਹ ਗਯਾ ਸ਼ਹਿਰ ਦੀ ਸੀਟ ’ਤੇ ਪ੍ਰਚਾਰ ਕਰਨ ਲਈ ਨਹੀਂ ਗਏ।




ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨਾਲ ਕੰਟਰੋਲ ਰੂਮ ਵਿੱਚ ਵੀਰਵਾਰ ਨੂੰ ਨਵੀਂ ਦਿੱਲੀ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਦੌਰਾਨ ਪੋਲਿੰਗ ਸਟੇਸ਼ਨਾਂ ’ਚ ਲਗਾਏ ਗਏ ਸੀਸੀਟੀਵੀ ਦੀ ਨਿਗਰਾਨੀ ਕਰਦੇ ਹੋਏ।



ਵੋਟ ਪਾਉਣ ਤੋਂ ਬਾਅਦ ਆਪਣੇ ਘਰ ’ਤੇ ਸਿਆਹੀ ਨਾਲ ਲੱਥਪੱਥ ਉਂਗਲੀਆਂ ਦਿਖਾਉਂਦੇ ਹੋਏ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ, ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਲਾਲੂ ਪ੍ਰਸਾਦ ਯਾਦਵ।

# ਕਾਰਤਿਕ ਪੂਰਨਿਮਾ ’ਤੇ ਸ਼ਰਧਾਲੂਆਂ ਨੇ ਹਨੂੰਮਾਨ ਗੜ੍ਹੀ ਮੰਦਰ ’ਚ ਭੀੜ ਇਕੱਠੀ ਕੀਤੀ, ਸ਼ਰਧਾਲੂਆਂ ’ਤੇ ਫੁੱਲਾਂ ਦੀ ਵਰਖਾ ਕੀਤੀ

ਅਯੁੱਧਿਆ: ਹਿੰਦੂ ਧਰਮ ਦੇ ਸਭ ਤੋਂ ਪਵਿੱਤਰ ਤਿਉਹਾਰਾਂ ਵਿੱਚੋਂ ਇੱਕ, ਕਾਰਤਿਕ ਪੂਰਨਿਮਾ, ਬੁੱਧਵਾਰ, 5 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ। ਸ਼ਰਧਾਲੂ ਪ੍ਰਯਾਗਰਾਜ, ਹਰਿਦੁਆਰ, ਰਾਏਬਰੇਲੀ ਅਤੇ ਹੋਰ ਕਈ ਧਾਰਮਿਕ ਸਥਾਨਾਂ ’ਤੇ ਪਵਿੱਤਰ ਡੁਬਕੀ ਲਗਾਉਣ ਲਈ ਪਹੁੰਚ ਰਹੇ ਹਨ। ਪ੍ਰਯਾਗਰਾਜ ਦੇ ਘਾਟ ਪਹਿਲਾਂ ਹੀ ਸ਼ਰਧਾਲੂਆਂ ਨਾਲ ਭਰੇ ਹੋਏ ਹਨ। ਇਸ਼ਨਾਨ ਕਰਨ ਤੋਂ ਬਾਅਦ, ਸ਼ਰਧਾਲੂ ਹਨੂੰਮਾਨ ਗੜ੍ਹੀ ਮੰਦਰ ਵੀ ਪਹੁੰਚ ਰਹੇ ਹਨ ਅਤੇ ਪੁਲਿਸ ਪ੍ਰਸ਼ਾਸਨ ਸ਼ਰਧਾਲੂਆਂ ’ਤੇ ਫੁੱਲਾਂ ਦੀ ਵਰਖਾ ਕਰ ਰਿਹਾ ਹੈ। ਕਾਰਤਿਕ ਪੂਰਨਿਮਾ ’ਤੇ ਹਨੂੰਮਾਨ ਗੜ੍ਹੀ ਮੰਦਰ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚੇ ਹਨ। ਬਾਬਾ ਹਨੂੰਮਾਨ ਜੀ ਦੇ ਦਰਸ਼ਨਾਂ ਲਈ ਮੰਦਰ ਦੇ ਬਾਹਰ ਇੱਕ ਕਤਾਰ ਹੈ ਅਤੇ ਪੁਲਿਸ ਪ੍ਰਸ਼ਾਸਨ ਸ਼ਰਧਾਲੂਆਂ ਨੂੰ ਵੱਖ-ਵੱਖ ਕਤਾਰਾਂ ਰਾਹੀਂ ਮੰਦਰ ਵਿੱਚ ਦਾਖਲ ਹੋਣ ਦੀ ਆਗਿਆ ਦੇ ਰਿਹਾ ਹੈ। ਭਾਵੇਂ ਮੰਦਰ ਵਿੱਚ ਭੀੜ ਹੈ, ਫਿਰ ਵੀ ਸ਼ਰਧਾਲੂ ਲੰਬੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਹਨ ਅਤੇ ਭਗਵਾਨ ਹਨੂੰਮਾਨ ਦੀ ਉਸਤਤਿ ਵੀ ਕਰ ਰਹੇ ਹਨ। ਮੰਦਿਰ ਵਿੱਚ ਦਰਸ਼ਨ ਕਰਨ ਆਈ ਇੱਕ ਮਹਿਲਾ ਸ਼ਰਧਾਲੂ ਨੇ ਆਈਏਐਨਐਸ ਨੂੰ ਦੱਸਿਆ, ‘ਭੀੜ ਨੂੰ ਦੇਖਦੇ ਹੋਏ, ਪੁਲਿਸ ਪ੍ਰਸ਼ਾਸਨ ਦੇ ਪ੍ਰਬੰਧ ਬਹੁਤ ਵਧੀਆ ਹਨ, ਸਾਰੇ ਸ਼ਰਧਾਲੂਆਂ ਨੂੰ ਸਹੀ ਢੰਗ ਨਾਲ ਦਰਸ਼ਨ ਦਿੱਤੇ ਜਾ ਰਹੇ ਹਨ। ਭਾਵੇਂ ਬਹੁਤ ਜ਼ਿਆਦਾ ਭੀੜ ਹੈ, ਪਰ ਪੁਲਿਸ ਪ੍ਰਸ਼ਾਸਨ ਨੇ ਸਭ ਕੁਝ ਸੰਭਾਲ ਲਿਆ ਹੈ ਅਤੇ ਦਰਸ਼ਨ ਦੌਰਾਨ ਕੋਈ ਸਮੱਸਿਆ ਨਹੀਂ ਆਈ। ਸੀਐਮ ਯੋਗੀ ਦੀ ਅਗਵਾਈ ਹੇਠ, ਮੰਦਰ ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਮਿਲ ਕੇ ਸਭ ਕੁਝ ਕਰ ਰਹੇ ਹਨ।’ ਇੱਕ ਹੋਰ ਮਹਿਲਾ ਸ਼ਰਧਾਲੂ ਨੇ ਕਿਹਾ ਕਿ ਦਰਸ਼ਨ ਕਰਨ ਤੋਂ ਬਾਅਦ ਉਸਨੂੰ ਬਹੁਤ ਚੰਗਾ ਮਹਿਸੂਸ ਹੋਇਆ ਅਤੇ ਦਰਸ਼ਨ ਲਈ ਆਏ ਸ਼ਰਧਾਲੂਆਂ ’ਤੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਸੁਰੱਖਿਆ ਲਈ ਤਾਇਨਾਤ ਇੱਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮੰਦਰ ਵਿੱਚ ਦਰਸ਼ਨ ਕਰਨ ਲਈ ਭਾਰੀ ਭੀੜ ਆ ਰਹੀ ਹੈ ਅਤੇ ਇਸ ਲਈ ਦਰਸ਼ਨਾਂ ਲਈ ਦੋ ਰਸਤੇ ਖੋਲ੍ਹੇ ਗਏ ਹਨ।



# ਦੇਵ ਦੀਪਾਵਲੀ 'ਤੇ 25 ਲੱਖ ਦੀਵਿਆਂ ਨਾਲ ਜਗਮਗਾਈ ਕਾਸ਼ੀ, ਮੁੱਖ ਮੰਤਰੀ ਯੋਗੀ ਨੇ ਨਮੋ ਘਾਟ 'ਤੇ ਬਾਲਿਆ ਪਹਿਲਾ ਦੀਵਾ





ਵਾਰਾਣਸੀ, (ਸਾਡੇ ਲੋਕ) : ਦੇਵ ਦੀਪਾਵਲੀ ਦੇ ਪਵਿੱਤਰ ਮੌਕੇ 'ਤੇ ਬੁੱਧਵਾਰ ਸ਼ਾਮ ਨੂੰ ਭਗਵਾਨ ਸ਼ਿਵ ਦੀ ਨਗਰੀ ਕਾਸ਼ੀ (ਵਾਰਾਣਸੀ) ਲੱਖਾਂ ਦੀਵਿਆਂ ਦੀ ਅਲੌਕਿਕ ਰੌਸ਼ਨੀ ਨਾਲ ਜਗਮਗਾ ਉੱਠੀ। ਗੰਗਾ ਨਦੀ ਦੇ 88 ਘਾਟਾਂ ਨੂੰ ਲਗਭਗ 25 ਲੱਖ ਮਿੱਟੀ ਦੇ ਦੀਵਿਆਂ ਨਾਲ ਸਜਾਇਆ ਗਿਆ, ਜਿਸ ਨਾਲ ਅਜਿਹਾ ਮਾਹੌਲ ਬਣ ਗਿਆ ਜਿਵੇਂ ਤਾਰੇ ਖੁਦ ਧਰਤੀ 'ਤੇ ਉਤਰ ਆਏ ਹੋਣ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ

ਜੈਕਾਰਿਆਂ ਵਿਚਕਾਰ ਨਮੋ ਘਾਟ 'ਤੇ ਪਹਿਲਾ ਦੀਵਾ ਜਗਾ ਕੇ ਇਸ ਮਹਾਂ-ਉਤਸਵ ਦੀ ਰਸਮੀ ਸ਼ੁਰੂਆਤ ਕੀਤੀ।

**ਕਰੂਜ਼ 'ਤੇ ਸਵਾਰ ਹੋ ਕੇ ਵੇਖਿਆ ਨਜ਼ਾਰਾ**

ਪਹਿਲਾ ਦੀਵਾ ਬਾਲਣ ਤੋਂ ਬਾਅਦ, ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਸੈਰ-ਸਪਾਟਾ ਮੰਤਰੀ ਜੈਵੀਰ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਲ, ਇੱਕ ਕਰੂਜ਼ 'ਤੇ ਸਵਾਰ ਹੋਏ। ਉਨ੍ਹਾਂ ਨੇ ਕਰੂਜ਼ ਤੋਂ ਹੀ ਵਿਸ਼ਵ ਪ੍ਰਸਿੱਧ ਗੰਗਾ ਆਰਤੀ ਦੇ ਦਰਸ਼ਨ ਕੀਤੇ ਅਤੇ ਸਾਰੇ ਘਾਟਾਂ 'ਤੇ

ਲਿਆ। ਜਦੋਂ ਉਨ੍ਹਾਂ ਦਾ ਕਰੂਜ਼ ਗੰਗਾ ਵਿੱਚੋਂ ਲੰਘ ਰਿਹਾ ਸੀ, ਤਾਂ ਦੂਜੀਆਂ ਕਿਸ਼ਤੀਆਂ 'ਤੇ ਸਵਾਰ ਸ਼ਰਧਾਲੂਆਂ ਨੇ ਜੈਕਾਰਿਆਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ, ਜਿਸ ਦਾ ਮੁੱਖ ਮੰਤਰੀ ਨੇ ਹੱਥ ਹਿਲਾ ਕੇ ਜਵਾਬ ਦਿੱਤਾ।

**ਮੁੱਖ ਆਕਰਸ਼ਣ ਅਤੇ ਵਿਸ਼ੇਸ਼ ਪ੍ਰਬੰਧ**

ਇਸ ਸਾਲ ਦੇ ਜਸ਼ਨਾਂ ਵਿੱਚ ਪਰੰਪਰਾ ਅਤੇ ਆਧੁਨਿਕ ਤਕਨੀਕ ਦਾ ਅਨੋਖਾ ਸੁਮੇਲ ਦੇਖਣ ਨੂੰ ਮਿਲਿਆ:

- **3ਡੀ ਮੈਪਿੰਗ ਸ਼ੋਅ:** ਚੇਤ ਸਿੰਘ ਘਾਟ 'ਤੇ

3ਡੀ ਪ੍ਰੋਜੈਕਸ਼ਨ ਮੈਪਿੰਗ ਸ਼ੋਅ ਦਿਖਾਇਆ ਗਿਆ, ਜਿਸ ਨੇ ਕਾਸ਼ੀ ਦੇ ਇਤਿਹਾਸ ਨੂੰ ਬਿਆਨ ਕੀਤਾ।
- **ਹਰੇ ਪਟਾਕੇ:** ਗੰਗਾ ਦੇ ਦੂਜੇ ਪਾਸੇ ਰੇਤ 'ਤੇ ਵਾਤਾਵਰਣ-ਪੱਖੀ ਹਰੇ ਪਟਾਕਿਆਂ (Green Crackers) ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।
- **ਈਕੋ-ਫਰੈਂਡਲੀ ਦੀਵੇ:** ਇਸ ਵਾਰ 1 ਲੱਖ ਈਕੋ-ਫਰੈਂਡਲੀ ਦੀਵੇ ਵੀ ਜਗਾਏ ਗਏ, ਜੋ ਗਾਂ ਦੇ ਗੋਹੇ ਤੋਂ ਬਣਾਏ ਗਏ ਸਨ। ਸਰਕਾਰ ਨੇ 10 ਲੱਖ ਦੀਵਿਆਂ ਦਾ ਟੀਚਾ ਰੱਖਿਆ ਸੀ,

25 ਲੱਖ ਤੱਕ ਪਹੁੰਚ ਗਈ।

**ਰਾਸ਼ਟਰਵਾਦ ਨੂੰ ਸਮਰਪਿਤ ਜਸ਼ਨ**

ਇਸ ਵਾਰ ਦੇਵ ਦੀਪਾਵਲੀ ਦਾ ਜਸ਼ਨ ਰਾਸ਼ਟਰਵਾਦ ਨੂੰ ਵੀ ਸਮਰਪਿਤ ਸੀ। ਦਸ਼ਾਸ਼ਵਮੇਧ ਘਾਟ 'ਤੇ 'ਅਮਰ ਜਵਾਨ ਜੋਤੀ' ਦੀ ਇੱਕ ਪ੍ਰਤੀਕ੍ਰਿਤੀ (replica) ਸਥਾਪਤ ਕੀਤੀ ਗਈ ਅਤੇ ਕਾਰਗਿਲ ਯੁੱਧ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਵੱਡੇ ਸਮਾਗਮ ਦੇ ਮੱਦੇਨਜ਼ਰ ਵਾਰਾਣਸੀ ਨੂੰ 'ਨੋ-ਫਲਾਈ ਜ਼ੋਨ' ਐਲਾਨ ਕੀਤਾ ਗਿਆ ਸੀ ਅਤੇ









# 46ਵੀਆਂ ਸਿਲਵਰ ਸਟੇਟ ਸੀਨੀਅਰ, ਲਾਸ ਵੇਗਾਸ ਖੇਡਾਂ ਵਿਚ ਮਨਟੀਕਾ ਦੇ ਐਥਲੀਟ ਸ੍ਰ. ਦਰਸ਼ਨ ਸਿੰਘ ਨੇ ਤਿੰਨ ਗੋਲਡ ਮੈਡਲ ਜਿੱਤੇ ਅਤੇ ਫਰਿਜ਼ਨੋ ਦੇ ਐਥਲੀਟ ਸ੍ਰ. ਗੁਰਬਖਸ਼ ਸਿੰਘ ਸੰਧੂ ਨੇ ਗੋਲਡ ਮੈਡਲ ਜਿੱਤਿਆ









ਮਨਟੀਕਾ : ਮਨਟੀਕਾ ਸ਼ਹਿਰ ਦਾ ਨਾਂ ਰੌਸ਼ਨ ਕਰਨ ਵਾਲੇ ਭਾਈ ਦਰਸ਼ਨ ਸਿੰਘ ਜਿਨ੍ਹਾਂ ਨੇ ਪਹਿਲਾਂ ਵੀ ਕਈ ਮੈਰਾਥਨ ਦੌੜਾਂ ਵਿਚ ਆਪਣਾ ਰਿਕਾਰਡ ਬਣਾਇਆ, ਬੀਤੇ ਦਿਨੀਂ 3,4,5 ਅਕਤੂਬਰ ਨੂੰ 46ਵੀਆਂ ਸਿਲਵਰ ਸਟੇਟ ਸੀਨੀਅਰ ਖੇਡਾਂ ਜੋ ਕਿ ਲਾਸ ਵੇਗਾਸ ਵਿਚ ਹੋਈਆਂ ਸਨ, ਉਨ੍ਹਾਂ ਵਿਚ ਮਨਟੀਕਾ ਦੇ ਐਥਲੀਟ ਸ੍ਰ. ਦਰਸ਼ਨ ਸਿੰਘ ਨੇ ਤਿੰਨ ਗੋਲਡ ਮੈਡਲ ਜਿੱਤੇ।

ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥ੍ਰੋਅ ਵਿੱਚ 41.82 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਅਤੇ ਵੇਟ ਥ੍ਰੋਅ ਵਿੱਚ 14.38 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ।

ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਲੌਂਗ ਜੰਪ ਵਿੱਚ 4.86 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ, ਟ੍ਰਿਪਲ ਜੰਪ ਵਿੱਚ ਸਿਲਵਰ ਮੈਡਲ 7.45 ਮੀਟਰ ਦੀ ਦੂਰੀ ਨਾਲ ਅਤੇ ਲੌਂਗ ਜੰਪ ਸਟੈਂਡਿੰਗ ਵਿੱਚ 1.60 ਮੀਟਰ ਦੀ ਦੂਰੀ ਨਾਲ ਕਾਂਸੀ ਦਾ ਤਗਮਾ ਜਿੱਤਿਆ। ਪੰਜਾਬ ਪੁਲਿਸ ਤੋਂ ਸੇਵਾਮੁਕਤ ਐਸਪੀ ਅਤੇ ਭਾਰਤੀ ਟੀਮ ਦੇ ਬਾਸਕਟਬਾਲ ਖਿਡਾਰੀ ਕੁਲਵੰਤ ਸਿੰਘ ਲੰਬਰ ਨੇ ਸ਼ਾਟ ਪੁੱਟ ਵਿੱਚ 10.16 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ, ਡਿਸਕਸ ਥ੍ਰੋਅ ਵਿੱਚ 28.86 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ, ਜੈਵਲਿਨ ਥ੍ਰੋਅ ਵਿੱਚ 25.67 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ, ਲੰਬੀ ਛਾਲ ਵਿੱਚ 4.56 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਅਤੇ ਲੰਬੀ ਛਾਲ ਵਿੱਚ 2.16 ਮੀਟਰ ਦੀ ਦੂਰੀ ਨਾਲ ਸਟੈਂਡਿੰਗ ਵਿੱਚ ਗੋਲਡ ਮੈਡਲ ਜਿੱਤਿਆ।

ਮਨਟੀਕਾ ਦੇ ਦਰਸ਼ਨ ਸਿੰਘ ਨੇ 400 ਮੀਟਰ ਵਿੱਚ 1.21.17 ਮਿੰਟ ਦੇ ਸਮੇਂ ਨਾਲ ਗੋਲਡ ਮੈਡਲ, 800 ਮੀਟਰ ਵਿੱਚ 3.25.79 ਮਿੰਟ ਦੇ ਸਮੇਂ ਨਾਲ ਗੋਲਡ ਮੈਡਲ ਅਤੇ 1500 ਮੀਟਰ ਵਿੱਚ 7.05.09 ਮਿੰਟ ਦੇ ਸਮੇਂ ਨਾਲ ਗੋਲਡ ਮੈਡਲ ਜਿੱਤਿਆ।

ਲਾਸ ਵੇਗਾਸ ਯੂਨੀਵਰਸਿਟੀ, ਨੇਵਾਡਾ ਟਰੈਕ ਐਂਡ ਫੀਲਡ ਵਿਖੇ ਆਯੋਜਿਤ ਟਰੈਕ ਐਂਡ ਫੀਲਡ ਮੀਟ ਵਿੱਚ ਹਿੱਸਾ ਲੈਣ ਲਈ ਅਮਰੀਕਾ ਦੇ ਰਾਜਾਂ ਤੋਂ 200 ਪੁਰਸ਼ ਅਤੇ ਮਹਿਲਾ ਐਥਲੀਟ ਆਏ ਸਨ।




# ਮਾਰਸ਼ਲ ਗਰੁੱਪ ਆ.ਫ ਸਕੂਲ ਵਲੋਂ ਚੇਅਰਮੈਨ ਰਾਜਿੰਦਰ ਸਿੰਘ ਮਾਰਸ਼ਲ ਦੀ ਅਗਵਾਈ ’ਚ ਮਨਾਇਆ ਗਿਆ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿਖੇ ਚੇਅਰਮੈਨ ਸ. ਰਜਿੰਦਰ ਸਿੰਘ ਮਾਰਸ਼ਲ ਜੀ ਦੀ ਅਗੁਵਾਈ ਹੇਠ ਸਿੱਖਾਂ ਦੇ ਪਹਿਲੇ ਗੁਰੂ, ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਬੜੀ ਹੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਪਵਿੱਤਰ ਦਿਹਾੜੇ ’ਤੇ ਵਿਦਿਆਰਥੀਆਂ ਤੇ ਸਟਾਫ਼ ਨੇ ਜਪੁ ਜੀ ਸਾਹਿਬ ਤੇ ਆਨੰਦ ਸਾਹਿਬ ਜੀ ਦਾ ਪਾਠ ਕੀਤਾ ਅਤੇ ਮਾਹੌਲ ਨੂੰ ਇੱਕ ਬੜਾ ਹੀ ਭਗਤੀਮਈ ਰੂਪ ਦੇ ਦਿੱਤਾ। ਉਪਰੰਤ ਛੇਵੀਂ ਕਲਾਸ ਦੇ ਇੰਚਾਰਜ ਮੈਡਮ ਰਾਜਦੀਪ ਕੌਰ ਨੇ ਵੀ ਧਾਰਮਿਕ ਸ਼ਬਦ ਗਾਇਨ ਕੀਤਾ ਤੇ ਵਿਦਿਆਰਥੀਆਂ ਵੱਲੋਂ ਵੀ ਕੀਰਤਨ ਕੀਤਾ ਗਿਆ।






ਇਸ ਤੋਂ ਉਪਰੰਤ ਪ੍ਰਿੰਸੀਪਲ ਸ . ਪਰਵਿੰਦਰ ਸਿੰਘ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ, ਜੀਵਨ ਕਾਲ ਅਤੇ ਮਨੁੱਖਤਾ ਲਈ ਉਹਨਾਂ ਦੁਆਰਾ ਕੀਤੇ ਗਏ ਉਪਰਾਲਿਆਂ ਤੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਰਚਨਾਵਾਂ ਅਤੇ ਸਿੱਖਿਆਵਾਂ ਰਾਹੀਂ ਮਨੁੱਖੀ ਜੀਵਨ ਨੂੰ ਸਾਰਥਕ ਕਰਨ ਦਾ ਸੱਚਾ ਅਤੇ ਸੁੱਚਾ ਰਸਤਾ ਦੱਸਿਆ । ਉਹਨਾਂ ਬਿਨਾਂ ਵਹਿਮਾਂ- ਭਰਮਾਂ ਵਿੱਚ ਪਏ, ਬਿਨਾ ਝੂਠੇ ਗੀਤੀ ਰਿਵਾਜਾਂ ਨੂੰ ਮੰਨੇ, ਸਿਰਫ ਇੱਕ ਪ੍ਰਮਾਤਮਾ ‘ਇੱਕ ਓਂਕਾਰ’ ਵਿੱਚ ਵਿਸ਼ਵਾਸ ਰੱਖਣ, ਔਰਤ ਦੀ ਇੱਜਤ ਕਰਨ, ਕਿਸੇ ਜੀਵ ਨੂੰ ਦੁੱਖ ਨਾ ਦੇਣ, ਪਰਾਏ ਧਨ ਤੇ ਬੁਰੀ ਨਜ਼ਰ ਨਾ ਰੱਖਣ, ਮਿਹਨਤ ਕਰਨ, ਹੋਰਾਂ ਦਾ ਭਲਾ ਕਰਨ ਦਾ ਸੰਦੇਸ਼ ਦਿੱਤਾ। ਉਹਨਾਂ ਇਹ ਵੀ ਕਿਹਾ ਕਿ ਸਭ ਵਿਦਿਆਰਥੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਜਰੂਰ ਧਾਰਨ ਕਰਨਾ ਚਾਹੀਦਾ ਹੈ।

ਇਸ ਮੌਕੇ ’ਤੇ ਵਾਈਸ ਪ੍ਰਿੰਸੀਪਲ ਸਰਬਜੀਤ ਕੌਰ, ਅਧਿਆਪਕ ਮਨਦੀਪ ਸਿੰਘ , ਕਿਰਨਦੀਪ ਕੌਰ, ਅਮਨਦੀਪ ਕੌਰ, ਦਲਜੀਤ ਕੌਰ , ਇੰਦੂ, ਸਿਮਰਪ੍ਰੀਤ , ਰਾਜਦੀਪ ਕੌਰ, ਪਰਮਦੀਪ ਕੌਰ, ਅਕਰਸ਼ਦੀਪ ਕੌਰ, ਗੁਰਪ੍ਰੀਤ ਕੌਰ , ਮੋਨਿਕਾ, ਨਵਨੀਤ ਕੌਰ , ਸੁਖਲਿੰਦਰਪਾਲ ਸਿੰਘ, ਰਾਜਪ੍ਰੀਤ ਕੌਰ, ਸੰਦੀਪ ਕੌਰ, ਨੀਲਮਾ ਦੇਵੀ, ਬਬੀਤਾ ਆਦਿ ਹਾਜ਼ਰ ਸਨ।

# ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਵਲੋ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਦਿੱਤੇ ਮੁ.ਫਤ ਕਣਕ ਦੇ ਬੀਜ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੰਜਾਬ ਵਿੱਚ ਮੌਜੂਦਾ ਸਰਕਾਰ ਨੇ ਪੰਜਾਬ ਵਿੱਚ ਬਰਸਾਤਾਂ ਤੇ ਹੜ੍ਹਾ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ ਦੀ ਹਰ ਸੰਭਵ ਮਦਦ ਕੀਤੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਬਲਾਕ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਟਾਂਡਾ ਵਿੱਚ ਹੋਏ ਇੱਕ ਸਮਾਗਮ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਰਾਜਾ ਗਿੱਲ ਨੇ ਹੜਾਂ ਕਾਰਨ ਬੇਟ ਖੇਤਰ ਦੇ ਵੱਖ-ਵੱਖ ਪਿੰਡਾਂ ਵਿੱਚ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਕਣਕ ਦੇ ਮੁਫਤ ਬੀਜ ਵੰਡੇ। ਇਸ ਸਮੇਂ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਪਿੰਡ ਗੰਦੋਵਾਲ, ਫੱਤਾ ਕੁੱਲਾ, ਅਬਦੁੱਲਾਪੁਰ, ਟਾਹਲੀ, ਰੜਾ, ਬਲਾ ਤੇ ਮੱਦਾ ਦੇ ਕਿਸਾਨਾਂ ਨੂੰ ਕਰੀਬ 5 ਖੇਤਾਂ ਵਿੱਚ ਬੀਜਣ ਵਾਸਤੇ ਕਣਕ ਦੇ ਬੀਜ ਭੇਟ ਕੀਤੇ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਧੁੱਸੀ ਬੰਨ ਦੀ ਮੁਰੰਮਤ ਅਤੇ ਪਏ ਹੋਏ ਪਾੜ ਨੂੰ ਪੂਰਾ ਕਰਨ ਲਈ ਕਾਰਜ ਕੀਤੇ ਜਾ ਰਹੇ ਹਨ ਤਾਂ ਜੋ ਬਿਆਸ ਦਰਿਆ ਨੇੜੇ ਦੀਆਂ ਹੋਰ ਜਮੀਨਾਂ ਨੂੰ ਖੋਰਾ ਨਾ ਲਾ ਸਕੇ। ਇਸ ਸਮੇਂ ਵਿਧਾਇਕ ਰਾਜਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੜਾਂ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਕਰੀਬ 700 ਤੋਂ ਵੱਧ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਪ੍ਰਦਾਨ ਕੀਤੀ ਹੈ। ਇਸ ਮੌਕੇ ਵਿਧਾਇਕ ਰਾਜਾ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਮੌਜੂਦਾ ਝੋਨੇ ਦੇ ਸੀਜ਼ਨ ਦੌਰਾਨ ਝੋਨੇ ਦੀ ਪਰਾਲੀ ਅਤੇ ਉਸ ਦੀ ਰਹਿੰਦ ਖੂੰਦ ਨੂੰ ਅੱਗ ਨਾ ਲਗਾਉਣ ਕਿਉਂਕਿ ਇਸ ਨਾਲ ਸਾਡਾ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਉਹਨਾਂ ਦੱਸਿਆ ਕਿ ਖੇਤੀਬਾੜੀ ਦੇ ਭਾਗ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਜਿਹੜੇ ਕਿਸਾਨ ਇਸ ਦੀ ਉਲੰਘਣਾ ਕਰਨਗੇ ਉਨ੍ਹਾਂ ਖਿਲਾਫ ਕਾਰਵਾਈ ਵੀ ਕੀਤੀ ਜਾਵੇਗੀ।

ਇਸ ਮੌਕੇ ਬਲਾਕ ਖੇਤੀਬਾੜੀ ਵਿਸਥਾਰ ਅਫਸਰ ਡਾ. ਲਵਜੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਵੱਲੋਂ ਕਣਕ ਬੀਜ ਦੀ ਪ੍ਰਾਪਤੀ ਵਾਸਤੇ ਕਿਸਾਨ ਕਿਸੇ ਸਮੇਂ ਵੀ ਬੀਜ ਪ੍ਰਾਪਤ ਕਰਨ ਵਾਸਤੇ ਅਪਲਾਈ ਕਰ ਸਕਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਟਾਂਡਾ ਕੇਸਰ ਸਿੰਘ ਸੈਣੀ, ਡਾ. ਲਵਜੀਤ ਸਿੰਘ, ਡਾ. ਜਸਪਾਲ ਸਿੰਘ, ਵਿਜੇ ਕੁਮਾਰ, ਨੀਲਮ ਜੋਤੀ, ਖੇਤੀਬਾੜੀ ਵਿਸਤਾਰ ਅਫਸਰ ਟਾਂਡਾ, ਮੈਡਮ ਸੰਧਿਆ, ਰੇਨੂ ਬਾਲਾ, ਜਸਮੀਤ ਕੌਰ, ਪਰਵਿੰਦਰ ਕੌਰ, ਉਪ ਨਿਰੀਖਿਕ, ਸਰਪੰਚ ਦੀਦਾਰ ਸਿੰਘ, ਪਰਮਜੀਤ ਸਿੰਘ, ਕਸ਼ਮੀਰ ਸਿੰਘ, ਸਤਨਾਮ ਸਿੰਘ, ਜਸਪਾਲ ਸਿੰਘ,



ਵਿਧਾਇਕ ਜਸਵੀਰ ਸਿੰਘ ਰਾਜਾ ਕਿਸਾਨਾਂ ਨੂੰ ਕਣਕ ਦਾ ਬੀਜ ਮੁਫਤ ਪ੍ਰਦਾਨ ਕਰਦੇ ਹੋਏ।

ਬਲਕਾਰ ਸਿੰਘ, ਬਗੀਚਾ ਸਿੰਘ, ਗੁਰਮੀਤ ਸਿੰਘ, ਬਲਜਿੰਦਰ ਸਿੰਘ, ਇਰਸ਼ਾਦ ਅਲੀ, ਰਘਵੀਰ ਸਿੰਘ, ਮੁਹੰਮਦ ਅਲੀ, ਅਮਰਜੀਤ ਸਿੰਘ, ਗੁਰਦੇਵ ਸਿੰਘ, ਹਰਕਮਲ ਸਿੰਘ, ਜਗੀਰ ਸਿੰਘ ਨੱਥੂਪੁਰ, ਨਛੱਤਰ ਸਿੰਘ, ਇਰਸ਼ਾਦ ਅਲੀ, ਰਘਵੀਰ ਵੀ ਹਾਜ਼ਰ ਸਨ।

# ਭੁਚਾਲ ਨਾਲ ਫਿਰ ਦਹਿਲਿਆ ਅਫ਼ਗਾਨਿਸਤਾਨ-29 ਮੌਤਾਂ



ਅੰਮ੍ਰਿਤਸਰ : ਅਫ਼ਗਾਨਿਸਤਾਨ 'ਚ ਬੀਤੀ ਰਾਤ (ਅਫ਼ਗਾਨਿਸਤਾਨ ਦੇ ਸਥਾਨਕ ਸਮੇਂ ਮੁਤਾਬਿਕ) ਆਏ ਭੁਚਾਲ ਦੇ ਝਟਕਿਆਂ ਨਾਲ ਦੇਸ਼ ਇਕ ਵਾਰ ਫਿਰ ਤੋਂ ਦਹਿਲ ਗਿਆ। ਅਫ਼ਗਾਨਿਸਤਾਨ ਦੇ ਬਲਖ਼ ਪ੍ਰਾਂਤ ਦੀ ਰਾਜਧਾਨੀ ਮਜ਼ਾਰ-ਏ-ਸ਼ਰੀਫ਼ ਸ਼ਹਿਰ 'ਚ 6.3 ਤੀਬਰਤਾ ਦੇ ਆਏ ਭੁਚਾਲ ਨਾਲ ਘੱਟੋ-ਘੱਟ 29 ਲੋਕ ਮਾਰੇ ਗਏ ਹਨ ਤੇ 500 ਤੋਂ ਵੱਧ ਜ਼ਖਮੀ ਹੋਏ ਹਨ। ਤਾਲਿਬਾਨ ਸਰਕਾਰ ਦੇ ਸਿਹਤ ਮੰਤਰਾਲੇ ਦੇ ਬੁਲਾਰੇ ਸ਼ਰਾਫ਼ਤ ਜ਼ਮਾਨ ਅਮਰ ਨੇ ਉਕਤ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਬਲਖ਼ ਤੇ ਸਮਾਨਗਨ ਪ੍ਰਾਂਤਾਂ 'ਚ ਭੁਚਾਲ ਦੇ ਝਟਕਿਆਂ ਨਾਲ ਭਾਰੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਮੌਤਾਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਯੂ. ਐੱਸ. ਜੀਓਲੋਜੀਕਲ ਸਰਵੇ (ਯੂ.ਐਸ.ਜੀ.ਐਸ.) ਦੇ ਅਨੁਸਾਰ ਭੁਚਾਲ ਮਜ਼ਾਰ-ਏ-ਸ਼ਰੀਫ਼ ਦੇ ਨੇੜੇ 28 ਕਿੱਲੋਮੀਟਰ ਦੀ ਡੂੰਘਾਈ 'ਤੇ ਆਇਆ। ਉਕਤ ਅਦਾਰੇ ਨੇ ਭੁਚਾਲ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ। ਸਮਾਨਗਨ ਪ੍ਰਾਂਤ ਦੇ ਸਿਹਤ ਵਿਭਾਗ ਦੇ ਬੁਲਾਰੇ ਸਮੀਮ ਜੋਇੰਦਾ ਨੇ ਕਿਹਾ ਕਿ ਮੌਤਾਂ ਅਤੇ ਜ਼ਖਮੀਆਂ ਦੇ ਅੰਕੜੇ ਅੱਜ ਸਵੇਰ ਤੱਕ ਪ੍ਰਾਪਤ ਹੋਈਆਂ ਹਸਪਤਾਲ ਰਿਪੋਰਟਾਂ ਦੇ ਅਧਾਰ 'ਤੇ ਹਨ। ਬਹੁਤ ਸਾਰੇ ਲੋਕ ਮਲਬੇ ਹੇਠਾਂ ਦੱਬੇ ਹੋਏ ਹਨ। ਜਿਸ ਕਾਰਨ ਮੌਤਾਂ ਦੀ ਸਹੀ ਗਿਣਤੀ ਬਾਰੇ ਅਜੇ ਕੋਈ ਪੁਸ਼ਟੀ ਕਰਨਾ ਸੰਭਵ ਨਹੀਂ ਹੈ। ਯੂ.ਐੱਸ.ਜੀ.ਐੱਸ. ਨੇ ਆਪਣੇ ਪੇਜਰ ਸਿਸਟਮ ਰਾਹੀਂ ਇਕ ਚਿਤਾਵਨੀ ਜਾਰੀ ਕਰਕੇ ਕਿਹਾ ਹੈ ਕਿ ਭੁਚਾਲ ਨਾਲ ਵੱਡਾ ਜਾਨੀ ਨੁਕਸਾਨ ਸੰਭਵ ਹੈ ਤੇ ਆਫ਼ਤ ਵਿਆਪਕ ਹੋ ਸਕਦੀ ਹੈ। ਬਲਖ਼ ਸੂਬੇ ਦੇ ਬੁਲਾਰੇ ਹਾਜੀ ਜ਼ੈਦ ਨੇ ਕਿਹਾ ਕਿ ਭੁਚਾਲ 'ਚ ਮਜ਼ਾਰ-ਏ-ਸ਼ਰੀਫ਼ ਦੀ ਮਸ਼ਹੂਰ ਨੀਲੀ ਮਸਜਿਦ ਦਾ ਇਕ ਹਿੱਸਾ ਵੀ ਨੁਕਸਾਨਿਆ ਗਿਆ ਹੈ। ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਸਾਂਝੀਆਂ ਕੀਤੀਆਂ ਗਈਆਂ ਵੀਡੀਓਜ਼ 'ਚ ਬਚਾਅ ਕਰਮਚਾਰੀਆਂ ਨੂੰ ਮਲਬੇ ਹੇਠ ਫਸੇ ਲੋਕਾਂ ਨੂੰ ਬਚਾਉਂਦੇ ਵਿਖਾਇਆ ਗਿਆ ਹੈ ਤੇ ਹਸਪਤਾਲਾਂ 'ਚ ਜ਼ਖ਼ਮੀਆਂ ਅਤੇ ਉਨ੍ਹਾਂ ਦੇ ਵਾਰਸਾਂ ਦੀ ਭੀੜ ਲੱਗੀ ਹੋਈ ਹੈ। ਇਸ ਤੋਂ ਪਹਿਲਾਂ ਅਫ਼ਗਾਨਿਸਤਾਨ ਵਿਚ ਅਗਸਤ ਮਹੀਨੇ ਤੇ ਸਾਲ 2015 ਅਤੇ 2023 'ਚ ਆਏ ਭੁਚਾਲ ਦੇ ਝਟਕਿਆਂ ਨਾਲ ਵੀ ਅਫ਼ਗਾਨਿਸਤਾਨ 'ਚ ਹਜ਼ਾਰਾਂ ਲੋਕ ਮਾਰੇ ਗਏ ਸਨ। ਦਰਅਸਲ, ਅਫ਼ਗਾਨਿਸਤਾਨ ਇਕ ਬਹੁਤ ਜ਼ਿਆਦਾ ਭੁਚਾਲ-ਪ੍ਰਭਾਵਿਤ ਖੇਤਰ 'ਚ ਸਥਿਤ ਹੈ। ਇੱਥੇ ਜ਼ਿਆਦਾਤਰ ਹਿੱਸੇ 'ਚ ਮਿੱਟੀ ਦੇ ਕੱਚੇ ਘਰ ਹਨ।

# ਭਾਰਤ ਤੇ ਇਜ਼ਰਾਈਲ ਵਲੋਂ ਅਹਿਮ ਰੱਖਿਆ ਸਮਝੌਤੇ 'ਤੇ ਹਸਤਾਖ਼ਰ

## ਇਜ਼ਰਾਈਲ ਦੇ ਵਿਦੇਸ਼ ਮੰਤਰੀ ਵਲੋਂ ਐਸ. ਜੈਸ਼ੰਕਰ ਨਾਲ ਮੁਲਾਕਾਤ

ਨਵੀਂ ਦਿੱਲੀ : ਭਾਰਤ ਤੇ ਇਜ਼ਰਾਈਲ ਵਲੋਂ ਅਹਿਮ ਰੱਖਿਆ ਸਮਝੌਤੇ 'ਤੇ ਹਸਤਾਖ਼ਰ ਕੀਤੇ ਗਏ ਹਨ, ਜੋ ਉੱਨਤ ਤਕਨਾਲੋਜੀਆਂ ਨੂੰ ਸਾਂਝਾ ਕਰਨ ਦੀ ਸਹੂਲਤ ਦੇਵੇਗਾ ਤੇ ਮੁੱਖ ਹਥਿਆਰ ਪ੍ਰਣਾਲੀਆਂ ਤੇ ਫ਼ੌਜੀ ਸਾਜ਼ੋ-ਸਾਮਾਨ ਦੇ ਸਹਿ-ਵਿਕਾਸ ਤੇ ਸਹਿ-ਉਤਪਾਦਨ ਨੂੰ ਉਤਸ਼ਾਹਿਤ ਕਰੇਗਾ, ਜੋ ਕਿ ਉਨ੍ਹਾਂ ਦੇ ਪਹਿਲਾਂ ਤੋਂ ਹੀ ਮਜ਼ਬੂਤ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਵੱਡਾ ਕਦਮ ਹੈ। ਰੱਖਿਆ ਸਹਿਯੋਗ 'ਤੇ ਭਾਰਤ-ਇਜ਼ਰਾਈਲ ਸਾਂਝੇ ਕਾਰਜ ਸਮੂਹ (ਜੇ.ਡਬਲਿਊ.ਜੀ.) ਦੀ ਮੀਟਿੰਗ ਤੋਂ ਬਾਅਦ ਤਲ ਅਵੀਵ 'ਚ ਸਮਝੌਤਾ ਪੱਤਰ 'ਤੇ ਹਸਤਾਖ਼ਰ ਕੀਤੇ ਗਏ। ਇਸ ਸਬੰਧੀ ਰੱਖਿਆ ਮੰਤਰਾਲੇ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਪਹਿਲਾਂ ਤੋਂ ਹੀ ਮਜ਼ਬੂਤ ਰੱਖਿਆ ਸਹਿਯੋਗ ਨੂੰ ਡੂੰਘਾ ਕਰਨ ਲਈ ਇਕ ਏਕੀਕ੍ਰਿਤ ਦ੍ਰਿਸ਼ਟੀਕੋਣ ਤੇ ਨੀਤੀ ਦਿਸ਼ਾ ਪ੍ਰਦਾਨ ਕਰਨ ਲਈ ਰੱਖਿਆ ਸਹਿਯੋਗ 'ਤੇ ਸਹਿਮਤੀ ਪੱਤਰ 'ਤੇ ਹਸਤਾਖ਼ਰ ਕੀਤੇ ਗਏ। ਭਾਰਤ-ਇਜ਼ਰਾਈਲ ਰੱਖਿਆ ਸਾਂਝੇਦਾਰੀ ਲੰਬੇ ਸਮੇਂ ਤੋਂ ਡੂੰਘੇ ਆਪਸੀ ਵਿਸ਼ਵਾਸ ਤੇ ਸਾਂਝੇ ਸੁਰੱਖਿਆ ਹਿੱਤਾਂ 'ਤੇ ਆਧਾਰਿਤ ਹੈ। ਮੰਤਰਾਲੇ ਨੇ ਕਿਹਾ ਕਿ ਸਮਝੌਤੇ 'ਚ ਸਹਿਯੋਗ ਲਈ ਕਈ ਖੇਤਰਾਂ ਦੀ ਪਛਾਣ ਕੀਤੀ ਗਈ ਹੈ, ਜੋ ਦੋਵਾਂ ਦੇਸ਼ਾਂ ਨੂੰ ਲਾਭ ਪਹੁੰਚਾਏਗਾ।



ਮੰਤਰਾਲੇ ਨੇ ਬਿਆਨ 'ਚ ਕਿਹਾ ਕਿ ਮਹੱਤਵਪੂਰਨ ਖੇਤਰਾਂ 'ਚ ਆਪਸੀ ਹਿੱਤਾਂ ਦੇ ਰਣਨੀਤਕ ਸੰਵਾਦ, ਸਿਖਲਾਈ, ਰੱਖਿਆ ਉਦਯੋਗਿਕ ਸਹਿਯੋਗ ਤੇ ਵਿਗਿਆਨ ਤੇ ਤਕਨਾਲੋਜੀ, ਖੋਜ ਤੇ ਵਿਕਾਸ ਤੇ ਤਕਨੀਕੀ ਨਵੀਨਤਾ, ਆਰਟੀਫਿਸ਼ੀਅਲ ਇੰਟੈਲੀਜੈਂਸ ਤੇ ਸਾਈਬਰ ਸੁਰੱਖਿਆ ਸਹਿਯੋਗ ਸਮੇਤ ਸਮਰੱਥਾਵਾਂ ਸ਼ਾਮਿਲ ਹਨ। ਇਹ ਸਮਝੌਤਾ ਉੱਨਤ ਤਕਨਾਲੋਜੀ ਨੂੰ ਸਾਂਝਾ ਕਰਨ ਦੇ ਯੋਗ ਬਣਾਏਗਾ ਤੇ ਸਹਿ-ਵਿਕਾਸ ਤੇ ਸਹਿ-ਉਤਪਾਦਨ ਨੂੰ ਉਤਸ਼ਾਹਿਤ ਕਰੇਗਾ।

# 1984 'ਚ ਕਾਂਗਰਸ ਪਾਰਟੀ ਦੇ ਲੋਕਾਂ ਨੇ ਦਿੱਲੀ 'ਚ ਸਿੱਖਾਂ ਦਾ ਕੀਤਾ ਸੀ ਕਤਲੇਆਮ : ਨਰਿੰਦਰ ਮੋਦੀ

## ਕਾਂਗਰਸ ਪਾਰਟੀ ਸਿੱਖ ਨਸਲਕੁਸ਼ੀ ਦੇ ਆਰੋਪੀਆਂ ਨੂੰ ਦੇ ਰਹੀ ਹੈ ਨਵੇਂ-ਨਵੇਂ ਅਹੁਦੇ

ਪਟਨਾ : ਬਿਹਾਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਲਈ ਚੋਣ ਪ੍ਰਚਾਰ ਸਿਖਰਾਂ 'ਤੇ ਹੈ ਅਤੇ ਸਾਰੀਆਂ ਰਾਜਨੀਤਿਕ ਪਾਰਟੀਆਂ ਵੱਲੋਂ ਆਪਣੇ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਜ਼ੋਰ-ਸ਼ੋਰ ਨਾਲ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਪਹਿਲੇ ਗੇੜ ਦੀਆਂ ਚੋਣਾਂ ਲਈ ਆਉਂਦੀ 6 ਨਵੰਬਰ ਨੂੰ ਵੋਟਾਂ ਪਾਈਆਂ ਜਾਣਗੀਆਂ, ਜਿਸ ਦੇ ਲਈ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੀ ਪੂਰੀ ਤਾਕਤ ਲਗਾ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀ ਅੱਜ ਬਿਹਾਰ ਦਾ ਦੌਰਾ ਕੀਤਾ ਅਤੇ ਉਨ੍ਹਾਂ ਵੱਲੋਂ ਲੋਕਾਂ ਨੂੰ ਐਨਡੀਏ ਉਮੀਦਵਾਰਾਂ ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ ਗਈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜੇਕਰ ਰਾਸ਼ਟਰੀ ਜਨਤਾ ਦਲ ਬਿਹਾਰ 'ਚ 'ਜੰਗਲ ਰਾਜ' ਦੀ ਰਾਜਨੀਤੀ ਲੈ ਕੇ ਆਈ ਤਾਂ ਕਾਂਗਰਸ ਪਾਰਟੀ ਦੀ ਪਹਿਚਾਣ ਸਿੱਖਾਂ ਦੇ ਕਤਲੇਆਮ ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ ਇਹ 1 ਅਤੇ 2 ਨਵੰਬਰ 1984 ਦੀ ਗੱਲ ਹੈ ਅਤੇ ਅੱਜ ਵੀ 2 ਨਵੰਬਰ ਹੀ ਹੈ। ਕਾਂਗਰਸ ਪਾਰਟੀ ਦੇ ਲੋਕਾਂ ਨੇ 1 ਅਤੇ 2 ਨਵੰਬਰ 1984 ਨੂੰ ਦਿੱਲੀ ਅਤੇ ਦੇਸ਼ ਦੇ ਕਈ ਹੋਰ ਹਿੱਸਿਆਂ 'ਚ ਸਿੱਖਾਂ ਦਾ ਕਤਲੇਆਮ ਕੀਤਾ ਸੀ। ਅੱਜ ਵੀ ਕਾਂਗਰਸ ਪਾਰਟੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਆਪਣੀ ਪਾਰਟੀ 'ਚ ਸਨਮਾਨ ਦੇ ਨਾਲ ਨਵੇਂ ਅਹੁਦੇ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਚਾਹੇ ਕਾਂਗਰਸ ਪਾਰਟੀ ਹੋਵੇ ਜਾਂ ਆਰ.ਜੇ.ਡੀ. ਉਨ੍ਹਾਂ ਨੂੰ ਆਪਣੇ ਪਾਪਾਂ ਦਾ ਕੋਈ ਪਛਤਾਵਾ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਗੇ ਕਿਹਾ ਕਿ ਆਰ.ਜੇ.ਡੀ. ਨੇ ਕਾਂਗਰਸ ਪਾਰਟੀ ਦੀ ਪੁਰਪੜੀ 'ਤੇ 'ਕੱਟਾ' ਰੱਖ ਕੇ ਮੁੱਖ ਮੰਤਰੀ ਚਿਹਰੇ ਦਾ ਐਲਾਨ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਦੇ ਨਹੀਂ ਚਾਹੁੰਦੀ ਸੀ ਕਿ ਆਰ.ਜੇ.ਡੀ. ਦੇ ਕਿਸੇ ਉਮੀਦਵਾਰ ਨੂੰ ਮੁੱਖ ਮੰਤਰੀ ਚਿਹਰਾ ਐਲਾਨਿਆ ਜਾਵੇਗਾ। ਪਰ ਆਰ.ਜੇ.ਡੀ. ਨੇ ਕਾਂਗਰਸ ਪਾਰਟੀ 'ਤੇ ਬੰਦੂਕ ਤਾਣ ਕੇ ਮੁੱਖ ਮੰਤਰੀ ਚਿਹਰੇ ਦਾ ਅਹੁਦਾ ਖੋ ਲਿਆ ਹੈ ਅਤੇ ਇਹ ਪੱਕਾ ਕਰ ਲਿਆ ਹੈ ਕਿ ਉਨ੍ਹਾਂ ਦਾ ਉਮੀਦਵਾਰ ਹੀ ਮੁੱਖ ਮੰਤਰੀ ਦਾ ਚਿਹਰਾ ਹੋਵੇਗਾ। ਆਰ.ਜੇ.ਡੀ. ਅਤੇ ਕਾਂਗਰਸ ਦਰਮਿਆਨ ਬਹੁਤ ਵੱਡਾ ਝਗੜਾ ਹੈ ਅਤੇ ਮੈਨੀਫੈਸਟੋ 'ਚ ਕਾਂਗਰਸ ਦੀਆਂ ਮੰਗਾਂ 'ਤੇ ਧਿਆਨ ਨਹੀਂ ਦਿੱਤਾ ਗਿਆ। ਚੋਣਾਂ ਤੋਂ ਪਹਿਲਾਂ ਹੀ ਇਨ੍ਹਾਂ ਦਰਮਿਆਨ ਇੰਨੀ ਜ਼ਿਆਦਾ ਨਫ਼ਰਤ ਹੈ ਅਤੇ ਚੋਣ ਤੋਂ ਬਾਅਦ ਇਹ ਇਕ-ਦੂਜੇ ਦੇ ਦੁਸ਼ਮਣ ਬਣ ਜਾਣਗੇ ਅਤੇ ਇਨ੍ਹਾਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

# ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਰਚਿਆ ਇਤਿਹਾਸ, ਜਿੱਤਿਆ ਮਹਿਲਾ ਵਨਡੇ ਵਿਸ਼ਵ ਕੱਪ

## ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ, ਸ਼ੈਫਾਲੀ ਵਰਮਾ ਨੇ ਲਈਆਂ ਦੋ ਟਿਕਟਾਂ, ਬਣੇ 'ਪਲੇਅਰ ਆਫ਼ ਦ ਫਾਈਨਲ'

47 ਸਾਲਾਂ ਦੇ ਇੰਤਜ਼ਾਰ ਤੋਂ ਬਾਅਦ, ਭਾਰਤੀ ਮਹਿਲਾ ਟੀਮ ਨੇ ਆਖਰਕਾਰ ਇਤਿਹਾਸ ਰਚ ਦਿੱਤਾ। ਭਾਰਤੀ ਮਹਿਲਾ ਟੀਮ ਨੇ ਐਤਵਾਰ ਨੂੰ ਫ਼ਾਈਨਲ ਵਿੱਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਆਪਣਾ ਪਹਿਲਾ ਇੱਕ ਰੋਜ਼ਾ ਵਿਸ਼ਵ ਕੱਪ ਖਿਤਾਬ ਜਿੱਤਿਆ।




21 ਸਾਲਾ ਸ਼ੈਫਾਲੀ ਵਰਮਾ, ਜਿਸ ਨੇ 87 ਦੌੜਾਂ ਬਣਾਈਆਂ ਅਤੇ ਦੋ ਮਹੱਤਵਪੂਰਨ ਵਿਕਟਾਂ ਲਈਆਂ, ਨੂੰ ਪਲੇਅਰ ਆਫ਼ ਦ ਫਾਈਨਲ ਐਲਾਨਿਆ ਗਿਆ।

ਦੱਖਣੀ ਅਫਰੀਕਾ ਨੇ ਡੀਵਾਈ ਪਾਟਿਲ ਸਟੇਡੀਅਮ ਵਿੱਚ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਭਾਰਤ ਨੇ 7 ਵਿਕਟਾਂ 'ਤੇ 298 ਦੌੜਾਂ ਬਣਾਈਆਂ। ਸ਼ੈਫਾਲੀ ਨੇ 87, ਦੀਪਤੀ ਸ਼ਰਮਾ ਨੇ 58, ਸਮ੍ਰਿਤੀ ਮੰਧਾਨਾ ਨੇ 45 ਅਤੇ ਰਿਚਾ ਘੋਸ਼ ਨੇ 34 ਦੌੜਾਂ ਬਣਾਈਆਂ। ਦੱਖਣੀ ਅਫਰੀਕਾ ਲਈ ਅਯਾਬੋਂਗਾ ਖਾਕਾ ਨੇ ਤਿੰਨ ਵਿਕਟਾਂ ਲਈਆਂ। ਵੱਡੇ ਟੀਚੇ ਦਾ ਸਾਹਮਣਾ ਕਰਦਿਆਂ, ਦੱਖਣੀ ਅਫ਼ਰੀਕਾ 246 ਦੌੜਾਂ 'ਤੇ ਆਲ ਆਊਟ ਹੋ ਗਿਆ। ਕਪਤਾਨ ਲੌਰਾ ਵੋਲਵਾਰਡਟ ਨੇ ਆਪਣਾ ਲਗਾਤਾਰ ਦੂਜਾ ਸੈਂਕੜਾ ਲਗਾਇਆ ਪਰ ਆਪਣੀ ਟੀਮ ਨੂੰ ਜਿੱਤ ਵੱਲ ਲੈ ਜਾਣ ਤੋਂ ਪਹਿਲਾਂ ਹੀ ਉਹ ਆਊਟ ਹੋ ਗਈ। ਭਾਰਤ ਦੀ ਪਾਰਟ-ਟਾਈਮ ਆਫ-ਸਪਿਨਰ, ਸ਼ੈਫਾਲੀ ਵਰਮਾ ਨੇ ਦੋ ਵਿਕਟਾਂ ਲੈ ਕੇ ਮੈਚ ਦਾ ਪਾਸਾ ਪਲਟ ਦਿੱਤਾ। ਇਸ ਦੌਰਾਨ, ਦੀਪਤੀ ਸ਼ਰਮਾ ਨੇ ਪੰਜ ਵਿਕਟਾਂ ਲੈ ਕੇ ਟੀਮ ਨੂੰ ਜਿੱਤ ਦਿਵਾਈ ਅਤੇ ਉਸ ਨੂੰ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ।


# NAME OF CHANGE

I, Vikas S/o Ramesh Puri, H.No. 262 Mohalla Bagh Wala PO and PS Shahkot, Jalandhar Pin : 144702, Punjab, India, Now R/o 5124, Canada Hills Rd Antioch CA 94531, USA have changed my name of Vikas Puri.

# ਧਰਮ ਹੇਤ ਸਾਕਾ ਜਿਨ ਕੀਆ ਧਰਮ ਦੀ ਰਾਖੀ ਲਈ ਅਦੁੱਤੀ ਸ਼ਹਾਦਤ

## (ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)



ਗੁਰੂ ਤੇਗ ਬਹਾਦੁਰ ਜੀ ਅਤੇ ਗੁਰੂ ਗੋਬੰਦ ਸਿੰਘ ਜੀ ਚਰਨ ਕਮਲ ਦੇ ਪਉਏ।

ਪਿਤਾ ਪੂਤ ਏਕੈ ਰੰਗਿ ਲੀਨੇ।।(ਮ:੫) ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਹਾਰਾਜ ਦੀ ਸ਼ਹਾਦਤ ਮਨੁੱਖਤਾ ਦੇ ਇਤਿਹਾਸ ਵਿਚ ਵਚਿਤ੍ਰ, ਵਿਲੱਖਣ ਅਤੇ ਅਦੁਤੀ ਘਟਨਾ ਹੈ। ਸਤਿਗੁਰੂ ਜੀ ਦੀ ਸ਼ਹਾਦਤ ਦੀ ਗਵਾਹੀ ਅਤੇ ਕਾਰਣ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਦ ਆਪਣੀ ਲੋਹ ਕਲਮ ਨਾਲ ਅੰਕਤ ਕੀਤੇ ਹਨ,

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**<br>
**ਕੀਨੋ ਬਡੋ ਕਲੂ ਮਹਿ ਸਾਕਾ॥**<br>
**ਸਾਧਨ ਹੇਤਿ ਇਤੀ ਜਿਨਿ ਕਰੀ॥**<br>
**ਸੀਸੁ ਦੀਯਾ ਪਰੁ ਸੀ ਨ ਉਚਰੀ॥੧੩॥**<br>
**ਧਰਮ ਹੇਤ ਸਾਕਾ ਜਿਨਿ ਕੀਆ॥**<br>
**ਸੀਸੁ ਦੀਆ ਪਰੁ ਸਿਰਰੁ ਨ ਦੀਆ॥**

ਧਰਮ ਦੀ ਰਾਖੀ, ਧਰਮ ਦੀ ਪਾਲਣਾ ਦਾ ਸਿਖਰ ਸੀ ਕਿ ਦੂਸਰਿਆਂ ਦੇ ਧਾਰਮਿਕ ਅਕੀਦੇ ਅਤੇ ਚਿਨ੍ਹਾਂ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਵਾਰ ਦਿੱਤਾ। ਇਹ ਸ਼ਹਾਦਤ ਧਰਮ ਦੀ ਆਜ਼ਾਦੀ ਲਈ ਸੀ।

ਸਾਹਿਬ ਸ੍ਰੀ ਗੁਰੂ ਨਾਨਕ ਦੇ ਜੀ ਮਹਾਰਾਜ ਦਾ ਆਗਮਨ ਹੀ ਧਰਮ ਚਲਾਉਣ ਅਤੇ ਧਰਮ ਦੀ ਰਖਿਆ ਖਾਤਿਰ ਹੋਇਆ। ਕਲਗੀਧਰ ਪਿਤਾ ਬਚਨ ਕਰਦੇ ਹਨ,

**ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ॥**<br>
**ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ ॥੪॥**<br>
**ਤਿਨ ਇਹ ਕਲ ਮੋ ਧਰਮ ਚਲਾਯੋ॥**<br>
**ਸਭ ਸਾਧਨ ਕੋ ਰਾਹੁ ਬਤਾਯੋ॥**<br>
**ਜੋ ਤਾ ਕੇ ਮਾਰਗ ਮਹਿ ਆਏ॥**<br>
**ਤੇ ਕਬਹੂੰ ਨਹਿ ਪਾਪ ਸੰਤਾਏ॥੫॥**

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅੱਗੇ ਜ਼ਿਕਰ ਕਰਦੇ ਹਨ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਿਆਈ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਜਿਨ੍ਹਾਂ ਨੇ ਧਰਮ ਦਾ ਵਾਧਾ (ਪ੍ਰਚੁਰਿ) ਕੀਤਾ,

**ਨਾਨਕ ਅੰਗਦ ਕੋ ਬਪੁ ਧਰਾ॥**<br>
**ਧਰਮ ਪ੍ਰਚੁਰਿ ਇਹ ਜਗ ਮੋ ਕਰਾ॥**

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਮਕਸਦ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਅਰੰਭੇ ਇਸ ਨਿਰਮਲ ਪੰਥ ਦਾ ਨੂੰ ਚਲਾਣਾ, ਧਰਮ ਦੀ ਰਾਖੀ ਕਰਨਾ ਅਤੇ ਧਰਮ ਵਿਰੋਧੀਆਂ ਨਾ ਨਾਸ਼ ਕਰਨਾ ਸੀ। ਸਤਿਗੁਰੂ ਜੀ ਦੇ ਆਪਣੇ ਬਚਨ ਹਨ,

**ਹਮ ਇਹ ਕਾਜ ਜਗਤ ਮੋ ਆਏ॥**<br>
**ਧਰਮ ਹੇਤ ਗੁਰਦੇਵਿ ਪਠਾਏ॥**<br>
**ਜਹਾ ਤਹਾ ਤੁਮ ਧਰਮ ਬਿਥਾਰੋ॥**<br>
**ਦੁਸਟ ਦੋਖਯਨਿ ਪਕਰਿ ਪਛਾਰੋ॥੪੨॥**<br>
**ਯਾਹੀ ਕਾਜ ਧਰਾ ਹਮ ਜਨਮੰ॥**<br>
**ਸਮਝ ਲੇਹੁ ਸਾਧੂ ਸਭ ਮਨਮੰ॥**<br>
**ਧਰਮ ਚਲਾਵਨ ਸੰਤ ਉਬਾਰਨ॥**<br>
**ਦੁਸਟ ਸਭਨ ਕੋ ਮੂਲ ਉਪਾਰਿਨ॥੪੩॥**

ਸੋ ਇਹ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਰਮ ਹੇਤ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਕੀਤੇ ਧਰਮ ਦੀ ਰਾਖੀ ਲਈ ਹੋਈ, ਧਰਮ ਭਾਵੇ ਕਿਸੇ ਦਾ ਵੀ ਹੋਵੇ।



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਤਿਲਕ ਅਤੇ ਜੰਞੂ ਦੀ ਖ਼ਾਤਰ ਇਹ ਸ਼ਹਾਦਤ ੧੬੭੫ ਵਿਚ ਹੋਈ। ਇਸ ਘਟਨਾ ਤੋਂ ੨੭੩ ਸਾਲ ਬਾਅਦ ੧੦ ਦਸੰਬਰ, ੧੯੪੮ ਨੂੰ ਯੁਨਾਇਟਡ ਨੇਸ਼ਨਸ ਨੇ ਯੂਨੀਵਰਸਲ ਡਿਕਲੇਰੇਸ਼ਨ ਅਪਣਾਇਆ। ਇਸ ਐਲਾਨਨਾਮੇ ਤੇ ੪੮ ਮੁਲਕਾਂ ਨੇ ਦਸਖਤ ਕੀਤੇ। ਭਾਰਤ ਵੀ ਇਸ ਵਿਚ ਸ਼ਾਮਲ ਸੀ। ਇਸ ਡਿਕਲੇਰੇਸ਼ਨ ਦੀ ਦੀਆਂ ਤੀਹ ਮੱਦਾਂ ਸਨ ਪਰ ਇਸਦੀ ਆਰਟੀਕਲ (ਮੱਦ) ੧੮ ਬਹੁਤ ਹੀ ਮਹੱਤਵ ਪੂਰਨ ਹੈ।

"Everyone has the right to freedom of thought, conscience and religion; this right includes freedom to change his religion or belief, and freedom, either alone or in community with others and in public or private, to manifest his religion or belief in teaching, practice, worship and observance."

ਹਰੇਕ ਵਿਅਕਤੀ ਨੂੰ ਵਿਚਾਰ, ਅੰਤਰ-ਆਤਮਾ ਅਤੇ ਧਰਮ ਦੀ ਆਜ਼ਾਦੀ ਦਾ ਹੱਕ ਹੈ; ਇਸ ਹੱਕ ਵਿੱਚ ਆਪਣਾ ਧਰਮ ਜਾਂ ਵਿਸ਼ਵਾਸ ਬਦਲਣ ਦੀ ਆਜ਼ਾਦੀ ਅਤੇ ਇਕੱਲੇ ਜਾਂ ਸਮੂਹ ਵਿੱਚ, ਲੋਕਾਂ ਸਾਹਮਣੇ ਜਾਂ ਗੁਪਤ ਰੂਪ ਵਿੱਚ, ਸਿੱਖਿਆ, ਅਮਲ, ਇਬਾਦਤ ਅਤੇ ਰਸਮਾਂ ਰਾਹੀਂ ਆਪਣੇ ਧਰਮ ਜਾਂ ਵਿਸ਼ਵਾਸ ਨੂੰ ਪ੍ਰਗਟ ਕਰਨ ਦੀ ਆਜ਼ਾਦੀ ਸ਼ਾਮਲ ਹੈ।

ਜਾਪਦਾ ਹੈ ਕਿ ਸੰਯੁਕਤ ਰਾਸ਼ਟਰ ਦਾ ਇਹ ਐਲਾਨ ਨਾਮਾ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਅਸੂਲਾਂ ਨੂੰ ਧਿਆਨ ਵਿਚ ਰੱਖ ਕੇ ਹੀ ਲਿਖਿਆ ਗਿਆ ਹੈ।

ਸਿੱਖ ਲਈ ਧਰਮ ਹੀ ਬੁਨਿਆਦ ਹੈ। ਰੋਜ਼ਾਨਾ ਅਰਦਾਸ ਵਿਚ ਵੀ ਇਹੀ ਦੁਹਰਾਇਆ ਜਾਂਦਾ ਹੈ, ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ..............ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ।

ਇੰਞ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਦੋ ਮੱਦਾਂ ਗੁਰੂ ਤੇਗ ਬਹਾਦੁਰ ਜੀ ਦੀ ਮਹਾਨ ਸ਼ਹਾਦਤ ਦੇ ਫਲਸਫੇ ਨੂੰ ਅਧਾਰ ਬਣਾ ਕੇ ਹੀ ਲਿਖੀਆਂ ਗਈਆਂ ਹਨ।

ਭਾਰਤ ਦੇ ਸੰਵਿਧਾਨ ਵਿਚ ਵੀ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਅਧਿਕਾਰਾਂ ਲਈ ਵੱਖਰੀਆਂ ਮੱਦਾ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਮਨੁੱਖੀ ਅਧਿਕਾਰ ਅਤੇ ਧਾਰਮਿਕ ਘਟ ਗਿਣਤੀ ਕਮਿਸ਼ਨ ਮੁਕੱਰਰ ਕੀਤੇ ਗਏ ਹਨ। ਇਸ ਤਰ੍ਹਾਂ ਮਨੁੱਖੀ ਅਧਿਕਾਰ ਅਤੇ ਧਾਰਮਿਕ ਅਧਿਕਾਰ ਵੱਖਰੇ ਵੱਖਰੇ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਰਮ ਦੀ ਰਾਖੀ ਲਈ ਹੋਈ ਹੈ। ਪਰ ਕੁਝ ਚਿਰ ਤੋਂ ਪੰਥਕ ਅਤੇ ਧਾਰਮਿਕ ਸ਼ਬਦਾਵਲੀ ਦੀ ਥਾਵੇਂ ਧਰਮ ਨਿਰਪੱਖਤਾ ਦੇ ਲਫ਼ਜ਼ ਵਰਤਣ ਦੀ ਰੁਚੀ ਪ੍ਰਗਟ ਹੋ ਰਹੀ ਹੈ। ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਹੀ ਸਪਸ਼ਟ ਕਰ ਦਿੱਤਾ ਹੈ ਕਿ ਗੁਰੂ ਤੇਗ ਬਹਾਦੁਰ ਜੀ ਨੇ ਹਿੰਦੂਆਂ ਦੇ ਤਿਲਕ ਅਤੇ ਜੰਞੂ ਨੂੰ ਬਚਾਉਣ ਦੀ ਖ਼ਾਤਿਰ ਆਪਣਾ ਸੀਸ ਕੁਰਬਾਨ ਕਰ ਦਿੱਤਾ ਅਤੇ ਇਹ ਅਦੁੱਤੀ ਸ਼ਹਾਦਤ 'ਧਰਮ ਹੇਤ' ਹੋਈ ਤਾਂ ਫ਼ਿਰ ਇਹਨਾਂ ਸਪਸ਼ਟ ਕਾਰਨਾਂ ਅਤੇ ਸ਼ਬਦਾਵਲੀ ਨੂੰ ਅੱਖੋਂ ਪਰੋਖੇ ਕਰਕੇ ਹਿਯੁਮਨ ਰਾਈਟਸ ਜਾਂ ਮਨੁੱਖੀ ਅਧਿਕਾਰਾਂ ਬਾਰੇ ਹੋਈ ਕਹਿਣਾ ਅਣਜਾਣੇ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਦੇ ਮਕਸਦ ਨੂੰ ਪੇਤਲਾ ਕਰਨਾ ਹੈ।

ਧਰਮ ਦੀ ਖਾਤਿਰ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਸੰਸਾਰ ਨੂੰ ਇਹ ਪ੍ਰੇਰਨਾ ਦਿੰਦੀ ਹੈ ਕਿ ਹਰ ਕਿਸੇ ਨੂੰ ਜੇ ਦੂਜੇ ਦੇ ਧਰਮ ਦੀ ਰਾਖੀ ਨਹੀਂ ਕਰ ਸਕਦਾ, ਉਸਦੇ ਧਰਮ ਦਾ ਸਤਿਕਾਰ ਤਾਂ ਕਰੇ। ਜੇ ਇਹ ਵੀ ਨਹੀਂ ਤਾਂ ਉਸਦਾ ਨਿਰਾਦਰ ਨਾ ਕਰੇ। ਪਰ ਘਟੋ ਘਟ ਆਪਣੇ ਧਰਮ, ਅਕੀਦੇ ਅਤੇ ਧਾਰਮਿਕ ਚਿਨ੍ਹਾਂ ਦਾ ਸਤਿਕਾਰ ਕਰੇ ਅਤੇ ਅਡਿੱਗ ਰਹੇ।

ਇਸਦੇ ਨਾਲ ਹੀ ਇਕ ਹੋਰ ਬਹੁਤ ਹੀ ਮਹੱਤਵ ਪੂਰਨ ਮੁੱਦਾ ਹੈ ਗੁਰੂ ਤੇਗ ਬਹਾਦੁਰ ਜੀ ਦੀਆਂ ਤਸਵੀਰਾਂ ਬਿਨਾਂ ਪ੍ਰਕਾਸ਼ ਚੱਕਰ ਦੇ ਪ੍ਰਚਲਤ ਕਰਨਾ ਦਾ। ਗੁਰੂ ਸਾਹਿਬ ਜੀ ਅਤੇ ਆਮ ਇਨਸਾਨ ਵਿਚ ਫਰਕ ਦਰਸਾਉਂਦਾ ਸੀਸ ਦੇ ਪਿੱਛੇ ਪ੍ਰਕਾਸ਼ ਚੱਕਰ ਦੇਣਾ ਲਾਜ਼ਮੀ ਹੁੰਦਾ ਹੈ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਵੱਡੀ ਗਿਣਤੀ ਵਿਚ ਹੋਰਡਿੰਗ ਲਗਾਏ ਗਏ ਹਨ। ਇਹਨਾਂ ਵਿਚ ਬਿਹਾਰ ਸਰਕਾਰ ਅਤੇ ਹਰਿਯਾਣਾ ਸਰਕਾਰ ਵਲੋਂ ਲਗਾਏ ਗਏ ਹੋਰਡਿੰਗ ਵਿਚ ਗੁਰੂ ਸਾਹਿਬ ਜੀ ਦੀ ਸੀਸ ਦੇ ਪਿੱਛੇ ਪ੍ਰਕਾਸ਼ ਚੱਕਰ (halo) ਦਿੱਤਾ ਗਿਆ ਹੈ ਪਰ ਪੰਜਾਬ ਸਰਕਾਰ ਵਲੋਂ ਲਗਾਏ ਗਏ ਹੋਰਡਿੰਗ ਵਿਚ ਇਹ ਪ੍ਰਕਾਸ਼ ਚੱਕਰ ਨਹੀਂ ਹੈ। ਇਹ ਬਹੁਤ ਵੱਡੀ ਅਵੱਗਿਆ ਹੈ ਅਤੇ ਦਰੁਸਤਗੀ ਦੀ ਮੰਗ ਕਰਦੀ ਹੈ।

ਵੈਸੇ ਵੀ ਸਿੱਖ ਰਹਿਤ ਮਰਯਾਦਾ ਦੀ ਮੱਦ (੪) (ਗੁਰਦੁਆਰੇ) (ਕ) ਵਿਚ ਸਪਸ਼ਟ ਅੰਕਤ ਹੈ ....ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਉਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅੱਗੇ ਮੱਥੇ ਚੇਕਣੇ, ਇਹੋ ਜਿਹੇ ਕਰਮ ਮਨਮੱਤ ਹਨ। ਇਸ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣ ਦੀ ਆਗਿਆ ਹੈ ਅਤੇ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਵੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸੁਸ਼ੋਭਿਤ ਹਨ।

ਇਸ ਲਈ ਗੁਰੂ ਤੇਗ ਬਹਾਦੁਰ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਿਨਾਂ ਪ੍ਰਕਾਸ਼ ਚੱਕਰ ਦੇ ਅਵੱਗਿਆ ਹੈ।

# ਅਮਰੀਕਾ 'ਚ ਹਜ਼ਾਰਾਂ ਟਰੱਕ ਡਰਾਈਵਰਾਂ ਦੀ ਗਈ ਨੌਕਰੀ, ਡੇਢ ਲੱਖ ਭਾਰਤੀਆਂ ਉਤੇ ਲਟਕੀ ਤਲਵਾਰ

ਕਦੇ ਭਾਰਤੀਆਂ ਲਈ ਸੁਪਨਿਆਂ ਦਾ ਦੇਸ਼ ਮੰਨਿਆ ਜਾਂਦਾ ਅਮਰੀਕਾ, ਹੁਣ ਇੱਕ ਭਿਆਨਕ ਸੁਪਨਾ ਬਣਦਾ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ 7,000 ਤੋਂ ਵੱਧ ਟਰੱਕ ਡਰਾਈਵਰਾਂ ਦੀਆਂ ਨੌਕਰੀਆਂ ਖਤਮ ਹੋ ਗਈਆਂ ਹਨ। ਭਾਰਤੀ ਮੂਲ ਦੇ ਟਰੱਕ ਡਰਾਈਵਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ, ਕਿਉਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਅਜਿਹਾ ਕਦਮ ਚੁੱਕਿਆ ਹੈ ਜੋ ਸਿੱਧੇ ਤੌਰ 'ਤੇ ਭਾਰਤੀ ਆਬਾਦੀ ਨੂੰ ਪ੍ਰਭਾਵਿਤ ਕਰਦਾ ਹੈ। ਪਹਿਲਾਂ, ਟਰੰਪ ਨੇ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਕੇ ਅਤੇ ਇੱਕ ਨਵਾਂ ਭਰਤੀ ਐਕਟ ਲਾਗੂ ਕਰਕੇ ਭਾਰਤੀਆਂ ਲਈ ਅਮਰੀਕਾ ਵਿੱਚ ਨੌਕਰੀਆਂ ਮਿਲਣਾ ਮੁਸ਼ਕਲ ਬਣਾ ਦਿੱਤਾ ਹੈ।

ਅਮਰੀਕੀ ਆਵਾਜਾਈ ਸਕੱਤਰ ਸੀਨ ਡਫੀ ਨੇ ਕਿਹਾ ਹੈ ਕਿ ਅਕਤੂਬਰ ਤੋਂ 7,248 ਵਪਾਰਕ ਟਰੱਕ ਡਰਾਈਵਰਾਂ ਨੂੰ 'ਆਊਟ ਆਫ ਸਰਵਿਸ' ਕਰ ਦਿੱਤਾ ਗਿਆ ਹੈ। ਇਹ ਛਾਂਟੀ ਟਰੰਪ ਪ੍ਰਸ਼ਾਸਨ ਦੁਆਰਾ ਲਾਗੂ ਕੀਤੇ ਗਏ ਨਵੇਂ ਅੰਗਰੇਜ਼ੀ ਭਾਸ਼ਾ ਮੁਹਾਰਤ ਦੇ ਮਿਆਰਾਂ ਵਿੱਚ ਅਸਫਲ ਰਹਿਣ ਤੋਂ ਬਾਅਦ ਕੀਤੀ ਗਈ ਸੀ। ਅਮਰੀਕੀ ਆਵਾਜਾਈ ਵਿਭਾਗ ਸਿਰਫ਼ ਉਨ੍ਹਾਂ ਟਰੱਕ ਡਰਾਈਵਰਾਂ ਨੂੰ ਹੀ ਇਜਾਜ਼ਤ ਦਿੰਦਾ ਹੈ ਜੋ ਅੰਗਰੇਜ਼ੀ ਨੂੰ ਚੰਗੀ ਤਰ੍ਹਾਂ ਸਮਝਦੇ ਅਤੇ ਬੋਲਦੇ ਹਨ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਪੱਕੀ ਛੁੱਟੀ ਤੈਅ ਹੈ। ਇਹ ਪਹਿਲਕਦਮੀ ਅਮਰੀਕੀ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਟਰੰਪ ਪ੍ਰਸ਼ਾਸਨ ਦੇ ਯਤਨਾਂ ਦਾ ਹਿੱਸਾ ਹੈ।

ਡਫੀ ਨੇ ਸੋਸ਼ਲ ਮੀਡੀਆ ਪਲੇਟਫਾਰਮ X ਉਤੇ ਲਿਖਿਆ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਅਪ੍ਰੈਲ ਵਿੱਚ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਸੀ ਅਤੇ ਆਵਾਜਾਈ ਵਿਭਾਗ ਇਸ ਦੀ ਪਾਲਣਾ ਕਰ ਰਿਹਾ ਹੈ। ਇਹ ਹੁਕਮ ਅੰਗਰੇਜ਼ੀ ਨੂੰ ਸੰਯੁਕਤ ਰਾਜ ਅਮਰੀਕਾ ਦੀ ਅਧਿਕਾਰਤ ਰਾਸ਼ਟਰੀ ਭਾਸ਼ਾ ਘੋਸ਼ਿਤ ਕਰਦਾ ਹੈ ਅਤੇ ਪੇਸ਼ੇਵਰ ਡਰਾਈਵਰਾਂ ਲਈ ਇਸ ਨੂੰ ਜਾਣਨਾ ਲਾਜ਼ਮੀ ਬਣਾਉਂਦਾ ਹੈ। ਹੁਕਮ ਵਿਚ ਸਪੱਸ਼ਟ ਤੌਰ ਉਤੇ ਕਿਹਾ ਗਿਆ ਹੈ ਕਿ ਅੰਗਰੇਜ਼ੀ ਭਾਸ਼ਾ ਦੇ ਠੋਸ ਗਿਆਨ ਤੋਂ ਬਿਨਾਂ ਪੇਸ਼ੇਵਰ ਡਰਾਈਵਰਾਂ ਨੂੰ ਗੱਡੀ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਟਰੰਪ ਨੇ ਇਹ ਹੁਕਮ 1 ਮਾਰਚ, 2025 ਨੂੰ ਜਾਰੀ ਕੀਤਾ।

ਟਰੰਪ ਦੇ ਕਾਰਜਕਾਰੀ ਹੁਕਮ ਵਿੱਚ ਕਿਹਾ ਗਿਆ ਹੈ ਕਿ ਇਸ ਕਾਨੂੰਨ ਦੇ ਪਿੱਛੇ ਇਰਾਦਾ ਅਮਰੀਕੀ ਸੜਕਾਂ ਨੂੰ ਸੁਰੱਖਿਅਤ ਬਣਾਉਣਾ ਹੈ। ਸਿਰਫ਼ ਉਹ ਡਰਾਈਵਰ ਜਿਨ੍ਹਾਂ ਨੇ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕੀਤੀ ਹੈ, ਉਹ ਟਰੈਫਿਕ ਸਿਗਨਲਾਂ, ਟਰੈਫਿਕ ਸੁਰੱਖਿਆ ਨਿਰਦੇਸ਼ਾਂ, ਸਰਹੱਦੀ ਗਸ਼ਤ ਅਤੇ ਕਾਰਗੋ ਭਾਰ ਸੀਮਾ ਦੀਆਂ ਸ਼ਿਕਾਇਤਾਂ ਨੂੰ ਆਸਾਨੀ ਨਾਲ ਪੜ੍ਹ ਅਤੇ ਸਮਝ ਸਕਣਗੇ। ਇਸ ਤੋਂ ਇਲਾਵਾ, ਡਰਾਈਵਰ ਆਪਣੇ ਮਾਲਕਾਂ ਅਤੇ ਗਾਹਕਾਂ ਨੂੰ ਅੰਗਰੇਜ਼ੀ ਵਿੱਚ ਫੀਡਬੈਕ ਦੇ ਸਕਣਗੇ ਅਤੇ ਉਸੇ ਭਾਸ਼ਾ ਵਿੱਚ ਨਿਰਦੇਸ਼ ਪ੍ਰਾਪਤ ਕਰ ਸਕਣਗੇ। ਇਸ ਲਈ ਸਾਰੇ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਵਿੱਚ ਰਵਾਨਗੀ ਲਾਜ਼ਮੀ ਕਰ ਦਿੱਤੀ ਗਈ ਹੈ।

ਟਰੰਪ ਦੇ ਹੁਕਮ ਤੋਂ ਬਾਅਦ ਅਮਰੀਕੀ ਆਵਾਜਾਈ ਵਿਭਾਗ ਨੇ ਇੱਕ ਦੇਸ਼ ਵਿਆਪੀ ਅੰਗਰੇਜ਼ੀ ਭਾਸ਼ਾ ਮੁਹਿੰਮ ਸ਼ੁਰੂ ਕੀਤੀ ਹੈ। ਪਿਛਲੇ ਸਾਲ ਭਾਸ਼ਾ ਦੇ ਮੁੱਦਿਆਂ ਕਾਰਨ 1,500 ਟਰੱਕ ਡਰਾਈਵਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ, ਅਤੇ ਇਸ ਸਾਲ, ਇਹ ਗਿਣਤੀ 7,000 ਤੋਂ ਵੱਧ ਹੋ ਗਈ ਹੈ। ਇਹ ਗਿਣਤੀ ਹੋਰ ਵਧਣ ਦੀ ਉਮੀਦ ਹੈ। ਸੜਕ ਹਾਦਸਿਆਂ ਵਿਚ ਹਾਲ ਹੀ ਵਿੱਚ ਹੋਏ ਵਾਧੇ ਕਾਰਨ ਇਹ ਹੁਕਮ ਹੋਰ ਵੀ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਨ੍ਹਾਂ ਹਾਦਸਿਆਂ ਵਿਚ ਭਾਰਤੀ ਟਰੱਕ ਡਰਾਈਵਰਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵਿੱਚ ਫੇਲ੍ਹ ਹੋ ਗਏ।



ਇਸ ਨਵੀਂ ਅਮਰੀਕੀ ਨੀਤੀ ਦਾ ਸਭ ਤੋਂ ਵੱਧ ਪ੍ਰਭਾਵ ਗੈਰ-ਅਮਰੀਕੀ ਨਾਗਰਿਕਾਂ, ਖਾਸ ਕਰਕੇ ਭਾਰਤੀ ਡਰਾਈਵਰਾਂ ਉਤੇ ਪਵੇਗਾ। ਉੱਤਰੀ ਅਮਰੀਕੀ ਪੰਜਾਬੀ ਟਰੱਕ ਐਸੋਸੀਏਸ਼ਨ ਦਾ ਅੰਦਾਜ਼ਾ ਹੈ ਕਿ ਉੱਥੇ ਭਾਰਤੀ ਟਰੱਕ ਡਰਾਈਵਰਾਂ ਦੀ ਗਿਣਤੀ 130,000 ਤੋਂ 150,000 ਦੇ ਵਿਚਕਾਰ ਹੋ ਸਕਦੀ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਅਤੇ ਹਰਿਆਣਾ ਤੋਂ ਹਨ। ਇਹ ਮੰਨਿਆ ਜਾਂਦਾ ਹੈ ਕਿ ਇਸ ਨਵੇਂ ਨਿਯਮ ਦੇ ਤਹਿਤ ਇਨ੍ਹਾਂ ਵਿਚੋਂ ਬਹੁਤ ਸਾਰੇ ਅਸਫਲ ਹੋ ਸਕਦੇ ਹਨ। ਇਸ ਤੋਂ ਇਲਾਵਾ, ਅਮਰੀਕਾ ਵਿਚ ਵਪਾਰਕ ਡਰਾਈਵਰਾਂ ਦੀ ਸਭ ਤੋਂ ਵੱਡੀ ਗਿਣਤੀ ਭਾਰਤੀ ਹਨ, ਖਾਸ ਕਰਕੇ ਟੈਕਸਾਸ ਅਤੇ ਕੈਲੀਫੋਰਨੀਆ ਵਰਗੇ ਰਾਜਾਂ ਵਿੱਚ। ਇਸ ਕਦਮ ਨਾਲ ਅਮਰੀਕਾ ਵਿੱਚ ਵਪਾਰਕ ਡਰਾਈਵਰਾਂ ਦੀ ਕਮੀ ਵੀ ਹੋ ਸਕਦੀ ਹੈ।

# ਅਪਮਾਨਤ ਮਹਿਸੂਸ ਕਰ ਰਹੇ ਹਨ ਦੇਸ਼ ਦੇ ਦਲਿਤ

# 21ਵੀ ਸਦੀ 'ਚ ਵੀ ਦਲਿਤਾਂ ਨਾਲ ਭੇਦ-ਭਾਵ ਮਨੁੱਖਤਾ ਵਿਰੋਧੀ

ਭਾਰਤ ਦੇ ਸ਼ਾਸ਼ਕ ਸੰਸਾਰ ਵਿਚ ਪਹਿਲੀ ਆਰਥਿਕ ਸ਼ਕਤੀ ਬਣਨ, ਮੰਗਲ ਗ੍ਰਹਿ ਉਤੇ ਦੁਨੀਆ ਵਸਾਉਣ, ਦੇਸ਼ ਨੂੰ ਵਿਸ਼ਵ ਗੁਰੂ ਬਨਾਉਣ ਦੀਆਂ ਗੱਲਾਂ ਕਰ ਰਹੇ ਹਨ। ਦੂਜੇ ਪਾਸੇ ਪਿੱਛਲੇ ਇਕ ਮਹੀਨੇ ਵਿਚ ਹੀ ਦੇਸ਼ ਦੀ ਅਬਾਦੀ ਦੇ ਤੀਜੇ ਹਿੱਸੇ ਦਲਿਤਾਂ ਉਤੇ ਆਪਣੇ ਹੀ ਦੇਸ਼ ਦੇ ਉਚ ਜਾਤੀ ਕਹਾਉਦੇ ਲੋਕਾਂ ਵਲੋਂ ਢਾਏ ਜਾ ਰਹੇ ਬਾਰ ਬਾਰ ਅੱਤਿਆਚਾਰਾਂ, ਭੇਦ-ਭਾਵ ਤੇ ਅਪਮਾਨਤ ਕਰਨ ਦੀਆਂ ਘਟਨਾਵਾਂ ਨੇ ਦੇਸ਼ ਨੂੰ ਸੰਸਾਰ ਪੱਧਰ ਉਤੇ ਮਨੁੱਖੀ ਅਧਿਕਾਰਾਂ ਬਾਰੇ ਸ਼ਰਮਸਾਰ ਕਰ ਦਿੱਤਾ ਹੈ। ਪਿੱਛਲੇ ਦਿਨੀ ਦੇਸ਼ ਦੀ ਸਰਵਉਚ ਅਦਾਲਤ ਸੁਪਰੀਮ ਕੋਰਟ ਦੇ ਚੀਫ ਜਸਟਿਸ ਮਾਨਯੋਗ ਬੀ. ਆਰ. ਗਵਈ ਨੂੰ ਅਦਾਲਤ ਦੀ ਚਲ ਰਹੀ ਕਾਰਵਾਈ ਦਰਮਿਆਨ ਉਚ ਜਾਤੀ ਵਕੀਲ ਨੇ ਉਨ੍ਹਾਂ ਵਲ੍ਹ ਜੁੱਤੀ ਸੁੱਟ ਕੇ ਅਪਮਾਨਿਤ ਕੀਤਾ। ਹਰਿਆਣਾ ਦੇ ਸੀਨੀਅਰ ਦਲਿਤ ਆਈ.ਪੀ.ਐਸ. ਅਧਿਕਾਰੀ ਏ.ਡੀ.ਜੀ.ਪੀ ਵਾਈ ਪੂਰਨ ਕੁਮਾਰ ਨੂੰ ਇਨ੍ਹਾਂ ਜ਼ਲੀਲ ਕਾਤਾ ਗਿਆ ਕਿ ਉਸ ਨੇ 7 ਅਕਤੂਬਰ ਨੂੰ ਖੁਦਕੁਸ਼ੀ ਕਰ ਲਈ। ਮਰਹੂਮ ਏ.ਡੀ.ਜੀ.ਪੀ. ਦੀ ਪਤਨੀ ਅਮਨੀਤ ਪੀ. ਕੁਮਾਰ ਜੋ ਖੁਦ ਵੀ ਇਕ ਆਈ ਏ ਐਸ ਅਧਿਕਾਰੀ ਹੈ ਨੇ ਕਿਹਾ ਕਿ ਵਾਈ ਪੂਰਨ ਕੁਮਾਰ ਵੱਲੋਂ ਲਿਖੇ ਖੁਦਕੁਸ਼ੀ ਨੋਟ ਅਨੁਸਾਰ ਐਫ਼ ਆਈ ਆਰ ਲਿੱਖਣ ਲਈ ਦਰਖਾਸਤ ਦਿੱਤੀ ਪਰ ਕੋਈ ਅਮਲ ਨਹੀ ਹੋਇਆ।

ਯੂ ਪੀ ਕ੍ਸ਼ਿਨਾ ਨਗਰ ਦੇ ਸਹਾਇਕ ਪੁਲੀਸ ਕਮਿਸ਼ਨਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲਖਨਊ ਨਜਦੀਕ 12 ਅਕਤੂਬਰ ਨੂੰ ਜਦ ਇੱਕ 11ਵੀਂ ਜਮਾਤ ਦੀ 16 ਸਾਲਾ ਦਲਿਤ ਵਿਦਿਆਰਥਣ ਆਪਣੇ ਰਿਸ਼ਤੇਦਾਰ ਨੂੰ ਮਿਲਣ ਲਈ ਇੱਕ ਆਦਮੀ ਨਾਲ ਮੋਟਰਸਾਈਕਲ 'ਤੇ ਜਾ ਰਹੀ ਸੀ ਤਾਂ ਰਸਤੇ ਵਿਚ ਪੰਜ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਨੂੰ ਘੇਰ ਕੇ ਪਹਿਲਾਂ ਆਦਮੀ ਦੀ ਕੁੱਟਮਾਰ ਕੀਤੀ। ਫਿਰ ਪੰਜੇ ਅਣਪਛਾਤਿਆਂ ਨੇ ਦਲਿਤ ਲੜਕੀ ਨਾਲ ਸਮੂਹਿਕ ਜਬਰ ਜਨਾਹ ਕੀਤਾ। ਪਿਛਲੇ ਹਫਤੇ ਹੀ ਉਤਰ ਪ੍ਦੇਸ਼ ਦੇ ਜ਼ਿਲ੍ਹਾ ਬਰੇਲੀ 'ਚ ਵਾਲਮੀਕ ਸਮਾਜ ਦੇ ਇੱਕ ਨੌਜਵਾਨ ਹਰੀ ਓਮ 38 ਸਾਲ ਉਤੇ ਚੋਰੀ ਦਾ ਸ਼ੱਕ ਜ਼ਾਹਰ ਕਰਕੇ ਉਸ ਦੀ ਬੇਰਹਿਮੀ ਨਾਲ ਲਿਚਿੰਗ (ਕੁੱਟ-ਕੁੱਟ) ਕਰਕੇ ਉਸ ਦੀ ਹੱਤਿਆ ਕਰ ਦਿੱਤੀ ਗਈ। ਗਵਾਲੀਅਰ ਦੇ ਇੱਕ ਵਕੀਲ ਨੇ ਪਿਛਲੇ ਹਫ਼ਤੇ ਡਾ. ਅੰਬੇਡਕਰ ਬਾਰੇ ਗ਼ੈਰ ਪਾਰਲੀਮਾਨੀ ਭਾਸ਼ਾਂ ਦਾ ਇਸਤੇਮਾਲ ਕਰਕੇ ਦਲਿਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ। ਪਰ ਕਿਸੇ ਵੀ ਘਟਨਾ ਵਿਚ ਕੋਈ ਕਾਰਗਰ ਕੀਰਵਾਈ ਨਹੀਂ ਹੋਈ।

ਮੱਧ ਪ੍ਦੇਸ ਦੇ ਥਾਣਾ ਪਤੇਰਾ ਦੇ ਪਿੰਡ ਸਤਾਰੀਆ ਵਿੱਚ ਉਚ ਜਾਤੀ ਦੇ ਲੋਕਾਂ ਨੇ 10 ਅਕਤੂਬਰ ਨੂੰ ਇੱਕ ਮੰਦਰ ਵਿੱਚ ਇਕੱਠੇ ਹੋ ਕੇ ਪੱਛੜੀ ਜਾਤੀ ਦੇ ਪ੍ਸ਼ੋਤਮ ਕੁਸ਼ਵਾਹਾ ਨੂੰ ਪਹਿਲਾਂ ਜ਼ਬਰਦਸਤੀ ਨਾਲ ਬ੍ਾਹਮਣ ਦੇ ਪੈਰ ਧੋਣ ਲਈ ਮਜ਼ਬੂਰ ਕੀਤਾ ਤੇ ਫਿਰ ਉਸ ਗੰਦੇ ਪਾਣੀ ਨੂੰ ਪੀਣ ਲਈ ਮਜ਼ਬੂਰ ਕੀਤਾ ਅਤ ਸਾਰੇ ਬ੍ਾਹਮਣਾਂ ਤੋਂ ਮੁਆਫ਼ੀ ਮੰਗਵਾਈ ਗਈ। ਮੱਧ ਪ੍ਦੇਸ਼ ਦੇ ਬਹੋਰੀਬੰਦ ਥਾਣੇ ਦੇ ਪਿੰਡ ਮਤਵਾਰਾ 'ਚ 13 ਅਕਤੂਬਰ ਨੂੰ ਉਚ ਜਾਤੀ ਸਰਪੰਚ ਨੇ ਰਾਜ ਕੁਮਾਰ ਚੌਧਰੀ ਨਾਂ ਦੇ ਦਲਿਤ ਉਤੇ ਪਿਸ਼ਾਬ ਕਰਕੇ ਉਸ ਨੂੰ ਇਸ ਕਰਕੇ ਅਪਮਾਨਤ ਕੀਤਾ ਕਿਉਂਕਿ ਉਸ ਨੇ ਸਰਪੰਚ ਨੂੰ ਆਪਣੀ ਜਗ੍ਹਾ ਵਿੱਚੋਂ ਮਿੱਟੀ ਪੁੱਟਣ ਤੋਂ ਰੋਕਿਆ ਸੀ। ਪ੍ਰੇਮ ਬਿਰਹਾਡੇ ਨਾਂ ਦੇ ਇੱਕ ਦਲਿਤ ਨੇ ਪੂਨੇ ਦੇ ਇੱਕ ਸਿੱਖਿਆ ਸੰਸਥਾਨ ਤੋਂ ਡਿਗਰੀ ਪ੍ਰਾਪਤ ਕੀਤੀ, ਜਿਸ ਦੇ ਅਧਾਰ ਤੇ ਇੰਗਲੈਂਡ




ਦੀ ਇੱਕ ਕੰਪਨੀ ਨੇ ਲੰਡਨ ਵਿੱਚ ਉਸ ਨੂੰ ਇੱਕ ਪ੍ਭਾਵਸ਼ਾਲੀ ਨੌਕਰੀ ਦੇ ਦਿੱਤੀ। ਕੰਪਨੀ ਨੇਪ੍ਰੇਮ ਬਿਰਹਾਡੇ ਦੇ ਸਰਟੀਫਿਕੇਟ ਦੀ ਵੈਰੀਫਿਕੇਸ਼ਨ ਲਈ ਇੰਸਟੀਚਿਊਟ ਨੂੰ ਪੱਤਰ ਲਿਖਿਆ। ਇੰਸਟੀਚਿਊਟ ਨੇ ਕੋਈ ਜਵਾਬ ਨਾਂ ਦਿੱਤਾ ਤਾਂ ਉਸ ਦੀ ਨੌਕਰੀ ਜਾਂਦੀ ਰਹੀ। ਡਾ. ਅੰਬੇਡਕਰ ਦੇ ਪੋਤਰੇ ਪ੍ਕਾਸ਼ ਅੰਬੇਡਕਰ ਨੇ ਸੰਬੰਧਿਤ ਇੰਸਟੀਚਿਊਟ ਦੇ ਸਾਹਮਣੇ ਸਾਥੀਆਂ ਸਮੇਤ ਮੁਜਾਹਰਾ ਕੀਤਾ ਪਰ ਮਨੂੰਵਾਦੀ ਸਾਸ਼ਕਾਂ ਉਤੇ ਕੋਈ ਅਸਰ ਨਾ ਹੋਇਆ। ਪ੍ਰੇਮ ਬਿਰਹਾਡੇ ਨੇ ਇਲਜ਼ਾਮ ਲਗਾਇਆ ਕਿ ਮੇਰੇ ਦਲਿਤ ਹੋਣ ਕਰਕੇ ਸੰਸਥਾ ਨੇ ਮੇਰੇ ਨਾਲ ਅਜਿਹਾ ਭੇਦ-ਭਾਵ ਕੀਤਾ ਹੈ। ਮੈਂ ਸੰਸਥਾ ਉਤੇ ਮੇਰੇ ਨਾਲ ਕੀਤੇ ਗਏ ਭੇਦ-ਭਾਵ ਲਈ ਅਪਰਾਧਿਕ ਸਾਜ਼ਿਸ਼ ਰਚਣ ਤਹਿਤ ਕੇਸ ਕਰਾਂਗਾ।

ਪਿਛਲੇ ਦੋ ਦਿਨਾਂ ਤੋਂ ਸੋਸ਼ਲ ਮੀਡੀਆ ਤੇ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਚੰਡੀਗੜ੍ਹ ਦੇ ਸਰਕਾਰੀ ਸਕੂਲ ਵਿੱਚ ਪੜ੍ਹਾਉਂਦੀਆਂ ਦੋ ਦਲਿਤ ਅਧਿਆਪਕਾਵਾਂ ਨੇ ਪਿਛਲੇ 10-12 ਸਾਲ ਤੋਂ ਲਗਾਤਾਰ ਉਨ੍ਹਾਂ ਨਾਲ ਕੀਤੇ ਜਾ ਰਹੇ ਜਾਤੀਵਾਦੀ ਭੇਦ-ਭਾਵ ਤੇ ਅਪਮਾਨ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਐਸ ਸੀ, ਐਸ ਟੀ ਐਕਟ ਤਹਿਤ ਕੇਸ ਦਰਜ ਹੋਣ ਦੇ ਬਾਵਜੂਦ ਵੀ ਪਿੰਸੀਪਲ ਨੂੰ ਫੜਿਆ ਨਹੀਂ ਜਾ ਰਿਹਾ। ਉਨ੍ਹਾਂ ਭਰੇ ਮਨ ਨਾਨ ਦੁੱਖ ਪ੍ਗਟਾਇਆ 'ਕਿ ਸਮਾਜ ਸਾਨੂੰ ਆਤਮ ਹੱਤਿਆਵਾਂ ਕਰਦਿਆਂ ਦੇਖਣਾ ਚਾਹੁੰਦਾ ਹੈ?'

ਗੁਜਰਾਤ ਦੇ ਜ਼ਿਲ੍ਹਾ ਪਤਨ ਦੇ ਪਿੰਡ ਕਾਨੋਸਨ ਦੇ ਇੱਕ ਦਲਿਤ ਡਿਪੂ ਹੋਲਡਰ ਕਾਂਤੀ ਪਰਮਾਰ ਨੂੰ ਆਤਮ ਹੱਤਿਆ ਕਰਨ ਲਈ ਮਜ਼ਬੂਰ ਕੀਤਾ ਗਿਆ। 'ਦੀ ਰਾਈਟ ਟੂ ਫੂਡ' ਕੰਪੇਨ ਦੇ ਕਨਵੀਨਰ ਨੇ ਪੱਤਕਾਰਾਂ ਨੂੰ ਦੱਸਿਆ ਕਿ ਪਿੰਡ ਵਿੱਚ ਕਾਂਤੀ ਪਰਮਾਰ ਪਿਛਲੇ 30 ਸਾਲਾਂ ਤੋਂ ਡੀਪੂ ਹੋਲਡਰ ਹੈ। ਇੱਕ ਉਚ ਜਾਤ ਦਾ ਲੀਡਰ ਕਾਂਤੀ ਪਰਮਾਰ ਪਾਸੋਂ ਰਾਸ਼ਨ ਲੈਣ ਆਇਆ ਪਰ ਉਸ ਦਾ ਰਾਸ਼ਨ ਕਾਰਡ ਠੀਕ ਨਾ ਹੋਣ ਕਾਰਨ ਕਾਂਤੀ ਪਰਮਾਰ ਨੇ ਉਸ ਨੂੰ ਰਾਸ਼ਨ ਨਾ ਦਿੱਤਾ। ਉਚ ਜਾਤੀ ਲੀਡਰ ਨੇ ਇਸ ਨੂੰ ਆਪਣਾ ਅਪਮਾਨ ਸਮਝਦਿਆਂ ਦਲਿਤ ਡੀਪੂ ਹੋਲਡਰ ਖ਼ਿਲਾਫ਼ ਝੂਠੀ ਸ਼ਿਕਾਇਤ ਕਰਕੇ ਜ਼ਿਲ੍ਹਾ ਡੀ.ਸੀ. ਤੋਂ ਕਾਂਤੀ ਪਰਮਾਰ ਦਾ ਡਿਪੂ ਲਾਇਸੈਂਸ ਰੱਦ ਕਰਵਾ ਦਿੱਤਾ। ਫਿਰ ਉਚ ਜਾਤੀ ਲੋਕਾਂ ਤੋ ਉਸ ਦਾ ਸਮਾਜਿਕ ਬਾਈਕਾਟ ਕਰ ਦਿੱਤਾ। ਨਿਰਾਸ਼ਾ 'ਚ ਮਜ਼ਬੂਰ ਦਲਿਤ ਕਾਂਤੀ ਪਰਮਾਰ ਨੂੰ ਆਤਮ ਹੱਤਿਆ ਲਈ ਮਜ਼ਬੂਰ ਕੀਤਾ ਗਿਆ ਤਾਂ ਉਸ ਨੇ ਜ਼ਹਿਰ ਖਾ ਲਈ। ਉਹ ਬਚ ਤਾਂ ਗਿਆ ਪਰ ਗੰਭੀਰ ਹਾਲਤ ਕਾਰਨ ਉਸ ਦੀ ਲੱਤ ਕੱਟਣੀ ਪਈ। 'ਦੀ ਰਾਈਟ ਟੂ ਫੂਡ' ਕੰਪੇਨ ਦੇ ਕਨਵੀਨਰ ਨੇ ਇਲਜ਼ਾਮ ਲਾਇਆ ਕਿ ਕਲੈਕਟਰ ਨੇ ਝੂਠੀ ਸ਼ਕਾਇਤ ਤੇ ਡਿਪੂ ਲਾਇਸੈਂਸ ਰੱਦ ਕਰਕੇ ਕਾਂਤੀ ਪਰਮਾਰ ਨੂੰ ਆਤਮ ਹੱਤਿਆ ਕਰਨ ਲਈ ਮਜ਼ਬੂਰ ਕੀਤਾ। ਇਸ ਲਈ ਉਸ ਦੇ ਖ਼ਿਲਾਫ਼ ਐਸ.ਸੀ.ਐਸ.ਟੀ. ਐਕਟ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ।

ਰਾਜਸਥਾਨ ਦੇ ਜਲੌਰ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਸਰਸਵਤੀ ਵਿੱਦਿਆ ਮੰਦਰ ਨਾਂਅ ਦੇ ਪ੍ਰਾਈਵੇਟ ਸਕੂਲ ਵਿੱਚ 20 ਜੁਲਾਈ ਨੂੰ ਇਕ ਉਚ ਜਾਤੀ ਦੇ ਅਧਿਆਪਕ ਦੁਆਰਾ ਦਲਿਤ ਜਾਤੀ ਦੇ 9 ਸਾਲ ਦੇ ਇੱਕ ਮਾਸੂਮ ਬੱਚੇ ਇੰਦਰ ਮੇਘਵਾਲ ਨੂੰ ਕੁੱਟ ਕੁੱਟ ਕੇ ਬੇਹੋਸ਼ ਕਰ ਦਿੱਤਾ। ਬੱਚੇ ਦੀ ਹਸਪਤਾਲ ਵਿੱਚ ਇਲਾਜ ਕਰਾਉਣ ਦਰਮਿਆਨ ਮੌਤ ਹੋ


ਐਸ ਐਲ ਵਿਰਦੀ
ਐਡਵੋਕੇਟ
98145 17499

ਗਈ। ਇੰਦਰ ਮੇਘਵਾਲ ਨੂੰ ਇਸ ਲਈ ਕੁੱਟਿਆ ਮਾਰਿਆ ਗਿਆ ਕਿਉਂਕਿ ਉਸ ਨੇ ਅਧਿਆਪਕ ਦੇ ਪੀਣ ਲਈ ਰੱਖੇ ਵੱਖਰੇ ਘੜੇ ਵਿੱਚੋਂ ਪਾਣੀ ਪੀ ਕੇ ਘੜੇ ਨੂੰ ਭਿੱਟ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਪੂਰੇ ਦੇਸ਼ ਵਿੱਚ ਰੋਸ ਪ੍ਦਰਸ਼ਨ ਹੋਏ ਤਾਂ ਜਾ ਕੇ 13 ਅਗਸਤ ਨੂੰ ਕੇਸ ਦਰਜ ਹੋਇਆ।

ਉਤਰ ਪ੍ਦੇਸ਼ ਦੇ ਹਾਥਰਸ ਵਿੱਚ ਮਨੀਸ਼ਾ ਬਾਲਮੀਕੀ ਦਾ ਠਾਕਰ ਜਾਤੀ ਦੇ ਚਾਰ ਗੁੰਡਿਆਂ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ। ਦਬੰਗ ਇੰਨੇ ਪ੍ਰਭਾਵਸ਼ਾਲੀ ਸਨ ਕਿ ਪੁਲਿਸ ਪ੍ਸ਼ਾਸਨ ਨੇ ਦੋਸ਼ੀਆਂ ਨੂੰ ਬਚਾਉਣ ਲਈ ਉਸ ਲੜਕੀ ਦਾ ਅੱਧੀ ਰਾਤ ਤੋਂ ਬਾਅਦ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਹੀ ਅੰਤਿਮ ਸੰਸਕਾਰ ਕਰ ਦਿੱਤਾ। ਪੁਲਿਸ ਮੁਲਾਜ਼ਮਾਂ ਨੇ ਮਨੁੱਖੀ ਚੇਨ ਬਣਾ ਕੇ ਮੀਡੀਆ ਨੂੰ ਉਥੇ ਜਾਣ ਤੋਂ ਰੋਕੀ ਰੱਖਿਆ। ਉਤਰ ਪ੍ਦੇਸ਼ ਵਿੱਚ ਬਲਾਤਕਾਰ ਦੇ ਇੱਕ ਹੋਰ ਮਾਮਲੇ ਵਿੱਚ ਅਰੋਪੀ ਭਾਜਪਾ ਵਿਧਾਇਕ ਦੇ ਖ਼ਿਲਾਫ਼ ਥਾਣੇ ਵਿੱਚ ਰਿਪੋਰਟ ਲਿਖਵਾਉਣ ਗਏ ਪੀੜਤ ਲੜਕੀ ਦੇ ਬਾਪ ਨੂੰ ਉਸ ਵਿਧਾਇਕ ਦੇ ਹੁਕਮ 'ਤੇ ਨਾਂ ਸਿਰਫ਼ ਬੁਰੀ ਤਰ੍ਹਾਂ ਕੁੱਟਿਆ ਗਿਆ ਸਗੋਂ ਝੂਠਾ ਮਾਮਲਾ ਦਰਜ ਕਰਕੇ ਜ਼ੇਲ੍ਹ ਭੇਜ ਦਿੱਤਾ ਗਿਆ। ਜ਼ੇਲ੍ਹ ਵਿੱਚ ਇਲਾਜ ਦੀ ਕਮੀ ਕਾਰਨ ਉਸ ਵਿਚਾਰੇ ਬਾਪ ਦੀ ਮੌਤ ਹੋ ਗਈ। ਬਾਅਦ ਵਿੱਚ ਵਿਧਾਇਕ ਨੇ ਪੀੜਤ ਲੜਕੀ ਨੂੰ ਵੀ ਮਰਵਾਉਣ ਦੀ ਕੋਸ਼ਿਸ਼ ਕੀਤੀ। ਮੁੱਖ ਮੰਤਰੀ ਨੇ ਵੀ ਪੀੜਤ ਨੂੰ ਮਿਲਣ ਲਈ ਸਮਾਂ ਨਾ ਦਿੱਤਾ। ਪੀੜਤ ਲੜਕੀ ਵੱਲੋਂ ਮੁੱਖ ਮੰਤਰੀ ਨਿਵਾਸ ਦੇ ਸਾਹਮਣੇ ਆਤਮਦਾਹ ਕਰਨ ਦੀ ਕੋਸ਼ਿਸ਼ ਕਰਨ ਦੇ ਬਾਅਦ ਹੀ ਮਾਮਲਾ ਜਨਤਕ ਹੋਇਆ। ਸਮਾਜ ਅੱਜ ਵੀ ਕਿੰਨਾਂ ਜਾਤੀਵਾਦੀ ਹੈ ਕਿ ਜਦੋਂ ਦਲਿਤਾਂ ਨਾਲ ਸਬੰਧਿਤ ਲੜਕੀਆਂ ਨਾਲ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਉਹੀ ਲੋਕ ਜੋ ਪਹਿਲਾਂ ਮੋਮਬੱਤੀਆਂ ਦੇ ਮਾਰਚ ਨਿਕਾਲਦੇ ਹਨ ਪਰ ਦਲਿਤਾਂ ਉਤੇ ਘਿਨਾਉਣੇ ਅੱਤਿਆਂਚਾਰਾਂ ਦੇ ਬਾਵਜੂਦ ਵੀ ਉਹ ਬਿਲਕੁਲ ਮੌਨ ਧਾਰ ਲੈਂਦੇ ਹਨ।

ਸੰਵਿਧਾਨ ਦੇ ਅਨੁਛੇਦ 14 ਰਾਹੀਂ ਸਭ ਨੂੰ ਬਰਾਬਰ ਅਧਿਕਾਰ ਦਿੱਤੇ ਗਏ ਅਤੇ ਅਨੁਛੇਦ 15 ਵਿਚ ਇਹ ਸਪੱਸ਼ਟ ਕੀਤਾ ਗਿਆ ਕਿ ਕਿਸੇ ਨਾਲ ਵੀ ਧਰਮ, ਨਸਲ, ਜਾਤ, ਲਿੰਗ ਅਤੇ ਸਥਾਨ ਦੇ ਅਧਾਰ 'ਤੇ ਭਾਦ ਭਾਵ ਨਹੀ ਕੀਤਾ ਜਾ ਸਕਦਾ। ਅਨੁਛੇਦ 17 ਰਾਹੀਂ ਛੂਆ-ਛਾਤ ਨੂੰ ਅਪਰਾਧ ਘੋਸ਼ਿਤ ਕੀਤਾ ਗਿਆ ਅਤੇ ਇਸ ਦੀ ਉਲੰਘਣਾ ਕਰਨ 'ਤੇ ਸਜਾ ਵਾਸਤੇ 'ਸਿਵਲ ਅਧਿਕਾਰਾਂ ਦੀ ਹਿਫ਼ਾਜਿਤ ਐਕਟ 1955' ਬਣਾਇਆ ਗਿਆ। ਇਸ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ 'ਕਨੂੰਨੀ ਸੇਵਾਵਾਂ ਅਥਾਰਟੀਜ ਐਕਟ 1987' ਅਤੇ 'ਅਨੁਸੂਚਿਤ ਜਾਤਾਂ ਤੇ ਅਨੁਸੂਚਿਤ ਕਬੀਲੇ (ਅੱਤਿਆਚਾਰ ਨਿਵਾਰਨ) ਐਕਟ 1989 ਅਤੇ 2015 'ਚ ਇਸ ਨੂੰ ਸੋਧ ਕੇ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਗਿਆ ਹੈ।

ਪ੍ਰੰਤੂ ਵਿਸ਼ੇਸ਼ ਕਨੂੰਨਾਂ ਅਤੇ ਉਪਰਾਲਿਆਂ ਦੇ ਬਾਵਜੂਦ ਵੀ ਦਲਿਤਾਂ ਉੱਤੇ ਹੋ ਰਹੇ ਅੱਤਿਆਚਾਰ ਬੰਦ ਨਹੀਂ ਹੋ ਰਹੇ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦੀ ਤਾਜ਼ਾ ਰਿਪੋਰਟ ਅਨੁਸਾਰ 2013 ਤੋਂ 2023 ਦਰਮਿਆਨ ਦਲਿਤਾਂ ਖ਼ਿਲਾਫ਼ ਅਪਰਾਧਾਂ ਵਿੱਚ 46 ਫ਼ੀਸਦੀ ਦਾ ਵਾਧਾ ਹੋਇਆ ਅਤੇ ਇਸੇ ਸਮੇਂ ਦੌਰਾਨ ਕਬਾਇਲੀਆਂ ਖ਼ਿਲਾਫ਼ ਅਪਰਾਧਾਂ ਵਿੱਚ 91 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਨੈਸ਼ਨਲ ਬਿਊਰੋ ਆਫ਼ ਕਰਾਈਮ ਬ੍ਰਾਂਚ ਦੀ ਰਿਪੋਰਟ ਅਨੁਸਾਰ ਹਰ ਹਫ਼ਤੇ 13 ਦਲਿਤਾਂ ਦੀ ਹੱਤਿਆ, 6 ਦਲਿਤਾਂ ਦਾ ਅਪਹਰਣ, 3 ਦਲਿਤਾਂ ਔਰਤਾਂ ਨਾਲ ਹਰ ਰੋਜ਼ ਬਲਾਤਕਾਰ, 11 ਦਲਿਤਾਂ ਦਾ ਹਰ ਰੋਜ਼ ਉਤਪੀੜਨ, 18 ਮਿੰਟ 'ਚ ਇੱਕ ਦਲਿਤ 'ਤੇ ਘਨੌਣਾ ਅੱਤਿਆਚਾਰ ਅਤੇ 5 ਦਲਿਤਾਂ ਦੇ ਘਰ ਬਾਰ ਸਾੜ ਦਿੱਤੇ ਜਾਂਦੇ ਹਨ। ਮਿਡ ਡੇ ਮੀਲ 'ਚ ਜੇ ਦਲਿਤ ਔਰਤਾਂ ਖਾਣਾ ਬਣਾਉਦੀਆਂ ਹਨ ਤਾਂ ਅਖੌਤੀ ਉੱਚ ਜਾਤਾਂ ਦੇ ਬੱਚੇ ਖਾਣਾ ਨਹੀਂ ਖਾਂਦੇ। ਐਸ ਸੀ ਕਮਿਸ਼ਨ ਅਨੁਸਾਰ ਹਰ ਸਾਲ ਇਕ ਲੱਖ ਤੋਂ ਵੱਧ ਅੱਤਿਆਚਾਰ ਦਲਿਤਾਂ ਉਤੇ ਹੁੰਦੇ ਹਨ।"

ਮੌਜੂਦਾ ਨਿਆਇਕ ਢਾਂਚੇ 'ਚ ਨਾ-ਬਰਾਬਰੀ ਦਾ ਕਾਰਨ ਇਹ ਹੈ ਕਿ ਸਮਾਜ ਵਿਚਲੇ ਰਸੂਖਵਾਨ ਵਿਅਕਤੀ ਪੈਸੇ ਤੇ ਹਕੂਮਤੀ ਦਬਾਅ ਸਦਕਾ ਹਰ ਤਰ੍ਹਾਂ ਦੇ ਅਪਰਾਧ ਕਰਨ ਦੇ ਬਾਵਜੂਦ ਕਾਨੂੰਨ ਦੀ ਗ੍ਰਿਫਤ 'ਚੋਂ ਬਚ ਜਾਂਦੇ ਹਨ, ਜਦਕਿ ਆਮ ਲੋਕ ਸਾਲਾਂ ਬੱਧੀ ਇਨਸਾਫ਼ ਦੀ ਆਸ 'ਚ ਜੇਲ੍ਹਾਂ 'ਚ ਸੜਦੇ ਰਹਿੰਦੇ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੁਆਰਾ ਪਿਛਲੇ ਹਫਤੇ ਜਾਰੀ ਕੀਤੀ ਜੇਲ੍ਹ ਅੰਕੜਿਆਂ ਦੀ ਰਿਪੋਰਟ (2023) ਵਿੱਚ ਕੈਦੀਆਂ ਦੀ ਜਾਤ ਅਤੇ ਸਮਾਜਿਕ-ਆਰਥਿਕ ਬਾਰੇ ਚਿੰਤਾਜਨਕ ਤੱਥ ਸਾਹਮਣੇ ਆਏ ਹਨ, ਉਹ ਵੀ ਖ਼ਾਸ ਕਰਕੇ ਹਰਿਆਣੇ ਸੂਬੇ ਵਿੱਚ। ਪਿਛਲੇ ਸਾਲ ਮਾਨਯੋਗ ਸੁਪਰੀਮ ਕੋਰਟ ਨੇ ਕੈਦੀਆਂ ਦੇ ਜਾਤ ਆਧਾਰਿਤ ਪੱਖਪਾਤ ਅਤੇ ਵਰਗੀਕਰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਕੇਂਦਰ ਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਆਪਣੇ ਜੇਲ੍ਹ ਮੈਨੁਅਲ ਤੇ ਨਿਯਮਾਂ ਵਿੱਚ ਸੋਧ ਕਰਨ ਦੇ ਨਿਰਦੇਸ਼ ਦਿੱਤੇ ਹਨ।

ਪੀੜਿਤ ਦਲਿਤ ਸ਼ੋਸ਼ਿਤ ਸਮਾਜ ਅੱਤਿਆਚਾਰ ਅਤੇ ਸ਼ੋਸ਼ਣ ਦੇ ਖਿਲਾਫ ਚਾਰ ਤਰ੍ਹਾਂ ਦੀ ਪ੍ਰਤਿਕਿਰਿਆ ਕਰਦਾ ਹੈ। (1) ਜ਼ੁੱਲਮ ਅਤੇ ਸ਼ੋਸ਼ਣ ਨੂੰ ਆਪਣੀ ਕਿਸਮਤ ਮੰਨ ਕੇ ਚੁੱਪ ਚਾਪ ਸਹਿਣ ਕਰ ਲੈਂਦਾ ਹੈ। (2) ਜਾਂ ਫਿਰ ਜ਼ੁੱਲਮ ਅਤੇ ਸ਼ੋਸ਼ਣ ਤੋਂ ਬਚਣ ਲਈ ਪਿੰਡ ਛੱਡ ਕੇ ਸ਼ਹਿਰ ਦੀ ਸਲੱਮਬਸਤੀ 'ਚ ਚਲੇ ਜਾਂਦਾ ਹੈ। (3) ਜਾਂ ਫਿਰ ਜ਼ੁੱਲਮ ਤੇ ਸ਼ੋਸ਼ਣ ਤੋਂ ਬਚਣ ਲਈ ਆਤਮ ਹੱਤਿਆ ਕਰ ਲੈਂਦਾ ਹੈ। (4) ਫੂਲਨ ਵਿਰੱਪਣ ਵਰਗੇ ਅਣਖੀ ਹਥਿਆਰ ਚੁੱਕ ਲੈਂਦੇ ਹਨ। ਸਰਕਾਰ ਉਨ੍ਹਾਂ ਨੂੰ ਹਥਿਆਰਾਂ ਨਾਲ ਦਬਾਉਂਦੀ ਹੈ। ਹਿੰਸਾ ਹੁੰਦੀ ਹੈ। ਉਹ ਹਿੰਸਾ ਦਾ ਜਵਾਬ ਹਿੰਸਾ ਵਿਚ ਦਿੰਦੇ ਹਨ। ਹਿੰਸਾ ਕੋਈ ਸਮੱਸਿਆ ਦਾ ਹਲ ਨਹੀ ਹੈ। ਸਰਕਾਰਾਂ ਨੂੰ ਦਲਿਤ ਸ਼ੋਸ਼ਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਇਸ ਦੇ ਹੱਲ ਲੱਭਣੇ ਚਾਹੀਦੇ ਹਨ।

ਦਲਿਤਾਂ ਤੇ ਅੱਤਿਆਚਾਰ ਤਦ ਹੀ ਬੰਦ ਹੋ ਸਕਦੇ ਹਨ, ਜੇਕਰ ਸਰਕਾਰਾਂ-1. ਐਸ.ਸੀ, ਐਸ. ਟੀ ਉਤੇ ਅੱਤਿਆਚਾਰਾਂ ਨਾਲ ਸੰਬੰਧਿਤ ਕਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ। 2. ਰਾਜਨੀਤਕ, ਸਮਾਜਿਕ ਤੇ ਧਾਰਮਿਕ ਆਗੂ, ਜਾਤਪਾਤ ਤੇ ਛੂਆ-ਛਾਤ ਦੇ ਵਿਰੁੱਧ ਦੇਸ਼ ਪੱਧਰ ਉਤੇ ਅੰਦੋਲਨ ਚਲਾਉਣ। 3. ਸਮਾਜਿਕ ਤੇ ਧਾਰਮਿਕ ਆਗੂ ਦੋਹਾਂ ਦਲਿਤਾਂ ਅਤੇ ਉਚ ਵਰਗਾਂ ਦਰਮਿਆਨ ਭਾਈਚਾਰੇ ਲਈ ਮਹੌਲ ਬਣਾਉਣ ਲਈ ਚੇਤਨਾ ਪੈਦਾ ਕਰਨ। 4. ਸੰਵਿਧਾਨ ਵਿੱਚ ਦਲਿਤ ਉਥਾਨ ਸੰਬੰਧੀ ਅੰਕਿਤ ਨਿਰਦੇਸ਼ਾਂ ਨੂੰ ਉਚ ਸ਼ੰਸਥਾਵਾਂ, ਕਾਲਜਾਂ, ਸਕੂਲਾਂ ਤੇ ਹੋਰ ਵਿਦਿਅਕ ਅਦਾਰਿਆਂ ਵਿੱਚ ਦਲਿਤਾਂ ਦੀ ਨੁਮਾਇੰਦਗੀ ਨੂੰ ਯਕੀਨੀ ਬਣਾਇਆ ਜਾਵੇ।

ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ



## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ ਲੱਖ ਵਧਾਈਆਂ



ਜਥੇਦਾਰ ਪਾਖਰ ਸਿੰਘ ਅਕਾਲੀ



Manhamir Singh Nijjar



ਜਥੇਦਾਰ ਸੌਦਾਗਰ ਸਿੰਘ ਅਕਾਲੀ



ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ



Varinder Singh Nijjar Jagbir Singh Nijjar

# ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

## ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)

ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ

# ਨਿੱਝਰ ਬ੍ਰਦਰਜ਼ ਤੇ ਪਰਿਵਾਰ

ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577


ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ ਲੱਖ ਵਧਾਈਆਂ
CHARKHA's
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ
ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ
ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ
ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀ ਸਮੂਹ ਸਾਧ ਸੰਗਤ ਨੂੰ
ਲੱਖ ਲੱਖ ਵਧਾਈਆਂ
Best Western
Holiday Inn Express & Suites
ਸਿਟੀ ਆਫ਼ ਗਾਲਟ ਦੇ ਮੇਅਰ ਅਤੇ
ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ
ਦੇ ਮੁੱਖ ਸੇਵਾਦਾਰ
ਸ. ਪਰਗਟ ਸਿੰਘ ਸੰਧੂ




ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

## ਸ੍ਰੀ ਰਾਮ ਸਰੋਏ, ਸ੍ਰੀ ਸਤਿੰਦਰ ਸਰੋਏ ਅਤੇ ਸਰੋਏ ਪਰਿਵਾਰ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ

ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ.) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ

# ਗੁਰੂ ਨਾਨਕੁ ਜਿਨ ਸੁਣਿਆ ਪੇਖਿਆ



**ਰਮੇਸ਼ ਬੱਗਾ ਚੋਹਲਾ**

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਛੋਟੀ ਉਮਰ ਦਾ ਹੋਣ ਕਰਕੇ ਆਧੁਨਿਕਤਾ ਦੇ ਵਧੀਕ ਨੇੜੇ ਹੈ। ਇਸ ਧਰਮ ਨੂੰ ਵਿਗਿਆਨਕ ਧਰਮ ਵੀ ਕਿਹਾ ਜਾਂਦਾ ਹੈ। ਇਸ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਨਕ ਨਾਮ ਲੇਵਾ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਵਿਗਿਆਨਕ ਵਿਚਾਰਧਾਰਾ ਪ੍ਰਦਾਨ ਕੀਤੀ ਹੈ। ਮਨੁੱਖਤਾ ਦੀ ਕਦਰਦਾਨ ਅਤੇ ਸਰਬੱਤ ਦੇ ਭਲੇ ਦੀ ਹਾਮੀ ਹੋਣ ਕਰਕੇ ਇਸ ਵਿਚਾਰਧਾਰਾ ਦਾ ਬੋਲਬਾਲਾ ਸਿਰਫ ਹਿੰਦੁਸਤਾਨ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਹੀ ਹੈ।

ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ 15 ਅਪ੍ਰੈਲ 1469 ਈ: ਨੂੰ ਅਜੋਕੇ ਪਾਕਿਸਤਾਨ ਦੇ ਜ਼ਿਲਾ ਸੇਖੂਪੁਰੇ ਦੇ ਪਿੰਡ ਤਲਵੰਡੀ ਵਿਖੇ ਬਾਬਾ ਕਲਿਆਣ ਦਾਸ ਉਰਫ ਮਹਿਤਾ ਕਾਲੂ (ਪਟਵਾਰੀ) ਅਤੇ ਮਾਤਾ ਤ੍ਰਿਪਤਾ ਦੇ ਗ੍ਰਹਿ ਵਿਖੇ ਅਵਤਾਰ ਧਾਰਿਆ। ਇਹ ਮਾਣਮੱਤਾ ਪਿੰਡ ਜਿਸ ਨੂੰ ਨਨਕਾਣਾ ਸਾਹਿਬ ਵੀ ਕਿਹਾ ਜਾਂਦਾ ਹੈ। ਲਾਹੌਰ ਦੀ ਦੱਖਣ ਪੱਛਮੀ ਬਾਹੀ ਵਿੱਚ ਲਗਪਗ 42 ਮੀਲ ਦੀ ਦੂਰੀ 'ਤੇ ਸਥਿਤ ਹੈ।

ਜਿਸ ਕਾਲ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਅਵਤਾਰ ਧਾਰਿਆ ਉਹ ਕਾਲ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਬਹੁਤ ਅਹਿਮਤਰੀਨ ਕਾਲ ਹੈ। ਇਹ ਸਮਾਂ ਜਿਥੇ ਕਲਾ, ਸਾਹਿਤ ਅਤੇ ਗਿਆਨ ਦੀ ਮੁੜ ਉਸਾਰੀ ਦਾ ਸਮਾਂ ਸੀ, ਉਥੇ ਖੋਜ ਅਤੇ ਲੱਭਤ ਦਾ ਸਮਾਂ ਵੀ ਸੀ।

ਦੁਨਿਆਵੀਂ ਸਿੱਖਿਆ ਹਾਸਲ ਕਰਨ ਲਈ ਗੁਰੂ ਨਾਨਕ ਸਾਹਿਬ ਜੀ ਨੂੰ 7 ਸਾਲ ਦੀ ਉਮਰ ਵਿੱਚ ਗੋਪਾਲ ਪੰਡਿਤ ਪਾਸੋਂ ਹਿੰਦੀ ਅਤੇ ਬਿਰਜ ਲਾਲ ਪਾਸੋਂ ਸੰਸਕ੍ਰਿਤ ਪੜ੍ਹਨ ਹਿੱਤ ਭੇਜਿਆ ਗਿਆ। ਇਥੇ ਹੀ ਬੱਸ ਨਹੀਂ 13 ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਫ਼ਾਰਸੀ ਤਾਲੀਮ ਸਿੱਖਣ ਦੇ ਮਨੋਰਥ ਹਿੱਤ ਮੌਲਵੀ ਕੁਤਬਦੀਨ ਪਾਸ ਵੀ ਭੇਜਿਆ ਗਿਆ। ਆਪ ਜੀ ਨੇ ਜਿਥੇ ਉਪਰੋਕਤ ਉਸਤਾਦਾਂ ਪਾਸੋਂ ਸੰਸਾਰੀ ਸਿੱਖਿਆ ਗ੍ਰਹਿਣ ਕੀਤੀ, ਉਥੇ ਉਹਨਾਂ (ਉਸਤਾਦਾਂ) ਨੂੰ ਸੱਚੀ ਸਿੱਖਿਆ (ਰੱਬੀ ਗਿਆਨ) ਦਾ ਪਾਠ ਵੀ ਪੜਾਇਆ। ਆਪਣੇ ਹਾਣੀਆਂ ਨੂੰ ਵੀ ਗੁਰੂ ਜੀ ਨੇ ਸੱਚ/ਪ੍ਰਮਾਤਮਾ ਦੀ ਸਿੱਖਿਆ ਨਾਲ ਜੋੜਿਆ। ਰਾਇ ਬੁਲਾਰ ਭੱਟੀ ਗੁਰੂ ਸਾਹਿਬ ਦੇ ਜੀਵਨ ਤੋਂ ਏਨਾ ਪ੍ਰਭਾਵਿਤ ਹੋਇਆ ਹੈ ਕਿ ਉਸਨੂੰ ਸਭ ਤੋਂ ਪਹਿਲਾਂ ਸਿੱਖ ਹੋਣ ਦਾ ਸ਼ਰਫ ਹਾਸਿਲ ਹੈ।

ਜਦੋਂ ਗੁਰੂ ਨਾਨਕ ਸਾਹਿਬ ਜੀ 10-11 ਸਾਲ ਦੇ ਹੋਏ ਤਾਂ ਉਹਨਾਂ ਦਾ ਨਿਖੇੜਾ ਜਾਤਹੀਣ ਸ਼ੂਦਰਾਂ ਤੋਂ ਕਰਨ ਲਈ ਪੁਰੋਹਿਤ ਨੇ ਜਨੇਊ ਪਹਿਨਾਉਣ ਦੇ ਬਹੁਤ ਯਤਨ ਕੀਤੇ। ਇਹ ਰਸਮੀ ਯਤਨ ਬ੍ਰਾਹਮਣ ਨੂੰ ਗੁਰੂ ਧਾਰਨ ਵੱਲ ਸੇਧਤ ਸਨ। ਪਰ ਆਪ ਤਾਂ ਜਗਤ ਜਲੰਦੇ ਨੂੰ ਤਾਰਨ ਹਿੱਤ ਧੁਰੋਂ ਪਠਾਏ ਹੋਏ ਗੁਰੂ ਸਨ। ਇਸ ਲਈ ਉਹਨਾਂ ਨੇ ਬ੍ਰਾਹਮਣ ਨੂੰ ਗੁਰੂ (ਜਨੇਊ) ਧਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ 'ਤੇ ਗੁਰੂ ਜੀ ਵਲੋਂ ਇਹ ਸ਼ਬਦ ਉਚਾਰਿਆ ਗਿਆ:

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**

(ਪੰਨਾ-471)

ਪਿੰਡ ਤਲਵੰਡੀ ਦੇ ਵਸਨੀਕ ਭਾਈ ਮਰਦਾਨਾ ਜੀ ਜੋ ਮੁਸਲਮਾਨ ਮਿਰਾਸੀ ਸਨ, ਗੁਰੂ ਸਾਹਿਬ ਦੇ ਬਹੁਤ ਪਿਆਰੇ ਮਿੱਤਰ ਸਨ। ਬਤੌਰ ਰਬਾਬੀ ਉਹ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ ਹਨ।

18 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਆਨੰਦ ਕਾਰਜ ਬਟਾਲੇ ਸ਼ਹਿਰ ਦੇ ਬਸ਼ਿੰਦੇ ਸ੍ਰੀ ਮੂਲ ਚੰਦ ਦੀ ਧੀ ਸੁਲੱਖਣੀ ਨਾਲ ਹੋਇਆ। ਇਸ ਪਵਿੱਤਰ ਬੰਧਨ ਦੇ ਮੌਕੇ ਕੁਝ ਸ਼ਰਾਰਤੀ ਪੁਰੋਹਿਤਾਂ ਨੇ ਗੁਰੂ ਜੀ ਉਪਰ ਕੱਚੀ ਕੰਧ ਡੇਗਣ ਦੀ ਵਿਉਂਤਬੰਦੀ ਕੀਤੀ ਪਰ ਦਿਲਾਂ ਦੀਆਂ ਬੁੱਝਣ ਵਾਲੇ ਨਾਨਕ ਨੇ ਉਹਨਾਂ ਦੀ ਵਿਉਂਤ ਹਮੇਸ਼ਾਂ ਲਈ ਫੇਲ੍ਹ ਕਰ ਦਿੱਤੀ। ਇਹ ਕੰਧ ਅਜੇ ਵੀ ਬਟਾਲੇ ਵਿੱਚ ਯਾਦਗਾਰ ਦੇ ਤੌਰ'ਤੇ ਕਾਇਮ ਹੈ। ਆਪ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲਖਮੀ ਜੀ ਦਾਸ ਪੈਦਾ ਹੋਏ।

35 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਪੁਹੰਚ ਗਏ। ਇਥੇ ਆਪ ਨਵਾਬ ਦੌਲਤ ਖਾਂ ਲੋਧੀ ਦੇ ਮੋਦੀ ਬਣ ਗਏ। ਜਿਥੇ ਆਪ ਨੇ ਰਿਸ਼ਵਤ ਖੋਰੀ ਬੰਦ ਕਰਵਾਈ ਅਤੇ ਗਰੀਬਾਂ ਅਮੀਰਾਂ ਨੂੰ ਇਕੋ ਜਿਹਾ ਇਨਸਾਫ ਦਿੱਤਾ। ਕਾਰੋਬਾਰ ਤੋਂ ਵਿਹਲੇ ਹੋ ਕੇ ਗੁਰੂ ਜੀ ਇਸ ਨਗਰ ਵਿੱਚ ਸਤਿਸੰਗ ਵੀ ਕਰਿਆ ਕਰਦੇ ਸਨ। ਇਸ ਸਤਿਸੰਗ ਦੀ ਬਦੌਲਤ ਸਿੱਖੀ ਧਾਰਕਾਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ। ਇਥੇ ਹੀ ਮਲਸੀਹਾਂ ਦੇ ਵਸਨੀਕ ਭਗੀਰਥ ਅਤੇ ਮਨਸੁੱਖ ਆਪ ਜੀ ਦੇ ਸਿੱਖ ਬਣੇ। 1507 ਈ: ਵਿੱਚ ਗੁਰੂ ਨਾਨਕ ਸਾਹਿਬ ਜੀ ਵਲੋਂ ਜਗਤ ਜਲੰਦੇ ਦੇ ਸੁਧਾਰ ਹਿੱਤ ਇਕਾਂਤਵਾਸ ਕੀਤਾ ਗਿਆ। ਇਸ ਇਕਾਂਤਵਾਸ ਤੋਂ ਬਾਦ ਉਹਨਾਂ ਨੇ ਭਟਕੀ ਹੋਈ ਲੋਕਾਈ ਨੂੰ ਇੱਕ ਨਵੀਨ 'ਨਾਅਰਾ ਨਾ ਕੋ ਹਿੰਦੂ ਨਾ ਮੁਸਲਮਾਨ' ਦਿੱਤਾ। ਮਨੁੱਖਤਾ ਨੂੰ ਪਰਨਾਏ ਇਸ ਨਾਅਰੇ ਦੀ ਖ਼ੂਬ ਚਰਚਾ ਹੋਈ ਪਰ ਇਹ ਚਰਚਾ ਉਸ ਵਕਤ ਦੇ ਨਵਾਬ ਅਤੇ ਕਾਜ਼ੀ ਨੂੰ ਹਜ਼ਮ ਨਾ ਹੋ ਸਕੀ। ਉਹਨਾਂ ਨੇ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਦਾ ਵਿਰੋਧ ਕੀਤਾ ਪਰ ਜਿੱਤ ਆਖਰ ਸੱਚ ਦੀ ਹੀ ਹੋਈ। ਆਪਣੀ ਇਸ ਸੋਚ ਨੂੰ ਦੁਨੀਆਂ ਦੇ ਵੱਖ-ਵੱਖ ਖੇਤਰਾਂ ਤੱਕ ਪਹੁੰਚਾਉਣ ਹਿੱਤ ਗੁਰੂ ਜੀ ਵਲੋਂ ਕਈ ਪ੍ਰਚਾਰ ਦੌਰੇ ਵੀ ਕੀਤੇ ਗਏ, ਜਿਹਨਾਂ ਨੂੰ ਸਿੱਖ ਇਤਿਹਾਸ ਵਿੱਚ ਉਦਾਸੀਆਂ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀਆਂ ਇਹਨਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ:

ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਭਾਰਤ ਵਿੱਚ ਵੈਦਿਕ ਧਰਮ ਦੀ ਚੜ੍ਹਤ ਸੀ, ਜਿਸ ਦੀ ਬੁਨਿਆਦ ਵਰਣ ਆਸ਼ਰਮ ਧਰਮ'ਤੇ ਆਧਾਰਿਤ ਸੀ। ਜਦੋਂ ਗੁਰੂ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਭਾਰਤੀ ਸਮਾਜ ਬਹੁਤ ਹੀ ਗੁੰਝਲਦਾਰ ਜਾਤੀਆਂ ਅਤੇ ਧਾਰਮਿਕ ਫਿਰਕਿਆਂ ਵਿੱਚ ਵੰਡਿਆ ਹੋਇਆ ਸੀ। ਮਨੁੱਖ ਦੀ ਪਛਾਣ ਕਰਮ ਆਧਾਰਿਤ ਨਾ ਹੋ ਕੇ ਸਗੋਂ ਜਨਮ ਆਧਾਰਿਤ ਸੀ। ਲੋਕਾਂ ਵਿਚੋਂ ਆਪਸੀ ਭਾਈਚਾਰੇ ਅਤੇ ਇਕਸੁਰਤਾ ਦੀ ਭਾਵਨਾ ਪੂਰੀ ਤਰ੍ਹਾਂ ਅਲੋਪ ਹੋ ਚੁੱਕੀ ਸੀ।

ਅਜਿਹੀ ਤਰਸਯੋਗ ਸੂਰਤ-ਏ-ਹਾਲ ਵਿੱਚ ਸਿਫ਼ਤੀ ਅਤੇ ਇਨਕਲਾਬੀ ਤਬਦੀਲੀ ਲਿਆਉਣ ਲਈ ਗੁਰੂ ਨਾਨਕ ਸਾਹਿਬ ਜੀ ਨੇ ਸਤੰਬਰ 1507 ਈ: ਨੂੰ ਭਾਈ ਮਰਦਾਨੇ ਨੂੰ ਨਾਲ ਲੈ ਕੇ ਦੁਨੀਆਂ ਦੀਆਂ ਵੱਖ-ਵੱਖ ਦਿਸ਼ਾਵਾਂ ਵਿੱਚ ਪ੍ਰਚਾਰ ਦੌਰੇ ਅਰੰਭ ਕੀਤੇ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਉਹ ਭਾਰਤ ਦੀਆਂ ਸਾਰੀਆਂ ਕੂੰਟਾਂ ਵਿੱਚ ਜਾਣ ਦੇ ਨਾਲ-ਨਾਲ ਵਿਦੇਸ਼ਾਂ ਵਿੱਚ ਵੀ ਗਏ। ਇਸ ਦੇਸ਼ਾਂ ਰਟਨ ਵਿੱਚ ਗੁਰੂ ਸਾਹਿਬ ਦਾ ਲਗਪਗ 25 ਕੁ ਸਾਲ ਦਾ ਸਮਾਂ ਲੇਖੇ ਲੱਗਾ। ਇਨ੍ਹਾਂ ਉਦਾਸੀਆਂ ਸਮੇਂ ਉਹ ਬਹੁਤ ਸਾਰੇ ਵਿਅਕਤੀਆਂ ਨੂੰ ਮਿਲੇ। ਉਹਨਾਂ ਦਾ ਪੜਾਅ ਕਦੇ ਗਰੀਬ ਘਰਾਂ ਅਤੇ ਕਦੇ ਨੀਲੀ ਛੱਤ ਹੇਠ ਹੀ ਹੁੰਦਾ ਰਿਹਾ। ਇਹਨਾਂ ਉਦਾਸੀਆਂ ਵਿੱਚ ਉਹਨਾਂ ਦਾ ਮਿਲਾਪ ਛੋਟੇ ਅਤੇ ਅਣਗੋਲੇ ਲੋਕਾਂ ਦੇ ਨਾਲ-ਨਾਲ ਕਈ ਬਾਦਸ਼ਾਹਾਂ ਨਾਲ ਵੀ ਹੋਇਆ।

**ਪਹਿਲੀ ਉਦਾਸੀ:-** ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦਾ ਸਮਾਂ ਲਗਪਗ 8 ਸਾਲ ਹੈ। ਇਸ ਉਦਾਸੀ ਦੌਰਾਨ ਉਹ ਸਭ ਤੋਂ ਪਹਿਲਾਂ ਐਮਨਾਬਾਦ ਗਏ ਜੋ ਤਲਵੰਡੀ ਤੋਂ ਲਗਪਗ 60 ਕਿ: ਮੀ:'ਤੇ ਸਥਿਤ ਹੈ। ਇਥੇ ਆਪ ਧਰਮ ਦੀ ਕਿਰਤ ਕਰਨ ਵਾਲੇ ਇੱਕ ਅਤਿ ਗਰੀਬੜੇ ਮਨੁੱਖ ਭਾਈ ਲਾਲੋ ਦੇ ਘਰ ਠਹਿਰੇ। ਭਾਈ ਸਾਹਿਬ ਲੱਕੜੀ ਦਾ ਕੰਮ ਕਰਦੇ ਸਨ। ਬ੍ਰਾਹਮਣਾਂ ਨੇ ਇਸ ਗੱਲ ਦਾ ਬੁਰਾ ਮਨਾਇਆ ਕਿ ਗੁਰੂ ਜੀ ਨੀਵੀਂ ਜਾਤੀ ਦੇ ਵਿਅਕਤੀ ਦੇ ਘਰ ਕਿਉਂ ਠਹਿਰੇ ਹਨ। ਪਰ ਆਪ ਨੇ ਇਸ ਵਿਰੋਧ ਦਾ ਕੋਈ ਅਸਰ ਨਾ ਕਬੂਲਿਆ। ਕਿਉਂਕਿ ਉਹਨਾਂ ਦਾ ਮਿਸ਼ਨ ਵੀ ਵਰਣਵਾਦੀ ਸਿਸਟਮ ਨੂੰ ਤੋੜਨਾ ਸੀ। ਇਸ ਮਿਸ਼ਨ ਦੀ ਹੀ ਪੁਸ਼ਟੀ ਕਰਦਾ ਹੈ ਉਹਨਾਂ ਦਾ ਇਹ ਫੁਰਮਾਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥** (ਪੰਨਾ-15)

ਹਰਿਦੁਆਰ ਵਿਖੇ ਵਿਸਾਖੀ ਦਾ ਪੁਰਬ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਸੀ। ਮੇਲਾ ਵੇਖਣ ਵਾਲੇ ਮੇਲੀ ਅਤੇ ਸ਼ਰਧਾਲੂ ਗੰਗਾ ਨਦੀ ਵਿੱਚ ਇਸ਼ਨਾਨ ਕਰਦੇ ਸਨ। ਸਿਰਫ਼ ਇਸ਼ਨਾਨ ਹੀ ਨਹੀਂ ਸਗੋਂ ਆਪਣੇ ਪਿੱਤਰਾਂ ਨੂੰ ਸੂਰਜ ਸਾਹਿਬਤਾ ਰਾਹੀਂ ਪਾਣੀ ਵੀ ਪਹੁੰਚਾਉਂਦੇ ਸਨ। ਗੁਰੂ ਜੀ ਨੇ ਜਿਥੇ ਬੜੇ ਨਾਟਕੀ ਢੰਗ ਨਾਲ ਅਜਿਹੇ ਵਿਚਾਰਾਂ ਨੂੰ ਤਿਲਾਂਜਲੀ ਦੇਣ ਦਾ ਉਪਦੇਸ਼ ਦਿੱਤਾ, ਉਥੇ ਵੈਸ਼ਨਵ ਸਾਧੂਆਂ ਨੂੰ ਮਨੁੱਖੀ ਬਰਾਬਰਤਾ ਦਾ ਸਬਕ ਵੀ ਦਿੱਤਾ। ਗੁਰੂ ਜੀ ਨੇ ਉਹਨਾਂ ਨੂੰ ਬੜਾ ਸਮਝਾਇਆ ਕਿ ਰੱਬ ਦਾ ਕੋਈ ਵੀ ਬੰਦਾ ਮਾੜਾ ਜਾਂ ਨੀਚ ਨਹੀਂ ਹੈ। ਗੋਰਖ ਮਤੇ ਗੋਰਖ ਨਾਥ ਅਤੇ ਉਸਦੇ ਚੇਲਿਆਂ ਦਾ ਗੜ੍ਹ ਸੀ। ਇਹ ਸਥਾਨ ਪੀਲੀਭੀਤ ਤੋਂ ਲਗਪਗ 20 ਕੁ ਕਿਲੋਮੀਟਰ ਦੀ ਵਿੱਥ'ਤੇ ਸਥਿਤ ਹੈ। ਇਥੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਪ੍ਰਮਾਤਮਾ ਬਾਹਰੀ ਭੇਖ'ਤੇ ਨਹੀਂ ਰੀਝਦਾ ਸਗੋਂ ਉਸ ਦੀ ਪ੍ਰਾਪਤੀ ਦੀ ਜੁਗਤ ਵਿਕਾਰ ਰਹਿਤ ਜੀਵਨ ਬਸਰ ਕਰਦਿਆਂ ਉਸ ਦੀ ਸਿਫਤ ਸਲਾਹ ਕਰਨਾ ਹੈ। ਗੁਰੂ ਜੀ ਦੀ ਆਮਦ ਸਦਕਾ ਇਸ ਸਥਾਨ ਦਾ ਨਾਂ ਗੋਰਖ ਮਤੇ ਤੋਂ ਤਬਦੀਲ ਹੋ ਕੇ ਨਾਨਕ ਮਤਾ ਪੈ ਗਿਆ।

ਨਾਨਕ ਮਤੇ ਤੋਂ ਪ੍ਰਚਾਰ ਕਰਦੇ ਹੋਏ ਗੁਰੂ ਨਾਨਕ ਸਾਹਿਬ ਜੀ ਦੀਵਾਲੀ ਵਾਲੇ ਦਿਨ ਅਯੁੱਧਿਆ ਪਹੁੰਚੇ। ਇਥੇ ਆਪ ਜੀ ਦੀ ਭੇਟ ਭਾਈ ਰਾਮਾਨੰਦ ਜੀ ਦੇ ਚੇਲਿਆਂ ਨਾਲ ਹੋਈ। ਇਹਨਾਂ ਬੈਰਾਗੀਆਂ ਨੂੰ ਮੁਕਤੀ ਮਾਰਗ ਬਾਰੇ ਦਸਦਿਆ ਗੁਰੂ ਜੀ ਨੇ ਫੁਰਮਾਇਆ ਕਿ ਮੂਰਤੀ ਪੂਜਾ ਨੂੰ ਤਿਆਗ ਕੇ ਇੱਕ ਅਕਾਲ ਪੁਰਖ ਦੀ ਪੂਜਾ ਵਿੱਚ ਲੱਗ ਜਾਉ।

ਇਲਾਹਬਾਦ ਦਾ ਪੁਰਾਣਾ ਨਾਂ ਪ੍ਰਯਾਗ ਸੀ। ਗੰਗਾ ਜਮਨਾ ਦੇ ਸੰਗਮ ਵਾਲਾ ਇਹ ਹਿੰਦੂਆਂ ਦਾ ਤੀਰਥ ਸਥਾਨ ਹੈ। ਇਹਨਾਂ ਨਦੀਆਂ ਵਿੱਚ



ਇਸ਼ਨਾਨ ਕਰਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਇਸ ਮਹੱਤਵ ਨੂੰ ਘਟਾਉਂਦਿਆਂ ਗੁਰੂ ਜੀ ਨੇ ਕਿਹਾ ਕਿ ਤੀਰਥ ਇਸ਼ਨਾਨ ਦਾ ਪ੍ਰਭੂ ਦੀ ਭਗਤੀ ਨਾਲ ਕੋਈ ਬਹੁਤਾ ਸਰੋਕਾਰ ਨਹੀਂ ਹੈ। ਕਿਉਂਕਿ ਇਸ਼ਨਾਨ ਸਿਰਫ ਤਨ ਦੀ ਮੈਲ ਉਤਾਰਦਾ ਹੈ, ਮਨ ਦੀ ਨਹੀਂ। ਸੱਚਾ ਤੀਰਥ ਤਾਂ ਗੁਰੂ ਆਪ ਹੈ ਜਿਸ ਦੀ ਸਿੱਖਿਆ ਰੂਪੀ ਨਦੀ ਵਿੱਚ ਨਹਾ ਕੇ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਬਨਾਰਸ ਸੰਸਕ੍ਰਿਤ ਵਿਦਿਆ ਅਤੇ ਹਿੰਦੂ ਧਰਮ ਦਾ ਕੇਂਦਰ ਹੈ। ਇਥੋਂ ਦੇ ਪੰਡਿਤਾਂ ਨੇ ਇਹ ਗੱਲ ਪ੍ਰਚਾਰੀ ਹੋਈ ਸੀ ਕਿ ਜੇਕਰ ਕੋਈ ਮਨੁੱਖ ਪੰਡਿਤਾਂ ਨੂੰ ਦਾਨ-ਪੁੰਨ ਕਰਨ ਮਗਰੋਂ ਆਰੇ ਨਾਲ ਸਰੀਰ ਚਿਰਾਵੇਗਾ ਤਾਂ ਉਹ ਸਿੱਧਾ ਸ਼ਿਵਪੁਰੀ ਨੂੰ ਜਾਏਗਾ ਪਰ ਗੁਰੂ ਜੀ ਨੇ ਬਨਾਰਸ ਵਾਸੀਆਂ ਨੂੰ ਪੰਡਿਤਾਂ ਦੀਆਂ ਚਾਲਾਂ ਤੋਂ ਸੁਚੇਤ ਕਰਦਿਆਂ ਕਿਹਾ ਕਿ ਮੁਕਤੀ ਕਿਸੇ ਵਿਸ਼ੇਸ਼ ਥਾ ਤੇ ਮਰਨ ਨਾਲ ਨਹੀਂ ਸਗੋਂ ਚੰਗੇ ਕਰਮਾਂ ਨਾਲ ਮਿਲਦੀ ਹੈ।

ਇਥੇ ਆਪ ਨੇ ਪੰਡਿਤ ਚਤੁਰਦਾਸ ਨੂੰ ਸਮਝਾਇਆ ਕਿ ਤਿਲਕ, ਤੁਲਸੀ, ਮਾਲਾ ਸਾਲਗ੍ਰਾਮ ਅਤੇ ਧਾਰਮਿਕ ਪਹਿਰਾਵਾ ਬ੍ਰਾਹਮਣ ਹੋਣ ਦੀ ਬਾਹਰਮੁਖੀ ਨਿਸ਼ਾਨੀ ਹਨ ਪਰ ਅਸਲੀ ਬ੍ਰਾਹਮਣ ਫੋਕਟ ਕਰਮਕਾਡਾਂ ਵਿੱਚ ਸਮਾਂ ਨਸਟ ਕਰਨ ਦੀ ਬਜਾਏ ਉਸ ਪ੍ਰਭੂ ਦੀ ਸਿਫਤ ਸਲਾਹ ਵਿੱਚ ਸਮਾਂ ਬਤੀਤ ਕਰਦਾ ਹੈ। ਬਨਾਰਸ ਵਿਚੋਂ ਗੁਰੂ ਨਾਨਕ ਸਾਹਿਬ ਜੀ ਨੇ ਭਗਤ ਕਬੀਰ, ਭਗਤ ਰਵੀਦਾਸ ਅਤੇ ਰਾਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ।

ਗਯਾ ਬਿਹਾਰ ਪ੍ਰਾਂਤ ਵਿੱਚ ਫਲਗੂ ਨਦੀ ਦੇ ਕੰਢੇ ਤੇ ਸਥਿਤ ਹੈ। ਬ੍ਰਾਹਮਣਾਂ ਦੇ ਸਿਖਾਏ ਲੋਕ ਇਥੇ ਆਪਣੇ ਪਿਤਰਾਂ ਦੀ ਗਤੀ ਲਈ ਦਾਨ-ਪੁੰਨ ਕਰਨ ਵਾਸਤੇ ਆਉਂਦੇ ਸਨ। ਅਜਿਹੇ ਲੋਕਾਂ ਨੂੰ ਸਿਖਿਆ ਦਿੰਦਿਆਂ ਗੁਰੂ ਜੀ ਨੇ ਕਿਹਾ ਕਿ ਮੌਤ ਪਿਛੋਂ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਛੜੀ ਹੋਈ ਆਤਮਾ ਨੂੰ ਕੋਈ ਲਾਭ ਨਹੀਂ ਪਹੁੰਚਦਾ।

ਬਿਹਾਰ ਪ੍ਰਾਂਤ ਤੋਂ ਬਾਅਦ ਗੁਰੂ ਨਾਨਕ ਸਾਹਿਬ ਜੀ ਆਸਾਮ ਵਿੱਚ ਦਾਖਲ ਹੋਏ। ਉਸ ਵਕਤ ਇਸ ਪ੍ਰਾਂਤ ਨੂੰ ਕਾਮਰੂਪ ਕਿਹਾ ਜਾਂਦਾ ਸੀ, ਇਸ ਪ੍ਰਾਂਤ ਦੇ ਪ੍ਰਸਿੱਧ ਸ਼ਹਿਰ ਗੋਹਾਟੀ ਵਿੱਚ ਕਾਮਖਯਾ ਸਾਹਿਬੀ ਦਾ ਮੰਦਰ ਹੈ। ਇਹ ਮੰਦਰ ਵਾਮ ਮਾਰਗੀਆਂ ਦਾ ਹੈ। ਇਹ ਲੋਕ ਧਰਮ ਤੇ ਆਚਰਣ ਤੋਂ ਗਿਰੇ ਕੰਮਾਂ ਨੂੰ ਧਰਮ ਦਾ ਜ਼ਰੂਰੀ ਅੰਗ ਸਮਝਦੇ ਸਨ। ਗੁਰੂ ਜੀ ਨੇ ਇਹਨਾਂ ਲੋਕਾਂ ਨੂੰ ਨਸ਼ਿਆਂ ਤੇ ਆਚਰਣ ਹੀਣ ਕੰਮਾਂ ਤੋਂ ਪ੍ਰਹੇਜ਼ ਕਰਨ ਲਈ ਕਿਹਾ ਅਤੇ ਸਮਝਾਇਆ ਕਿ ਕੁਕਰਮਾਂ ਨੂੰ ਧਰਮ ਦੀ ਆੜ ਵਿੱਚ ਸੁਕਰਮ ਨਹੀਂ ਬਣਾਇਆ ਜਾ ਸਕਦਾ।

ਢਾਕੇ ਵਿਚੋਂ ਹੀ ਗੁਰੂ ਜੀ ਨੇ ਭਗਤ ਜੈ ਸਾਹਿਬ ਜੀ ਦੇ ਦੋ ਸ਼ਬਦ ਪ੍ਰਾਪਤ ਕੀਤੇ।

ਜਗਨ ਨਾਥ ਪੁਰੀ ਦੇ ਮੰਦਰ ਜੋ ਕਿ ਉੜੀਸਾ ਵਿਖੇ ਸਥਿਤ ਹੈ, ਵਿੱਚ ਪਹੁੰਚ ਕੇ ਗੁਰੂ ਜੀ ਨੇ ਲੋਕਾਂ ਨੂੰ ਦਸਿਆ ਕਿ ਕੋਈ ਵੀ ਸਾਹਿਬੀ ਸਾਹਿਬਤਾ ਜਗਨਨਾਥ ਨਹੀਂ ਹੋ ਸਕਦਾ ਸਗੋਂ ਜਗਤ ਦਾ ਨਾਥ ਤਾਂ ਵਾਹਿਗੁਰੂ ਆਪ ਹੈ।

ਜਦੋਂ ਗੁਰੂ ਜੀ ਨੂੰ ਜਗਨਨਾਥ ਦੀ ਮੂਰਤੀ ਦੀ ਆਰਤੀ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਤਾਂ ਉਹਨਾਂ ਨੂੰ ਇਹ ਕਹਿ ਕੇ ਆਰਤੀ ਵਿੱਚ ਸ਼ਮੂਲੀਅਤ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇ ਜਗਨਨਾਥ ਦੀ ਆਰਤੀ ਤਾਂ ਉਸ ਦੀ ਬਣਾਈ ਕੁਦਰਤ ਆਪ ਹੀ ਉਤਾਰ ਰਹੀ ਹੈ। ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਦਿਖਾਵੇ ਦੀ ਆਰਤੀ ਨਾਲ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਸੱਚੀ ਆਰਤੀ ਤਾਂ ਉਸ ਦੇ ਭਾਣੇ ਵਿੱਚ ਰਹਿ ਕੇ ਸਰਬੱਤ ਦਾ ਭਲਾ ਲੋਚਣਾ ਹੈ। ਇਥੇ ਹੀ ਆਪ ਨੇ ਕਲਯੁੱਗ ਨਾਂ ਦੇ ਪਾਂਧੇ ਦਾ ਪਰਦਾਫਾਸ਼ ਕੀਤਾ ਜੋ ਮਾਇਆ ਦੇ ਲਾਲਚ ਵਿੱਚ ਭੋਲੀ ਜਨਤਾ ਨੂੰ ਗੁੰਮਰਾਹ ਕਰ ਰਿਹਾ ਸੀ। ਪੁਰੀ ਤੋਂ ਬਾਅਦ ਗੁਰੂ ਜੀ ਭੀਲਾਂ ਦੇ ਇਲਾਕੇ ਵਿੱਚ ਆ ਗਏ ਜਿਸਨੂੰ ਦ੍ਰਾਵਿੜ ਵੀ ਕਿਹਾ ਜਾਂਦਾ ਹੈ। ਇਥੇ ਆਉਣ ਦਾ ਸਬੱਬ ਭਾਈ ਮਰਦਾਨਾ ਸੀ/ਕੌਡਾ ਰਾਖਸ਼ ਭਾਈ ਜੀ ਨੂੰ ਮਾਰਨ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਗੁਰੂ ਜੀ ਵੀ ਉਥੇ ਪਹੁੰਚ ਗਏ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਅਤੇ ਦਰਸ਼ਨ-ਦੀਦਾਰ ਕਰਕੇ ਕੌਡਾ ਨਿਹਾਲ ਹੋ ਗਿਆ ਤਾਂ ਉਸ ਨੇ ਭਾਈ ਮਰਦਾਨੇ ਨੂੰ ਛੱਡ ਦਿੱਤਾ। ਇਸ ਦੇ ਨਾਲ ਹੀ ਉਸ ਨੇ ਗੁਰੂ ਜੀ ਨੂੰ ਅੱਗੇ ਤੋਂ ਹਮੇਸ਼ਾਂ ਲਈ ਸੱਚੇ ਮਾਰਗ ਉੱਤੇ ਚੱਲਣ ਦਾ ਵਿਸ਼ਵਾਸ਼ ਵੀ ਦਿਵਾਇਆ।

ਇਸ ਉਦਾਸੀ ਦੇ ਸਫ਼ਰ ਦੌਰਾਨ ਗੁਰੂ ਜੀ ਸਿੰਗਲਾਦੀਪ (ਸ੍ਰੀ ਲੰਕਾ) ਪਹੁੰਚੇ। ਇਥੋਂ ਦਾ ਰਾਜਾ ਸ਼ਿਵਨਾਭ ਜੋ ਕਿ ਗੁਰੂ ਨਾਨਕ ਸਾਹਿਬ ਜੀ ਦਾ ਅਨਿਨ ਸ਼ਰਧਾਲੂ ਸੀ, ਨੂੰ ਗੁਰੂ ਜੀ ਦੇ ਦਰਸ਼ਨਾਂ ਦੀ ਤੀਬਰ ਤਾਂਘ ਸੀ। ਗੁਰੂ ਜੀ ਨੇ ਉਸ ਨੂੰ ਦਰਸ਼ਨ ਦੇ ਕੇ ਉਸ ਦੀ ਤਾਂਘ ਪੂਰੀ ਕੀਤੀ। ਇਸ ਉਦਾਸੀ ਦੌਰਾਨ ਹੀ ਗੁਰੂ ਨਾਨਕ ਸਾਹਿਬ ਜੀ ਦਿੱਲੀ ਵਿਖੇ ਜਮਨਾ ਨਦੀ ਦੇ ਕਿਨਾਰੇ ਮਜਨੂੰ ਭਗਤ ਨੂੰ ਮਿਲੇ, ਉਹਨਾਂ ਦੇ ਮਿਲਾਪ ਦੀ ਸ਼ਾਹਦੀ ਭਰਦਾ ਹੈ, ਗੁਰਦੁਆਰਾ ਮਜਨੂੰ ਟਿੱਲਾ।

ਗੁਰੂ ਜੀ ਦੀ ਇਸ (ਪਹਿਲੀ) ਉਦਾਸੀ ਦਾ ਅੰਤਮ ਪੜਾਅ ਕੁਰੂਕਸ਼ੇਤਰ ਸੀ। ਇਥੇ ਆਪ ਨੇ ਸੂਰਜ ਗ੍ਰਹਿਣ ਸਮੇਂ ਭੋਜਨ ਦੇ ਛਕਣ ਦੇ ਵਿਚਾਰਾਂ ਦਾ ਖੰਡਣ ਕੀਤਾ ਜੋ ਬ੍ਰਾਹਮਣਾਂ ਦੁਆਰਾ ਨਿੱਜੀ ਸੁਆਰਥ ਹਿੱਤ ਫੈਲਾਏ ਗਏ ਸਨ।

**ਦੂਜੀ ਉਦਾਸੀ**:- ਪਹਿਲੀ ਉਦਾਸੀ ਦੀ ਤਰਜ਼ 'ਤੇ ਇਸ ਉਦਾਸੀ ਦਾ ਮੁਹਾਣ ਵੀ ਹਿੰਦੂ ਤੀਰਥ ਅਸਥਾਨਾਂ ਅਤੇ ਸਿੱਧ ਜੋਗੀਆਂ ਦੇ ਟਿਕਾਣਿਆਂ ਵੱਲ ਸੀ। ਇਸ ਉਦਾਸੀ ਦੇ ਕੁਝ ਚੋਣਵੇਂ ਪੜਾਅ:-

ਸੁਮੇਰ ਪਰਬਤ ਦੀਆਂ ਗੁਫਾਵਾਂ ਵਿੱਚ ਸਿੱਧ, ਜੋਗੀ ਤੇ ਨਾਥ ਨਿਵਾਸ ਕਰਦੇ ਸਨ। ਇਥੇ ਗੁਰੂ ਸਾਹਿਬ ਦੀਆਂ ਸਿੱਧਾਂ ਨਾਲ ਧਾਰਮਿਕ ਗੋਸ਼ਟੀਆਂ ਹੋਈਆਂ। ਜੋ ਸਿੱਧ ਜੋਗੀ ਗੁਰੂ ਜੀ ਦੇ ਤਰਕ ਦਾ ਸਾਹਮਣਾ ਨਾ ਕਰ ਸਕੇ ਤਾਂ ਉਹਨਾਂ ਨੇ ਕਰਾਮਾਤੀ ਚੱਕਰ ਚਲਾਉਣੇ ਸ਼ੁਰੂ ਕਰ ਦਿੱਤੇ ਪਰ ਇਹ ਚੱਕਰ ਵੀ ਗੁਰੂ ਸਾਹਿਬ 'ਤੇ ਕੋਈ ਪ੍ਰਭਾਵ ਨਾ ਪਾ ਸਕੇ। ਅਖੀਰ ਸਿੱਧਾਂ ਨੇ ਗੁਰੂ ਜੀ ਦੇ ਦਲੀਲਮਈ ਵਿਚਾਰਾਂ ਅੱਗੇ ਹਥਿਆਰ ਸੁੱਟ ਦਿੱਤੇ। ਸੁਮੇਰ ਪਰਬਤ ਤੋਂ ਬਾਅਦ ਗੁਰੂ ਜੀ ਨੇਪਾਲ ਪਹੁੰਚੇ ਅਤੇ ਉਥੋਂ ਦੇ ਰਾਜੇ ਰਘਬੀਰ ਨੂੰ ਆਪਣਾ ਸੇਵਕ ਬਣਾਇਆ।

ਕਸ਼ਮੀਰ ਦੇ ਇਲਾਕੇ ਵਿੱਚ ਗੁਰੂ ਜੀ ਨੇ ਸ੍ਰੀਨਗਰ, ਮਟਨ ਸਾਹਿਬ, ਅਮਰਨਾਥ ਅਤੇ ਵੈਸ਼ਨੋ ਸਾਹਿਬੀ ਦਾ ਰਟਨ ਕੀਤਾ ਅਤੇ ਲੋਕਾਂ ਨੂੰ ਸੱਚ ਦਾ ਰਾਹ ਵਿਖਾਇਆ।

ਜੰਮੂ ਵਿੱਚ ਆਪ ਨੇ ਰਘੁਨਾਥ ਮੰਦਰ ਵਿੱਚ ਟਿਕਾਣਾ ਕੀਤਾ ਅਤੇ ਇਥੇ ਜੁੜੀ ਲੋਕਾਈ ਨੂੰ ਪੱਥਰ ਪੂਜਣ ਤੋਂ ਵਰਜਿਆ।

ਸਿਆਲਕੋਟ ਵਿੱਚ ਗੁਰੂ ਨਾਨਕ ਸਾਹਿਬ ਜੀ ਨੇ ਪੀਰ ਹਮਜ਼ਾ ਗੌਂਸ ਨੂੰ ਸਿੱਧੇ ਰਾਹੇ ਪਾਇਆ ਅਤੇ ਮੌਤ ਦੀ ਸੱਚਾਈ ਨੂੰ ਬਿਆਨ ਕੀਤਾ।

ਇਸ ਉਦਾਸੀ ਦਾ ਛੇਕੜਲਾ ਪੜਾਅ ਪਸਰੂਰ ਸੀ। ਇਥੇ ਗੁਰੂ ਜੀ ਦੀ ਮੀਆਂ ਮਿੱਠਾ ਰਾਮ ਦੇ ਫਕੀਰ ਨਾਲ ਚਰਚਾ ਹੋਈ ਅਤੇ ਆਪ ਨੇ ਉਸ ਨੂੰ ਗੁਰਮਤਿ ਗਿਆਨ ਦੀ ਬਖਸ਼ਿਸ਼ ਕੀਤੀ।

**ਤੀਜੀ ਉਦਾਸੀ**:- ਗੁਰੂ ਨਾਨਕ ਸਾਹਿਬ ਜੀ ਦੀ ਤੀਜੀ ਉਦਾਸੀ ਮੁਸਲਮਾਨੀ ਮੱਤ ਦੇ ਧਾਰਮਿਕ ਸਥਾਨਾਂ ਵੱਲ ਸੀ। ਤਿੰਨ ਵਰ੍ਹਿਆਂ ਦੀ ਇਸ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਜੀ ਨੇ ਇਸਲਾਮ ਧਰਮ ਦੇ ਪੀਰਾਂ, ਫਕੀਰਾਂ, ਮੌਲਵੀਆਂ ਅਤੇ ਹੋਰ ਪੈਰੋਕਾਰਾਂ ਨੂੰ ਅੱਲ੍ਹਾ ਤੋਂ ਦੂਰ ਲਿਜਾਣ ਵਾਲੇ ਵਿਚਾਰ ਅਤੇ ਵਿਵਹਾਰ ਤੋਂ ਪ੍ਰਹੇਜ ਕਰਨ ਦਾ ਉਪਦੇਸ਼ ਦਿੱਤਾ।

ਪਾਕਪਟਨ ਦਾ ਪਹਿਲਾ ਨਾਂ ਅਯੋਧਨ ਸੀ। ਗੁਰੂ ਸਾਹਿਬ ਉਥੇ ਬਾਬਾ ਸ਼ੇਖ ਫਰੀਦ ਦੇ 11ਵੇਂ ਗੱਦੀ-ਨਸ਼ੀਨ ਬਾਬਾ ਸ਼ੇਖ ਬ੍ਰਹਮ ਨੂੰ ਮਿਲੇ ਅਤੇ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕੀਤੀ ਜੋ ਗੁਰਮਤਿ ਦੀ ਅਨੁਸਾਰੀ ਸੀ।

ਇਸ ਤੋਂ ਅਗਲੇਰਾ ਪੈਂਡਾ ਤਹਿ ਕਰਦੇ ਗੁਰੂ ਜੀ ਤੁਲੰਬੇ ਜੋ ਲਾਹੌਰ ਤੋਂ ਮੁਲਤਾਨ ਵਾਲੀ ਸੜਕ ਉਤੇ ਸਥਿਤ ਹੈ, ਪਹੁੰਚੇ। ਇਥੋਂ ਦਾ ਵਸਨੀਕ ਸੱਜਣ ਮੱਲ ਪਹਿਲਾਂ ਆਏ-ਗਏ ਨੂੰ ਆਪਣੇ ਮੁਸਾਫਰਖਾਨੇ ਵਿੱਚ ਠਹਿਰਾ ਦਿੰਦਾ ਸੀ, ਪਰ ਬਾਅਦ ਵਿੱਚ ਲਾਲਚ ਵੱਸ ਆ ਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਸੀ। ਜਦੋਂ ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨੇ ਸਮੇਤ ਉਸ ਕੋਲ ਪਹੁੰਚੇ ਤਾਂ ਉਸ ਨੇ ਅਜਿਹੇ ਪਾਪਾਂ ਤੋਂ ਤੋਬਾ ਕੀਤੀ ਅਤੇ ਧਰਮੀ ਬੰਦਾ ਬਣਨ ਦਾ ਵਚਨ ਦਿੱਤਾ। ਮੱਕਾ ਅਰਬ ਦੇਸ਼ ਦਾ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਸ਼ਹਿਰ ਹੈ। ਇਥੇ ਇਸਲਾਮ ਦੇ ਪੈਰੋਕਾਰਾਂ ਦਾ ਤੀਰਥ ਸਥਾਨ ਕਾਅਬਾ ਵਾਕਿਆ ਹੈ। ਇਥੇ ਆਪ ਨੇ ਮੁਸਲਮਾਨ ਕਾਜ਼ੀਆਂ, ਪੀਰਾਂ ਅਤੇ ਫਕੀਰਾਂ ਨੂੰ ਖੁਦਾ ਦੀ ਸਰਵਵਿਆਪਕਤਾ ਦਾ ਉਪਦੇਸ਼ ਦੇ ਕੇ ਉਹਨਾਂ ਦੇ ਤੰਗਦਿਲੀ ਵਾਲੇ ਭਰਮ ਨੂੰ ਤੋੜਿਆ।

ਇਰਾਕ ਦੇ ਸ਼ਹਿਰ ਬਗਦਾਦ ਦੇ ਵਸਨੀਕ ਸੰਗੀਤ ਨੂੰ ਨਫ਼ਰਤ ਕਰਦੇ ਸਨ ਪਰ ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ ਕਿ ਜੇਕਰ ਸੰਗੀਤ ਦਾ ਉਦੇਸ਼ ਮਾੜਾ ਨਾ ਹੋਵੇ ਤਾਂ ਇਹ ਇੱਕ ਸਰਵੋਤਮ ਵਸਤੂ ਹੋ ਨਿਬੜਦਾ ਹੈ।

ਹਸਨ ਅਬਦਾਲ ਵਿਖੇ ਗੁਰੂ ਨਾਨਕ ਸਾਹਿਬ ਜੀ ਨੇ ਇੱਕ ਕਰਾਮਾਤੀ ਫ਼ਕੀਰ ਵਲੀ ਕੰਧਾਰੀ ਦਾ ਹੰਕਾਰ ਤੋੜਿਆ। ਜਿਸ ਨੇ ਆਪਣੇ ਆਪ ਨੂੰ ਕਰਾਮਾਤੀ ਸਮਝਦਿਆਂ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਨਾਲ ਬੁਰਾ ਵਿਵਹਾਰ ਕੀਤਾ ਸੀ। ਜਦੋਂ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਸ ਨੇ ਗੁਰੂ ਜੀ ਦੇ ਚਰਨੀ ਢਹਿ ਕੇ ਭੁੱਲ ਬਖਸ਼ਾਈ। ਇਥੇ ਇਸ ਘਟਨਾ ਨੂੰ ਤਾਜ਼ਾ ਕਰਦਿਆਂ ਹੋਇਆ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ।

ਸਿੱਖ ਇਤਿਹਾਸ ਵਿੱਚ ਸੈਦਪੁਰ ਦੀ ਘਟਨਾ ਵੀ ਸੁਨਹਿਰੀ ਅੱਖਰਾਂ ਵਿੱਚ ਲਿਖੀ ਹੋਈ ਮਿਲਦੀ ਹੈ। ਇਥੇ ਆਪ ਸਿੱਖ ਸ਼ਰਧਾਲੂ ਭਾਈ ਲਾਲੋ ਦੇ ਘਰ ਠਹਿਰੇ। ਇਸੇ ਠਹਿਰ ਸਮੇਂ ਬਾਬਰ ਦਾ ਹਮਲਾ ਹੋ ਗਿਆ। ਇਸ ਹਮਲੇ ਤਹਿਤ ਮਾਰਧਾੜ ਅਤੇ ਲੁੱਟ ਕਾਰਨ ਚਾਰੇ ਪਾਸੇ ਹਾਹਾਕਾਰ ਮੱਚ ਗਈ। ਸ਼ਹਿਰ ਤਬਾਹ ਹੋ ਗਏ, ਜੋ ਪ੍ਰਾਣੀ ਬਚ ਗਏ ਸਨ, ਉਹਨਾਂ ਨੂੰ ਕੈਦ ਕਰ ਲਿਆ ਗਿਆ। ਗੁਰੂ ਜੀ ਵੀ ਭਾਈ ਮਰਦਾਨੇ ਸਮੇਤ ਕੈਦ ਹੋ ਗਏ। ਇਸ ਕੈਦ ਦੌਰਾਨ ਗੁਰੂ ਜੀ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਣਾਈਆਂ। ਗੁਰੂ ਸਾਹਿਬ ਮੂੰਹੋਂ ਸੱਚ ਸੁਣ ਕੇ ਬਾਬਰ ਨੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ।

ਉਪਰੋਕਤ ਦੀ ਰੋਸ਼ਨੀ ਵਿੱਚ ਕਿਹਾ ਜਾ ਸਕਦਾ ਹੈ ਕਿ ਰੱਬੀ ਰੂਪ ਗੁਰੂ ਨਾਨਕ ਸਾਹਿਬ ਜੀ ਨੂੰ ਉਸ ਵਕਤ ਦੁਨੀਆਂ ਭਰ ਦੀ ਲੋਕਾਈ ਦੇ ਨਾਲ ਹੁੰਦੇ ਧੱਕੇ ਅਤੇ ਬੇਇਨਸਾਫ਼ੀ ਦਾ ਇਲਮ ਸੀ। ਸਿਰਫ਼ ਇਲਮ ਹੀ ਨਹੀਂ ਸਗੋਂ ਗੁਰੂ ਜੀ ਦੇ ਮਨ ਮੰਦਰ ਵਿੱਚ ਲੋਕਾਂ ਦਾ ਦਰਦ ਵੀ ਸੀ। ਇਸ ਦਰਦ ਨੂੰ ਵੰਡਾਉਣ ਲਈ ਉਹਨਾਂ ਦੇਸ਼-ਵਿਦੇਸ਼ ਦਾ ਕੋਹਾਂ ਮੀਲ ਪੈਂਡਾ ਤਹਿ ਕੀਤਾ। ਇਹ ਇੱਕ ਅਜਿਹਾ ਬਿਖੜਿਆ ਪੈਂਡਾ ਸੀ ਜਿਸ ਉਪਰ ਚਲਣਾ ਗੁਰੂ ਨਾਨਕ ਮਹਾਰਾਜ ਜੀ ਵਰਗੇ ਦਲੇਰ, ਫਿਲਾਸਫਰ ਅਤੇ ਸੱਚ ਦੇ ਵਪਾਰੀ ਮਹਾਂਪੁਰਖ ਦੇ ਹੀ ਹਿੱਸੇ ਆ ਸਕਦਾ ਹੈ।




ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਦਿਵਸ ਦੀ ਸਮੂਹ ਸਾਧ ਸੰਗਤ ਨੂੰ
ਲੱਖ-ਲੱਖ ਵਧਾਈ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ

ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ





ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

ਲੱਖ-ਲੱਖ ਵਧਾਈ



Jugraj Singh Sahota
President United Sports Club USA



Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Narinder Singh Sahota
Joint Finance Secretary
United Sports Club USA

J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪ੍ਰੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ




ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

ਲੱਖ-ਲੱਖ ਵਧਾਈ



ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ ਸਿੱਖ ਆਗੂ

ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ



ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ, ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ



# ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ

ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ

1033. W Charter Way Stockton CA 95206 (1-5 Hwy4)


ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ
ਲੱਖ-ਲੱਖ
ਵਧਾਈ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
ਸ:ਹਰਮਿੰਦਰ ਸਿੰਘ ਸਮਾਣਾ
(209) 481-7750



ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ

ਧੰਨ ਧੰਨ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ
ਸਮੂਹ ਜਗਤ ਨੂੰ

# ਲੱਖ-ਲੱਖ ਵਧਾਈ









ਸ. ਰੇਸ਼ਮ ਸਿੰਘ , ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ


ਸ. ਜਗਤਾਰ ਸਿੰਘ ਗਿੱਲ ਜਨਰਲ ਸੈਕਟਰੀ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਐਸ ਏ (ਵੈਸਟ)


ਬਲਵਿੰਦਰ ਸਿੰਘ ਮਿੰਨ੍ਹੂ ਚੀਮਾ
ਨੈਸ਼ਨਲ ਪੈਨਲ ਮੈਂਬਰ


ਜਗਰਾਜ ਸਿੰਘ ਧਾਲੀਵਾਲ
ਸੀਨੀਅਰ ਵਾਈਸ ਪ੍ਰਧਾਨ ਕੈਲੀਫੋਰਨੀਆ


ਰਛਪਾਲ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ ਕੈਲੇਫੋਨੀਆਂ ਵੈਸਟ


ਸ. ਜਸਬੀਰ ਸਿੰਘ ਤੱਖਰ
ਨੈਸ਼ਨਲ ਪੈਨਲ ਮੈਂਬਰ


ਪਰਮਜੀਤ ਸਿੰਘ ਲਾਸਏਂਜਲਸ
ਵਾਈਸ ਕੈਲੇਫੋਰਨੀਆ


ਕੁਲਵੰਤ ਸਿੰਘ


ਸਮਰਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ


ਲਵਦੀਪ ਸਿੰਘ
ਸਹਾਇਕ ਖਜਾਨਚੀ


ਤਰਨਜੀਤ ਸਿੰਘ
ਚੀਫ ਐਗਜੈਕਟਿਵ ਮੈਂਬਰ


ਗੁਰਮੀਤ ਸਿੰਘ
ਯੁਬਾਸਿਟੀ ਵਾਈਸ ਪ੍ਰਧਾਨ


ਸੁਖਬੀਰ ਸਿੰਘ ਗਿੱਲ
ਮੀਡੀਆ ਇੰਚਾਰਜ


ਵਿਕਰਮਜੀਤ ਸਿੰਘ
ਐਗਜੈਕਟਿਵ ਮੈਂਬਰ


ਚਰਨਜੀਤ ਸਿੰਘ ਧਾਲੀਵਾਲ


ਗੁਰਵਿੰਦਰ ਸਿੰਘ


ਜਸਕਰਨ ਸਿੰਘ


ਨਿਰਮਲ ਸਿੰਘ


ਪਰਮਜੀਤ ਸਿੰਘ ਧਾਲੀਵਾਲ


ਰਾਜਦੀਪ ਸਿੰਘ


ਸੰਦੀਪ ਸਿੰਘ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ ਯੂ ਐਸ ਏ

661-209-0118

# ਗੁਰੂ ਨਾਨਕ ਸਾਹਿਬ ਦਾ 'ਹਲੇਮੀ ਰਾਜ' ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ



ਡਾ. ਗੁਰਵਿੰਦਰ ਸਿੰਘ
604 825 1550



ਗੁਰੂ ਨਾਨਕ ਸਾਹਿਬ ਦੇ ਰਾਜ ਸੰਕਲਪ ਸੰਬੰਧੀ, ਗੁਰੂ ਗ੍ਰੰਥ ਸਾਹਿਬ ਅੰਦਰ ਭੱਟ ਬਲਵੰਡ ਵਲੋਂ ਰਾਮਕਲੀ ਦੀ ਵਾਰ ਵਿਚ ਅੰਕਿਤ "ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥" (ਰਾਮਕਲੀ ਦੀ ਵਾਰ, ਗੁਰੂ ਗ੍ਰੰਥ ਸਾਹਿਬ : 966) ਸਿੱਖੀ ਸਿਧਾਂਤ ਬਿਆਨ ਕਰਦਾ ਹੈ। ਇਸ ਸ਼ਬਦ ਦੇ ਭਾਵ ਹਨ ਕਿ ਗੁਰੂ ਨਾਨਕ ਸਾਹਿਬ ਨੇ, ਅਕਾਲ ਪੁਰਖ ਭਾਵ ਸੱਚੇ ਪਾਤਸ਼ਾਹ ਦੀ ਪਾਤਸ਼ਾਹੀ ਕਾਇਮ ਕੀਤੀ ਤੇ ਸੱਚ ਦੇ ਕਿਲ੍ਹੇ ਦੀ ਮਜ਼ਬੂਤ ਨੀਂਹ ਰੱਖੀ। ਗੁਰੂ ਜੀ ਵਲੋਂ ਕਾਇਮ ਕੀਤਾ ਰਾਜ ਕਿਹੋ ਜਿਹਾ ਹੈ ਤੇ ਅਜੋਕੇ ਸੰਸਾਰ ਵਿਚ ਗੁਰੂ ਨਾਨਕ-ਰਾਜ ਸੰਕਲਪ ਦੀ ਕੀ ਪ੍ਰਸੰਗਿਕਤਾ ਹੈ, ਇਹ ਡੂੰਘੇ ਵਿਚਾਰ ਦਾ ਵਿਸ਼ਾ ਹੈ। ਅੱਜ ਇਕ ਪਾਸੇ ਗੁਰੂ ਨਾਨਕ ਸਾਹਿਬ ਦਾ ਰਾਜ ਸੰਬੰਧੀ ਫਲਸਫਾ ਹੈ, ਦੂਜੇ ਪਾਸੇ ਦੁਨੀਆਂ ਭਰ ਵਿਚ ਰਾਸ਼ਟਰਵਾਦ ਦੇ ਨਾਂ ਹੇਠ ਵੱਖੋ-ਵੱਖਰੇ ਮੁਲਕਾਂ ਅੰਦਰ ਬਹੁਗਿਣਤੀਆਂ ਵਲੋਂ ਘੱਟ ਗਿਣਤੀਆਂ ਨੂੰ ਅਤੇ ਵੱਡੇ ਤਾਕਤਵਰ ਦੇਸਾਂ ਵਲੋਂ ਛੋਟੇ ਮੁਲਕਾਂ ਨੂੰ ਗੁਲਾਮ ਬਣਾਉਣ ਦੀਆਂ ਅਣਮਨੁੱਖੀ ਨੀਤੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੀਆਂ ਹਾਲਤਾਂ ਵਿਚ ਗੁਰੂ ਨਾਨਕ ਚਿੰਤਨ ਨੂੰ ਅਪਨਾਉਂਦਿਆਂ ਨਾ ਸਿਰਫ ਮਨੁੱਖੀ ਕਲਿਆਣ ਹੀ ਹੋ ਸਕਦਾ ਹੈ, ਸਗੋਂ 'ਹਲੇਮੀ ਰਾਜ' ਦੀ ਕਾਇਮੀ ਵੀ ਹੋ ਸਕਦੀ ਹੈ।

21ਵੀਂ ਸਦੀ ਦੇ ਸੰਸਾਰ ਦਾ ਮੁੱਖ ਮੁੱਦਾ ਨਸਲਵਾਦ ਹੈ। ਇਸ ਦੇ ਭਿਆਨਕ ਰੂਪ ਵੱਖ-ਵੱਖ ਦੇਸਾਂ ਵਿਚ ਅੰਦਰੂਨੀ ਅਤੇ ਬਾਹਰੀ ਪੱਧਰ 'ਤੇ ਨਜ਼ਰ ਆ ਰਹੇ ਹਨ। ਚਾਹੇ ਆਧੁਨਿਕ ਯੁੱਗ ਵਿਚ ਇੱਕ ਪਾਸੇ ਵਿਦਿਆ ਤੇ ਤਰੱਕੀ ਦੇ ਵੱਡੇ-ਵੱਡੇ ਦਾਅਵੇ ਹੋ ਰਹੇ ਹਨ, ਪਰ ਦੂਜੇ ਪਾਸੇ ਨਸਲਵਾਦੀ ਹਮਲੇ ਲਗਾਤਾਰ ਵਧ ਰਹੇ ਹਨ। ਦੁਨੀਆਂ ਦੇ ਤਾਕਤਵਾਰ ਮੰਨੇ ਜਾਂਦੇ ਦੇਸਾਂ ਵਿਚ ਸੱਤਾ ਦਾ ਧਰੁਵੀਕਰਨ ਹੋ ਰਿਹਾ ਹੈ। ਕੱਟੜਵਾਦੀ ਤਾਕਤਾਂ ਘੱਟ ਗਿਣਤੀਆਂ ਨੂੰ ਕੁਚਲ ਕੇ ਲੋਕ ਰਾਜ ਦੀਆਂ ਧੱਜੀਆਂ ਉਡਾ ਰਹੀਆਂ ਹਨ। ਦੁਨੀਆਂ ਦੇ ਵੱਡੇ ਲੋਕਤੰਤਰ ਅਖਵਾਉਣ ਵਾਲੇ ਦੇਸਾਂ ਵਿਚ ਚੋਣਾਂ ਫਿਰਕੇ, ਰੰਗ, ਨਸਲ ਅਤੇ ਜਾਤੀਵਾਦ ਦੇ ਨਾਂ 'ਤੇ ਲੜੀਆਂ ਤੇ ਜਿੱਤੀਆਂ ਜਾ ਰਹੀਆਂ ਹਨ। ਅਖੌਤੀ ਆਧੁਨਿਕਤਾ ਦਾ ਢੰਡੋਰਾ ਪਿੱਟਣ ਵਾਲਾ ਇਕੀਵੀਂ ਸਦੀ ਦਾ ਮਨੁੱਖ ਕੁਦਰਤ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ। ਕੁਦਰਤੀ ਸੋਮਿਆਂ 'ਤੇ ਜਬਰੀ ਕਾਬਜ਼ ਹੋ ਕੇ, ਮੂਲ ਨਿਵਾਸੀ ਲੋਕਾਂ ਨੂੰ ਉਹਨਾਂ ਦੇ ਸਰੋਤਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਵਾਤਾਵਰਨ ਨੂੰ ਬਰਬਾਦ ਕਰ ਰਹੀਆਂ ਗੈਸਾਂ, ਪ੍ਰਮਾਣੂ ਹਥਿਆਰਾਂ, ਰਸਾਇਣਕ ਪਦਾਰਥਾਂ ਅਤੇ ਐਟਮੀ ਪ੍ਰੀਖਣਾਂ ਨਾਲ ਦੁਨੀਆਂ ਮੌਤ ਦੇ ਮੂੰਹ 'ਤੇ ਖੜ੍ਹੀ ਕਰ ਦਿੱਤੀ ਗਈ ਹੈ। ਆਮ ਮਨੁੱਖ ਲਈ ਅਜਿਹੀਆਂ ਭਿਆਨਕ ਹਾਲਤਾਂ ਵਿਚ ਜਿਊਣਾ ਦੁੱਭਰ ਹੋ ਗਿਆ ਹੈ। ਸਾਮਾਜਿਕ, ਰਾਜਨੀਤਕ, ਸਭਿਆਚਾਰਕ, ਧਾਰਮਿਕ, ਆਰਥਿਕ, ਸਦਾਚਾਰ ਅਤੇ ਰੂਹਾਨੀ ਪੱਧਰ 'ਤੇ ਅੱਜ ਦੇ ਸੰਸਾਰ ਨੂੰ ਸੇਧ ਦੇਣ ਅਤੇ ਤਬਾਹ ਹੋਣ ਤੋਂ ਬਚਾਉਣ ਲਈ ਗੁਰੂ ਨਾਨਕ ਸਿਧਾਂਤ ਚਾਨਣ ਮੁਨਾਰਾ ਹੈ।

ਗੁਰੂ ਨਾਨਕ ਸਾਹਿਬ ਦਾ ਰਾਜ ਸੰਬੰਧੀ ਫਲਸਫਾ ਮਨੁੱਖੀ ਜੀਵਨ ਦੇ ਹਰ ਪਹਿਲੂ ਦੀ ਅਗਵਾਈ ਕਰਦਾ ਹੈ। ਇਹ ਜੀਵਨ ਦਰਸ਼ਨ ਅਜਿਹੀ ਵਿਸ਼ਵ ਵਿਆਪੀ ਦ੍ਰਿਸ਼ਟੀ ਹੈ, ਜਿਸ ਵਿਚ ਕਿਸੇ ਨਸਲ, ਰੰਗ, ਜਾਤ, ਫਿਰਕੇ, ਕੌਮ ਅਤੇ ਦੇਸ਼ ਦਾ ਅੰਤਰ ਨਹੀਂ। ਗੁਰੂ ਨਾਨਕ ਸਾਹਿਬ ਦੀਆਂ ਸੰਸਾਰ ਪੱਧਰ ਦੀਆਂ ਚਾਰ ਉਦਾਸੀਆਂ ਅਤੇ ਵੱਖ-ਵੱਖ ਦੇਸਾਂ ਵਿਚ ਵਸਦੇ ਵੱਖੋ-ਵੱਖਰੇ ਨਸਲਾਂ ਤੇ ਫਿਰਕਿਆਂ ਦੇ ਲੋਕਾਂ ਨੂੰ ਦਿੱਤਾ ਉਪਦੇਸ਼ ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਹ ਵੀ ਅੱਜ ਤੋਂ 556 ਸਾਲ ਪਹਿਲਾਂ ਦਾ ਸਮਾਂ, ਜਦੋਂ ਵਰਤਮਾਨ ਵਾਂਗ ਨਾ ਤਾਂ ਸਾਧਨਾਂ ਦੀ ਬਹੁਤਾਤ ਸੀ ਅਤੇ ਨਾ ਹੀ ਵਿਦਿਅਕ ਪਸਾਰ।

ਅਜਿਹੇ ਮੌਕੇ ਹਜ਼ਾਰਾਂ ਮੀਲ ਪੈਂਡਾ ਤੈਅ ਕਰਕੇ ਗੁਰੂ ਨਾਨਕ ਸਾਹਿਬ ਨੇ ਦੇਸਾਂ-ਮੁਲਕਾਂ ਦੀਆਂ ਹੱਦਾਂ-ਸਰਹੱਦਾਂ ਦੀਆਂ ਵਲਗਣਾਂ ਨੂੰ ਤੋੜਦਿਆਂ, ਨਸਲਵਾਦੀ ਕੋਹੜ ਨੂੰ ਖਤਮ ਕੀਤਾ। ਉਹਨਾਂ ਬਸਤੀਵਾਦੀ ਗੁਲਾਮੀ ਦੇ ਖਾਤਮੇ ਲਈ ਸਰਬੱਤ ਦੇ ਭਲੇ ਦੀ ਮੁਹਿੰਮ ਚਲਾਈ। ਗੁਰੂ ਨਾਨਕ ਜੀ ਨੇ 1499 ਈਸਵੀ ਤੋਂ ਲੈ ਕੇ 1521 ਤਕ ਤਕਰੀਬਨ 22 ਵਰ੍ਹੇ ਨੌਂ ਖੰਡ ਪ੍ਰਿਥਵੀ ਦਾ 24 ਹਜ਼ਾਰ ਮੀਲ ਤੋਂ ਵਧੇਰੇ ਪੈਂਡਾ ਪੈਦਲ ਤੈਅ ਕੀਤਾ, ਜਿਸ ਦੇ ਬਰਾਬਰ ਸੰਸਾਰ ਵਿੱਚ ਪੈਦਲ ਯਾਤਰਾਵਾਂ ਦੀ ਕੋਈ ਮਿਸਾਲ ਨਹੀਂ ਮਿਲਦੀ। ਸੈਦਪੁਰ ਤੋਂ ਸ਼ੁਰੂ ਹੋਇਆ ਇਹ ਸਫ਼ਰ ਮੁਲਤਾਨ ਕੁਰਕਸ਼ੇਤਰ, ਦਿੱਲੀ, ਹਰਿਦੁਆਰ, ਗੋਰਖਮਤਾ, ਬਨਾਰਸ, ਗਯਾ, ਧੁਬਰੀ, ਕਾਮਰੂਪ, ਜਗਨਨਾਥ ਪੁਰੀ, ਲੰਕਾ, ਪਾਕ ਪਟਨ, ਕੈਲਾਸ਼ ਪਰਬਤ, ਲੱਦਾਖ, ਕਸ਼ਮੀਰ, ਕਾਂਗੜਾ, ਕੁੱਲੂ, ਬੈਜਨਾ, ਜਵਾਲਾਮੁਖੀ, ਸਿਆਲਕੋਟ, ਮੱਕਾ, ਮਦੀਨਾ, ਬਗਦਾਦ, ਕਾਬਲ, ਕੰਧਾਰ, ਪਿਸ਼ਾਵਰ ਹੁੰਦਾ ਹੋਇਆ 1521 ਈ. ਨੂੰ ਸੈਦਪੁਰ ਹੀ ਖਤਮ ਹੋਇਆ। ਭਾਈ ਗੁਰਦਾਸ ਜੀ (1551-1629 ਈ.) ਦਾ ਕਥਨ ਆਪ ਦਾ, ਮੁਰਸ਼ਦ-ਏ-ਆਲਮ ਦੇ ਰੂਪ ਵਿੱਚ ਸਿਫ਼ਤ ਲਈ ਸਾਰਥਕ ਜਾਪਦਾ ਹੈ:

**'ਗੁਰੂ ਨਾਨਕ ਸਭ ਕੇ ਸਿਰਤਾਜਾ॥**
**ਜਿਸ ਕੋ ਸਿਮਰ ਸਰੇ ਸਭ ਕਾਜਾ॥'**

**(ਭਾਈ ਗੁਰਦਾਸ ਵਾਰਾਂ)**

ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ 'ਤੇ ਉਸਰਿਆ ਹਲੇਮੀ ਰਾਜ ਦਾ ਸੰਕਲਪ ਅਖੌਤੀ ਰਾਸ਼ਟਰਵਾਦ ਦੇ ਫਾਸ਼ੀਵਾਦ ਨੂੰ ਰੱਦ ਕਰਦਾ ਹੈ, ਜਿਥੇ ਇਕ ਨਸਲ ਦੇ ਸ਼ਾਸ਼ਕ ਦੂਜਿਆਂ ਨੂੰ ਨੀਵਾਂ ਤੇ ਗੁਲਾਮ ਕਰਾਰ ਦੇ ਕੇ ਮਾਰ ਮੁਕਾਉਣ। ਭਾਰਤ ਅੰਦਰ ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਨਸਲਵਾਦ ਤੇ ਰਾਸ਼ਟਰਵਾਦ ਦਾ ਪੱਤਾ ਖੇਡ ਕੇ ਸੱਤਾ ਵਿਚ ਆਏ ਭਗਵੇਂਵਾਦੀ ਸਿਆਸਤਦਾਨ ਵੀ ਖੁਦ ਨੂੰ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਦੱਸਦੇ ਭਾਰਤੀ ਸਮਾਜ ਨੂੰ ਗੁੰਮਰਾਹ ਕਰ ਰਹੇ ਹਨ। ਇਹ ਸੱਤਾਧਾਰੀ ਦੇਸ਼-ਵਿਦੇਸ਼ ਅੰਦਰ ਗੁਰੂ ਨਾਨਕ ਸ਼ਤਾਬਦੀ ਮਨਾ ਕੇ ਆਪਣੇ ਅਜਿਹੇ ਨਸਲਵਾਦੀ ਅਤੇ ਫਿਰਕੂ ਏਜੰਡੇ ਲਾਗੂ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ, ਜਿਨ੍ਹਾਂ ਖਿਲਾਫ਼ ਗੁਰੂ ਸਾਹਿਬ ਦਾ ਸਮੁੱਚਾ ਸੰਦੇਸ਼ ਨਜ਼ਰ ਆਉਂਦਾ ਹੈ।

ਗੁਰੂ ਸਾਹਿਬ ਦਾ ਸਮਕਾਲੀ ਸਮਾਜ ਅਧਿਆਤਮਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ, ਚਾਰੇ ਪਹਿਲੂਆਂ ਤੋਂ ਘੋਰ ਗਿਰਾਵਟ ਦਾ ਸ਼ਿਕਾਰ ਹੋ ਚੁੱਕਿਆ ਸੀ। ਚਾਰ-ਚੁਫੇਰੇ ਕਰਮਾਂ-ਕਾਂਡਾਂ ਤੇ ਵਹਿਮਾਂ-ਭਰਮਾਂ ਦਾ ਰਾਮ-ਰੌਲਾ ਵਾਯੂ-ਮੰਡਲ ਦੂਸ਼ਿਤ ਕਰ ਰਿਹਾ ਸੀ। ਧਰਮ ਦਾ ਠੇਕੇਦਾਰ ਧਾਰਮਿਕ -ਪੁਸ਼ਾਕ ਪਹਿਨ ਕੇ ਧਰਮ ਦੀ ਛਾਤੀ ਤੇ ਬੈਠਾ ਹੋਇਆ ਧਰਮ ਦਾ ਹੀ ਲਹੂ ਪੀ ਰਿਹਾ ਸੀ, ਜਿਸ ਕਾਰਨ ਉਸ ਦਾ 'ਬੇਇਲਮਾ ਅਮਲ' ਤੇ 'ਬੇਅਮਲਾ ਇਲਮ' ਬੇ-ਅਰਥ ਹੋ ਚੁੱਕਿਆ ਸੀ। ਮਨੂ-ਸਮ੍ਰਿਤੀ ਦੀ ਵਰਗ -ਵੰਡ ਕਾਰਨ ਜਾਤਾਂ-ਪਾਤਾਂ ਵਿੱਚ ਵੰਡੇ ਭਾਰਤਵਾਸੀ ਲੀਰੋ-ਲੀਰ ਹੋ ਚੁੱਕੇ ਸਨ। ਅੰਦਰੂਨੀ ਤੌਰ ਤੇ ਨਿਕੰਮੇ, ਲਾਚਾਰ ਤੇ ਕਮਜ਼ੋਰ ਭਾਰਤ ਦਾ ਜਿਸਮ ਡਾਕੂ ਲੁਟੇਰੇ ਤੇ ਮੁਰੈਲ੍ਹ ਖ਼ੂਨੀ ਨਹੁੰਦਰਾਂ ਨਾਲ ਨੋਚਦੇ ਰਹੇ ਸਨ। ਇਹ ਬਘਿਆੜਾਂ ਤੇ ਕੁੱਤਿਆਂ ਦਾ ਰੂਪ ਅਖਤਿਆਰ ਕਰਕੇ ਮਨੁੱਖਤਾ ਦਾ ਲਹੂ ਪੀ ਰਹੇ ਸਨ ;

**'ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**
**ਚਾਕਰ ਨਹ ਦਾ ਪਾਇਨਿ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥'**

**(ਗੁਰੂ ਗ੍ਰੰਥ ਸਾਹਿਬ, 1288)**

ਮਧਕਾਲੀਨ ਇਤਿਹਾਸ ਵਿੱਚ ਜ਼ਾਲਮ ਹਕੂਮਤ ਦੇ ਬਰਖ਼ਿਲਾਫ਼ ਤੇ ਮਾਨਵ ਅਧਿਕਾਰਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਪਹਿਲੇ ਇਨਕਲਾਬੀ ਆਗੂ ਮਰਦਿ-ਕਾਮਿਲ ਗੁਰੂ ਨਾਨਕ ਸਾਹਿਬ ਹਨ। ਸਿਆਸੀ ਤਾਕਤ ਅਤੇ ਹਮਲਿਆਂ ਨਾਲ ਭਾਰਤ ਨੂੰ ਲੁੱਟਣ ਅਤੇ ਕੁੱਟਣ ਆਏ ਜ਼ਹੀਰ-ਉੱਦ ਦੀਨ ਮੁਹੰਮਦ ਬਾਬਰ ਨੂੰ ਗੁਰੂ ਨਾਨਕ ਬਾਣੀ ਵਿਚ ਜਾਬਰ, 'ਪਾਪ ਦੀ ਜੰਞ ਦਾ ਜਮ, ਰੱਤ ਪੀਣਾ, ਮਨੁੱਖਤਾ ਦਾ ਕਾਤਲ ਅਤੇ ਜ਼ਾਲਮ ਕਰਾਰ ਦਿੱਤਾ ਗਿਆ। ਮੁਗਲ ਤੇ ਪਠਾਣਾਂ ਦੀ ਇਸ ਲੜਾਈ ਵਿਚ ਬੇਗੁਨਾਹਾਂ ਦਾ ਲਹੂ ਡੁੱਲਿਆ, ਤਾਂ 'ਸੱਚ ਦੀ ਬਾਣੀ' ਵਿਚ ਖ਼ੂਨ ਕੇ ਸੋਹਿਲੇ ਗਾਉਣ ਵਾਲਿਆਂ ਦੀ ਤਲਖ ਹਕੀਕਤ ਬਿਆਨ ਕੀਤੀ ਗਈ। ਬਾਬਰ ਨੂੰ ਬੁੱਚੜ ਕਹਿ ਕੇ ਉਸ ਦੇ ਖਿਲਾਫ਼ ਆਵਾਜ਼ ਉਠਾਉਣ ਅਤੇ ਨੰਗੇ ਧੜ ਡਟਣ 'ਤੇ ਗੁਰੂ ਸਾਹਿਬ ਨੂੰ ਜੇਲ੍ਹ ਜਾਣਾ ਪਿਆ ਤੇ ਚੱਕੀਆਂ ਪੀਹਣੀਆਂ ਪਈਆਂ। ਨਤੀਜਾ ਇਹ ਹੋਇਆ ਕਿ ਗੁਰੂ ਨਾਨਕ ਨਾਮ ਲੇਵਾ ਸਿੱਖ ਕੌਮ ਪਿਛਲੇ ਸਾਢੇ ਪੰਜ ਸੌ ਸਾਲਾ ਤੋਂ ਸਮੇਂ-ਸਮੇਂ ਦੇ ਜਾਬਰਾਂ ਤੇ ਬੁੱਚੜਾਂ ਖਿਲਾਫ਼ ਨੰਗੇ ਧੜ ਲੜਦੀ ਆ ਰਹੀ ਹੈ। ਕਿਧਰੇ ਜੇਲ੍ਹਾਂ ਵਿਚ, ਕਿਤੇ ਚਰਖੜੀਆਂ 'ਤੇ, ਕਿਤੇ ਆਰਿਆਂ 'ਤੇ, ਕਿਤੇ ਨੇਜਿਆਂ, ਤਲਵਾਰਾਂ, ਬੰਦੂਕਾਂ, ਤੋਪਾਂ ਅਤੇ ਫਾਂਸੀਆਂ 'ਤੇ ਹੱਸ-ਹੱਸ ਕੇ ਸ਼ਹੀਦੀਆਂ ਪਾ ਰਹੀ ਹੈ। ਗੁਰੂ ਨਾਨਕ ਸਾਹਿਬ ਦਾ ਸਿਧਾਂਤ ਜ਼ਾਲਮਾਨਾ ਰਾਜ ਪ੍ਰਬੰਧ ਵਿਰੁੱਧ ਪੰਜ ਸੌ ਸਾਲ ਪਹਿਲਾਂ ਵਾਂਗ ਕਾਇਮ ਹੈ ਅਤੇ ਸਦਾ ਰਹੇਗਾ। ਇਹ ਸਿਧਾਂਤ ਅੱਜ ਦੇ ਉਹਨਾਂ ਸਾਰੇ ਮਨੁੱਖਤਾ ਵਿਰੋਧੀ ਭ੍ਰਿਸ਼ਟ-ਸ਼ਾਸਕਾਂ ਖਿਲਾਫ਼ ਕਾਇਮ ਹੈ, ਜਿਹੜੇ ਰਾਸ਼ਟਰਵਾਦ ਦੇ ਨਾਂ ਹੇਠ ਹੋਰਨਾਂ ਕੌਮਾਂ ਨੂੰ ਦਬਾਅ ਰਹੇ ਹਨ ਤੇ ਗੁਲਾਮ ਬਣਾ ਰਹੇ ਹਨ।

ਗੁਰੂ ਨਾਨਕ ਸਾਹਿਬ ਵਲੋਂ ਕਾਇਮ ਕੀਤੀ ਅਕਾਲ ਪੁਰਖ ਦੀ ਸੱਚੀ ਪਾਤਸ਼ਾਹੀ ਤੇ ਹਲੇਮੀ ਰਾਜ ਵਿਚ ਕਿਸੇ ਫ਼ਿਰਕੇ ਦਾ ਵਿਰੋਧ ਨਾ ਹੋ ਕੇ, ਜ਼ੁਲਮ ਅਤੇ ਅਤਿਆਚਾਰ ਦਾ ਵਿਰੋਧ ਹੈ। ਇਹ ਧਾਰਨਾ ਵੀ ਮੂਲੋਂ ਗਲਤ ਹੈ ਕਿ ਸਿੱਖੀ ਦਾ ਵਿਰੋਧ ਮੁਸਲਮਾਨਾਂ ਨਾਲ ਰਿਹਾ ਹੈ, ਜਦ ਕਿ ਹਕੀਕਤ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਰਬਾਬੀ ਤੇ ਸੰਗੀ-ਸਾਥੀ ਭਾਈ ਮਰਦਾਨਾ ਜੀ ਮੁਸਲਿਮ ਭਾਈਚਾਰੇ ਵਿਚੋਂ ਸਨ, ਬੇਸ਼ੱਕ ਮਗਰੋਂ ਸਿੱਖ ਸਜ ਗਏ ਸਨ। ਰਾਏ ਬੁਲਾਰ ਤੋਂ ਲੈ ਕੇ ਰਾਏ ਕੱਲਾ ਤੱਕ ਦੇ ਪਿਆਰ ਤੇ ਸਾਂਝ ਦਾ ਸਫਰ, ਇਸ ਗੱਲ ਦਾ ਗਵਾਹੀ ਭਰਦਾ ਹੈ ਕਿ ਗੁਰੂ ਸਾਹਿਬਾਨਾਂ ਦੀ ਖਿਦਮਤ ਵਿਚ ਮੁਸਲਿਮ ਲੋਕਾਂ ਦੀ ਸੇਵਾ-ਭਾਵਨਾ ਸਦਾ ਬਣੀ ਰਹੀ। ਦਰਅਸਲ ਗੁਰੂ ਗੋਬਿੰਦ ਸਿੰਘ ਜੀ ਜਿਸ ਹੱਦ ਤੱਕ ਮੁਗਲਾਂ ਦੇ ਜ਼ੁਲਮ ਖਿਲਾਫ਼ ਸੀ, ਓਨੇ ਹੀ ਉਸ ਸਮੇਂ ਦੇ ਪਹਾੜੀ ਹਿੰਦੂ ਰਾਜਿਆਂ ਦੇ ਵਿਰੋਧੀ ਸਨ।

ਇਹ ਵੀ ਸੱਚ ਹੈ ਕਿ ਜਦੋਂ ਸੱਤਾ ਮੁਗਲਾਂ ਕੋਲ ਸੀ, ਉਦੋਂ ਕੱਟੜਵਾਦੀ ਮਨੂਵਾਦੀ ਗੁਰੂ ਸਾਹਿਬਾਨਾਂ ਖਿਲਾਫ਼ ਸਮੇਂ ਦੇ ਮੁਗਲ ਹਾਕਮਾਂ ਕੋਲ ਜਾ ਕੇ ਸ਼ਿਕਾਇਤਾਂ ਕਰਦੇ ਰਹੇ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਜੰਗਾਂ-ਯੁੱਧਾਂ ਵਿਚ ਮੁਗਲਾਂ ਨਾਲ ਮਿਲ ਕੇ, ਪਹਾੜੀ ਹਿੰਦੂ ਰਾਜਿਆਂ ਦੀ ਗੁਰੂ ਘਰ ਬਰਖਿਲਾਫ਼ ਸ਼ਾਮ, ਦਾਮ, ਦੰਡ ਤੇ ਭੇਦ ਨੀਤੀ ਕਿਸੇ ਤੋਂ ਲੁਕੀ ਨਹੀਂ।

ਗੁਰੂ ਨਾਨਕ ਸਾਹਿਬ ਦੀ ਖੰਡਨ ਨੀਤੀ ਜਿੱਥੇ ਮੁਗਲ ਜਗੀਰੂ ਢਾਂਚੇ ਤੇ ਸਟੇਟ ਨਾਲ ਸੀ, ਉਥੇ ਕੱਟੜ ਹਿੰਦੂਤਵੀ ਤੇ ਮਨੂਵਾਦੀ ਸਿਸਟਮ ਨਾਲ ਵੀ ਸੀ। ਦੋਹਾਂ ਤੋਂ ਵੱਖਰੇ ਤੇ ਨਿਆਰੇ ਨਿਰਮਲ ਪੰਥ ਦੀ ਨੀਂਹ ਰੱਖ ਕੇ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੀ ਸਥਾਪਨਾ ਕੀਤੀ। ਯੁੱਗ-ਪੁਰਸ਼ ਗੁਰੂ ਨਾਨਕ ਸਾਹਿਬ ਦੇ ਪ੍ਰੇਮ, ਇਤਫ਼ਾਕ ਤੇ ਸਦਭਾਵਨਾ ਦੇ ਸੰਦੇਸ਼ ਸਦਕਾ ਹਿੰਦੂ ਤੇ ਮੁਸਲਮਾਨ, ਗ੍ਰਹਿਸਤੀ ਤੇ ਤਿਆਗੀ, ਇਸਤਰੀ ਤੇ ਮਰਦ, ਨਾਥ ਤੇ ਯੋਗੀ, ਵਲੀ ਕੰਧਾਰੀ ਤੇ ਹਮਜ਼ਾ ਗੌਂਸ, ਕੌਡੇ ਰਾਖਸ਼ ਤੇ ਸੱਜਣ ਠੱਗ ਆਦਿ ਸਭਨਾ ਦੀ ਤਰਜ਼ੇ-ਜ਼ਿੰਦਗੀ ਵਿੱਚ ਕ੍ਰਾਂਤੀਕਾਰੀ ਪਰਿਵਰਤਨ ਆਉਣਾ 'ਤੇ ਗੁਰੂ ਸਾਹਿਬ ਦੇ ਮੁਰੀਦ ਤੇ ਸ਼ਰਧਾਲੂ ਬਣ ਜਾਣਾ, ਵਿਸ਼ਵ ਇਤਿਹਾਸ ਵਿੱਚ ਅਲੌਕਿਕ ਵਰਤਾਰਾ ਹੈ। ਦਰਅਸਲ ਉਨ੍ਹਾਂ ਦਾ ਪ੍ਰੇਮ ਪੈਗ਼ਾਮ ਸੰਪੂਰਨ ਇਨਸਾਨੀਅਤ ਲਈ ਹੈ ਅਤੇ ਖੱਤਰੀ ਬ੍ਰਾਹਮਣ ਸੂਦਰ ਵੈਸ਼ ਉਪਦੇਸ਼ ਚਹੁੰ ਵਰਨਾ ਲਈ ਸਾਂਝਾ ਹੈ। ਜ਼ਾਹਰ-ਪੀਰ ਤੇ ਜਗਤ-ਤਾਰਕ ਬਾਬਾ ਨਾਨਕ ਸਾਹਿਬ ਨੇ ਆਪਣੀ ਨਿਵੇਕਲੀ ਵਿਚਾਰਧਾਰਾ ਤੇ ਮਹਾਨ ਫ਼ਲਸਫ਼ੇ ਨਾਲ ਨੌਂ ਖੰਡ ਪ੍ਰਿਥਵੀ ਦਾ ਹਨੇਰਾ ਖਤਮ ਕਰ ਦਿੱਤਾ।

ਪੂਰਬੀ ਦੁਨੀਆ ਵਿੱਚ ਉਦੈ ਹੋਇਆ ਇਹ ਸੂਰਜ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣਿਆ। ਆਪ ਦੇ ਪਾਕਿ-ਪਵਿੱਤਰ ਕਲਾਮ ਨੂੰ ਸਲਾਮ ਕਰਦਾ ਡਾ. ਮੁਹੰਮਦ ਇਕਬਾਲ ਜਿੱਥੇ ਆਪ ਨੂੰ 'ਮਰਦੇ-ਕਾਮਿਲ' ਆਖਦਾ ਹੈ, ਉੱਥੇ 'ਇਨਸਾਈਕਲੋਪੀਡੀਆ ਆਫ ਇਸਲਾਮ' ਦੀ ਚੌਥੀ ਜਿਲਦ ਵਿੱਚ ਆਪਦਾ ਉਪਦੇਸ਼, ਸਮਾਜਿਕ ਸਾਵਾਂਪਣ, ਵਿਸ਼ਵ ਭਾਈਚਾਰੇ ਦੀ ਸਿਰਜਣਾ ਅਤੇ ਫਿਰਕਾਪ੍ਰਸਤੀ ਤੇ ਵਹਿਮ-ਭਰਮ ਦਾ ਖਾਤਮਾ ਦੱਸਿਆ ਗਿਆ ਹੈ ;

**'ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ।**
**ਹਿੰਦ ਕੋ ਇਕ ਮਰਦ-ਏ-ਕਾਮਲ ਨੇ ਜਗਾਇਆ ਖ਼ੁਆਬ ਸੇ।'**

ਇਕੀਵੀਂ ਸਦੀ ਦੀਆਂ ਫਾਸ਼ੀਵਾਦੀ ਤਾਕਤਾਂ ਖਿਲਾਫ਼ ਡਟਣ ਲਈ ਗੁਰੂ ਨਾਨਕ ਸਾਹਿਬ ਦੇ ਚਿੰਤਨ ਤੋਂ ਸੇਧ ਲੈਣ ਦੀ ਲੋੜ ਹੈ। ਦੱਬੇ ਕੁਚਲੇ ਨਿਮਾਣੇ, ਨਿਤਾਣੇ, ਨਿਓਟੇ ਤੇ ਨਿਆਸਰੇ ਲੋਕਾਂ ਦੀ ਬਾਂਹ ਫੜਦਿਆਂ ਗੁਰੂ ਨਾਨਕ ਸਾਹਿਬ ਨੇ ਉਹਨਾਂ ਦੇ 'ਸੰਗ-ਸਾਥ' ਦਾ ਹੋਕਾ ਦਿੱਤਾ ਅਤੇ ਅਖੌਤੀ ਉੱਚ-ਜਾਤੀਆਂ ਤੇ ਜਗੀਰੂ ਤਾਕਤਾਂ ਨੂੰ ਰੱਦ ਕੀਤਾ।

ਅੱਜ ਦੀ ਮਨੂਵਾਦੀ ਸਟੇਟ ਵਲੋਂ ਘੱਟ ਗਿਣਤੀਆਂ, ਦਲਿਤਾਂ, ਮੂਲ ਨਿਵਾਸੀਆਂ ਤੇ ਆਦਿਵਾਸੀਆਂ ਨੂੰ ਕੁਚਲਿਆ ਜਾ ਰਿਹਾ ਹੈ, ਉਹਨਾਂ ਦੀ ਭਾਸ਼ਾ, ਪਹਿਰਾਵੇ, ਇਲਾਕੇ, ਰੰਗ, ਕੌਮ ਅਤੇ ਸਭਿਆਚਾਰ ਦੇ ਨਾਂ 'ਤੇ। ਸਟੇਟ ਦੀ ਅਗਵਾਈ ਵਿਚ ਮਨੂਵਾਦੀ ਦਾ ਵਿਰੋਧ ਕਰਨ ਵਾਲਿਆਂ ਦੇ ਝੂਠੇ ਮੁਕਾਬਲੇ ਬਣਾ ਕੇ ਜਾਂ ਨਸਲਕੁਸ਼ੀਆਂ ਰਾਹੀਂ ਤਬਾਹੀ ਮਚਾਈ ਜਾ ਰਹੀ ਹੈ। ਅਜਿਹੇ ਸਮੇਂ ਗੁਰੂ ਨਾਨਕ ਚਿੰਤਨ ਦੀ ਰੌਸ਼ਨੀ ਵਿਚ ਇਕਮੁੱਠ ਹੋ ਕੇ ਮਨੂਵਾਦੀ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਦੁਖਦਾਈ ਪੱਖ ਇਹ ਵੀ ਹੈ ਕਿ ਮਨੂਵਾਦੀ ਸਰਕਾਰਾਂ ਵਿਚ ਭਾਈਵਾਲੀ ਉਹਨਾਂ ਲੋਕਾਂ ਦੀ ਵੀ ਰਹੀ ਹੈ, ਜਿਹੜੇ ਖਾਲਸਾ ਪੰਥ ਦੀ ਨੁਮਾਇੰਦਾ ਜਮਾਤ ਹੋਣ ਦਾ ਭਰਮ ਪਾਲੀ ਬੈਠੇ ਹਨ ਤੇ ਗੁਰੂ ਨਾਨਕ ਸਾਹਿਬ ਦੇ ਮਾਰਗ ਵਿਚ ਰੁਕਾਵਟ ਬਣੇ ਹੋਏ ਹਨ। ਅਜਿਹੇ ਹਾਲਾਤ ਵਿਚ ਸਿੱਖ ਜਗਤ ਨੂੰ ਜਾਗਰੂਕ ਹੋ ਕੇ ਪਹਿਰਾ ਦੇਣ ਦੀ ਲੋੜ ਹੈ, ਨਹੀਂ ਤਾਂ ਮਨੂਵਾਦੀ ਸਿਸਟਮ ਵਿਚ ਮਨੁੱਖੀ ਕਤਲੇਆਮ ਲਈ ਕੁਹਾੜਿਆਂ ਦਾ ਦਸਤਾ ਬਣ ਰਹੇ ਮੌਕਾਪ੍ਰਸਤਾਂ ਵਲੋਂ, ਸਿੱਖ ਸੰਸਥਾਵਾਂ ਦੀ ਹੋਂਦ ਹੀ ਬਰਬਾਦ ਕਰ ਦਿੱਤੀ ਜਾਵੇਗੀ।

'ਨਾਨਕਿ ਰਾਜੁ ਚਲਾਇਆ', ਬੇਗਮਪੁਰੇ ਦਾ ਸੱਚਾ-ਸੁੱਚਾ ਸਮਾਜੀ ਸਿਧਾਂਤ ਅਤੇ ਹਲੇਮੀ ਰਾਜ ਵਰਗਾ ਅਨੰਦਮਈ ਰਾਜ ਪ੍ਰਬੰਧ ਅਜੋਕੀ ਸਦੀ ਵਿਚ ਸਭ ਤੋਂ ਵਧ ਮਹੱਤਵਪੂਰਨ ਸੰਕਲਪ ਹੈ। ਤ੍ਰਾਸਦੀ ਇਹ ਹੈ ਕਿ ਜਿੰਨਾਂ ਮੂਲ ਨਿਵਾਸੀ ਲੋਕਾਂ ਨੂੰ ਦੈਂਤ, ਅਸੁਰ, ਸ਼ੂਦਰ ਤੇ ਅਛੂਤ ਕਹਿ ਕੇ ਛੁਟਿਆਇਆ ਜਾਂਦਾ ਹੈ, ਦਰਅਸਲ ਉਹਨਾਂ ਲੋਕਾਂ ਦੀ ਬਾਂਹ ਫੜਕੇ ਹੀ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੀ ਨੀਂਹ ਰੱਖੀ ਸੀ। ਮਨੂਵਾਦੀ ਪ੍ਰਣਾਲੀ ਨੂੰ ਰੱਦ ਕਰਕੇ ਗੁਰੂ ਸਾਹਿਬ ਨੇ ਸਭਨਾਂ ਨੂੰ ਇਕ ਪੰਗਤ ਵਿਚ ਲੰਗਰ ਛਕਾਇਆ, ਜਿਸ ਕਾਰਨ ਬਿਪਰਵਾਦੀ ਤਾਕਤਾਂ ਦੀ ਸਿੱਖ ਪੰਥ ਨਾਲ ਟੱਕਰ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਜਾਤ ਨਾਸ਼, ਕੁਲ ਨਾਸ਼, ਰੰਗ-ਨਸਲ ਦਾ ਭਿੰਨ ਭੇਦ ਨਾਸ਼ ਕਰਾਰ ਦਿੰਦਿਆਂ ਸਭ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਣ ਦਾ ਰਾਹ ਦਿਖਾਇਆ, ਜਿਸ ਕਾਰਨ ਬਿਪਰ ਦੀ ਸੋਚ ਦਾ ਹਮੇਸ਼ਾ ਲਈ ਅੰਤ ਹੋ ਗਿਆ। ਜੋ ਖਾਲਸਾ ਰੂਪੀ ਵਿਸ਼ਾਲ ਰੁੱਖ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪ੍ਰਫੁੱਲਿਤ ਹੋਇਆ ਸੀ, ਉਸ ਦੇ ਬੀਜ ਗੁਰੂ ਨਾਨਕ ਸਾਹਿਬ ਜੀ ਬੀਜ ਗਏ ਸਨ ਅਤੇ ਮਗਰਲੇ ਗੁਰੂ ਸਾਹਿਬਾਨ ਉਸ ਦੀ ਸਿੰਚਾਈ ਕਰਕੇ ਪਾਲਣ ਕਰਦੇ ਰਹੇ ਸਨ। ਜ਼ੁਲਮ ਦੇ ਖਾਤਮੇ ਲਈ ਅਤੇ ਮਜ਼ਲੂਮਾਂ ਦੀ ਰਾਖੀ ਲਈ ਜੋ ਕਿਰਪਾਨ ਖਾਲਸੇ ਨੂੰ ਫੜਾਈ ਗਈ ਸੀ, ਬੇਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ, ਪਰ ਉਸ ਦਾ ਫੌਲਾਦ ਗੁਰੂ ਨਾਨਕ ਜੀ ਨੇ ਤਿਆਰ ਕੀਤਾ ਸੀ।

'ਗੁਰੂ ਨਾਨਕ ਦਰਸ਼ਨ ਰਬਾਬ ਤੋਂ ਨਗਾਰਾ ਤੱਕ ਦੀ ਯਾਤਰਾ' ਹੈ, ਜਿੱਥੇ ਭਾਈ ਮਰਦਾਨਾ ਜੀ ਦੀ ਰਬਾਬ ਤੋਂ ਲੈ ਕੇ ਆਨੰਦਪੁਰ ਸਾਹਿਬ ਦੇ ਰਣਜੀਤ ਨਗਾਰੇ ਤੱਕ ਦੀ ਗੂੰਜ, ਗਿਆਨ ਅਤੇ ਕਿਰਪਾਨ ਨਾਲ ਹਲੂਣਾ ਦਿੰਦੀ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਵੱਖੋ-ਵੱਖਰੇ ਨਹੀਂ, ਬਲਕਿ ਇੱਕ ਹੀ ਜੋਤ ਹਨ ਤੇ ਇਹ ਜੋਤ ਗੁਰੂ ਗ੍ਰੰਥ ਸਾਹਿਬ ਦੇ ਜੁੱਗੋ ਜੁੱਗ ਅਟੱਲ ਸਿਧਾਂਤ ਰੂਪ ਵਿੱਚ ਸਦਾ ਹੀ ਕਾਇਮ ਹੈ ਅਤੇ ਰਹੇਗੀ। ਬ੍ਰਾਹਮਣੀ ਤੇ ਮਨੂਵਾਦੀ ਢਾਂਚਾ ਪਿਛਲੀਆਂ ਪੰਜ ਸਦੀਆਂ ਤੋਂ ਗੁਰੂ ਨਾਨਕ ਦੇ ਘਰ ਦਾ ਵੈਰੀ ਬਣਿਆ ਹੈ, ਕਿਉਂਕਿ ਹਕੀਕਤ ਇਹ ਹੈ ਕਿ ਮਨੂਵਾਦ, ਕਰਮ ਕਾਂਡ ਅਤੇ ਵਰਗ ਵੰਡ ਛੱਡ ਕੇ, ਕਠਿਨ ਤਪੱਸਿਆ ਅਤੇ ਘਰ-ਬਾਰ ਦੇ ਤਿਆਗ ਦੀ ਥਾਂ, ਗੁਰੂ ਨਾਨਕ ਸਾਹਿਬ ਦੇ ਪੰਥ ਵਿੱਚ ਹੱਸਦਿਆਂ, ਖੇਲਦਿਆਂ, ਪਹਿਨਦਿਆਂ, ਖਾਂਵਦਿਆਂ ਵਿੱਚੈ ਹੋਵੈ ਮੁਕਤਿ ਦਾ ਮਹਾਨ ਸਿਧਾਂਤ ਪੇਸ਼ ਕੀਤਾ ਗਿਆ ਹੈ । ਅੱਜ ਜਦੋਂ ਸਿੱਖ ਪੰਥ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾ ਰਿਹਾ ਹੈ, ਅਜਿਹੇ ਸਮੇਂ ਸਰਬੱਤ ਦੇ ਭਲੇ ਅਤੇ ਮੁਕਤੀ ਦੇ ਮਾਰਗ ਅਨੁਸਾਰ ਪੱਛੜੇ, ਦੱਬੇ-ਕੁਚਲੇ ਤੇ ਬਿਪਰਵਾਦ ਵਲੋਂ ਨਕਾਰੇ ਲੋਕਾਂ ਨੂੰ ਗਲਕਵੜੀ ਵਿਚ ਲੈਣ ਲਈ, ਪਹਿਲਕਦਮੀ ਸਮੇਂ ਦੀ ਮੰਗ ਹੈ।

ਗੁਰੂ ਨਾਨਕ ਸਾਹਿਬ ਨੇ ਸ਼ਬਦ-206, ਅਸ਼ਟਪਦੀਆਂ-121, ਛੰਤ-24, ਪਉੜੀਆਂ-

116, ਸਲੋਕ-260, ਪਹਰੇ-2, ਅਲਾਹਣੀਆਂ-5, ਕੁਚਜੀ -ਸੁਚਜੀ-2, ਸੋਲਹੇ-22, ਪਦੇ-199 = 958 ਦੀ ਸਿਰਜਨਾ ਕੀਤੀ। ਆਪ ਜੀ ਦੇ ਵਿਸ਼ਾਲ ਰਚਨਾ ਖੇਤਰ ਵਿੱਚ ਜਪਜੀ, ਪਹਰੇ, ਵਾਰ ਮਾਝ, ਪਟੀ, ਵਾਰ ਆਸਾ, ਅਲਾਹਣੀਆਂ, ਕੁਚਜੀ-ਸੁਚਜੀ, ਥਿਤੀ, ਓਅੰਕਾਰ, ਸਿਧ-ਗੋਸਟਿ, ਬਾਰਹਮਾਹਾ, ਵਾਰ ਮਲਾਰ ਸਮੇਤ, ਸਾਰੀਆਂ ਹੀ ਮਹਾਨ ਬਾਣੀਆਂ ਹਨ। ਆਪ ਦੀ ਬਾਣੀ ਰਾਗਾਂ ਵਿੱਚ ਹੈ, ਜਿਨ੍ਹਾਂ ਦੀ ਸੰਗੀਤਕਤਾ ਲੋਕ ਮਨ ਵਿੱਚ ਇਕਸੁਰਤਾ ਅਤੇ ਇਕਾਗਰਤਾ ਪੈਦਾ ਕਰਦੀ ਹੈ, ਪਰ ਇੱਥੇ ਰਾਗਾਂ ਦਾ ਉਪਦੇਸ਼ ਸੰਗੀਤ ਸ਼ਾਸਤਰੀਅਤਾ ਜਾਂ ਵਸ਼ਿਸ਼ਟਤਾ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ ਅਤੇ ਸੁਭਾਵਿਕ ਕੀਰਤਨ ਰਾਹੀਂ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਰਬੀ ਨਾਮ- ਭਰਪੂਰ ਸ਼ਖ਼ਸੀਅਤ ਦੀ ਸਥਾਪਨਾ ਕਰਨਾ ਹੈ ।ਅਕਾਲ ਰੂਪ ਬਾਬੇ ਨਾਨਕ ਨਾਲ ਰਬਾਬੀ ਮਰਦਾਨੇ ਦੀ ਸੰਗਤ, ਸਾਧਨਾ ਅਤੇ ਸੰਗੀਤ ਦਾ ਖ਼ੂਬਸੂਰਤ ਸੰਗਮ ਹੈ। ਗੁਰੂ ਨਾਨਕ ਸਾਹਿਬ ਦੇ ਸ਼ਬਦ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸ੍ਰੀ ਰਾਗ, ਮਾਝ, ਗਾਉੜੀ, ਆਸਾ, ਗੁਜਰੀ, ਵਡਹੰਸ, ਸੋਰਠ,ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਸਮੇਤ 19 ਰਾਗਾਂ ਵਿੱਚ ਮਿਲਦੇ ਹਨ। ਰਾਗ ਬਿਹਾਗੜਾ ਵਿੱਚ ਆਪ ਨੇ ਸਲੋਕ ਰਚੇ ਹਨ।

ਗੁਰੂ ਨਾਨਕ ਰਚਨਾ ਦੀ ਵਿਲੱਖਣ ਨੁਹਾਰ ਦਾ ਕਾਰਨ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ। ਇਸ ਵਿੱਚਲੀ ਭਾਸ਼ਾ ਸਦੀਵੀ ਸਮਝੀ ਜਾਣ ਵਾਲੀ ਤੇ ਲੋਕ ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ। ਗੁਰੂ ਨਾਨਕ ਬਾਣੀ ਪੰਜਾਬੀ, ਸੰਸਕ੍ਰਿਤ, ਪ੍ਰਾਕ੍ਰਿਤਕ ਅਤੇ ਫ਼ਾਰਸੀ ਭਾਸ਼ਾ ਵਿੱਚ ਮਿਲਦੀ ਹੈ। ਆਪਣੀ ਭਾਸ਼ਾ ਦੀ ਨਿਰਾਦਰੀ ਕਰਨ ਵਾਲੇ ਲੋਕਾਂ ਨੂੰ ਗੁਰੂ ਜੀ ਨੇ ਕਿਸੇ ਪ੍ਰਕਾਰ ਦਾ ਕੋਈ ਮਹੱਤਵ ਨਹੀਂ ਦਿੱਤਾ : 'ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥' (ਗੁਰੂ ਗ੍ਰੰਥ ਸਾਹਿਬ : 663) ਗੁਰੂ ਨਾਨਕ ਸੰਦੇਸ਼ ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਗ੍ਰਹਿਸਤ ਤੇ ਉਦਾਸੀ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰਸ਼ ਤੇ ਯਥਾਰਥ ਦਾ, ਇਨਸਾਨ ਤੇ ਪ੍ਰਾਕਿਰਤੀ ਦਾ, ਧਰਮ ਤੇ ਕਰਮ ਦਾ ਅਤੇ ਭਗਤੀ ਤੇ ਸ਼ਕਤੀ ਦਾ ਅਤਿਅੰਤ ਸੁੰਦਰ ਤੇ ਸੰਤੁਲਿਤ ਸੁਮੇਲ ਹੈ, ਜਿਸ ਦੀ ਰੌਸ਼ਨੀ ਤੇ ਨਿੱਘ ਰਹਿੰਦੀ ਦੁਨੀਆਂ ਤੱਕ ਮਨੁੱਖੀ ਸਭਿਅਤਾ ਲਈ 'ਚਾਨਣ ਦੇ ਵਣਜਾਰੇ' ਬਣੇ ਰਹਿਣਗੇ ਅਤੇ 'ਨਾਨਕ' ਸ਼ਬਦ ਹਰ ਰਸਨਾ ਉਪਰ ਲੋਕ-ਮੁਹਾਵਰਾ ਬਣ ਕੇ ਗੂੰਜਦਾ ਰਹੇਗਾ :

**'ਸਿੱਧ ਬੋਲਨਿ ਸ਼ੁਭ ਬਚਨ,**
**ਧੰਨ ਨਾਨਕ ਤੇਰੀ ਵਡੀ ਕਮਾਈ॥'**

**(ਵਾਰਾਂ ਭਾਈ ਗੁਰਦਾਸ)**

ਗੁਰੂ ਨਾਨਕ ਸਾਹਿਬ ਦਾ ਬ੍ਰਹਿਮੰਡੀ ਉਪਦੇਸ਼ ਗਗਨ ਰੂਪੀ ਥਾਲ ਵਿਚ, ਸੂਰਜ ਚੰਦ ਰੂਪੀ ਦੀਵਿਆਂ ਰਾਹੀਂ ਕੁਦਰਤ ਦੇ ਗੁਣ ਗਾਉਣ ਅਤੇ ਇਲਾਹੀ ਜੋਤ ਜਗਾਉਣ ਦੇ ਰੂਪ ਵਿਚ ਉਜਾਗਰ ਹੈ। ਆਪ ਕੁਦਰਤੀ ਦਾਤਾਂ ਦੇ ਰੂਪ ਵਿਚ ਧਰਤੀ ਨੂੰ ਮਾਂ, ਪਾਣੀ ਨੂੰ ਪਿਤਾ ਤੇ ਪਉਣ ਨੂੰ ਗੁਰੂ ਦਰਸਾ ਕੇ ਮਨੁੱਖਤਾ ਨੂੰ ਇਸ ਦੀ ਮਹਾਨਤਾ ਤੋਂ ਜਾਣੂ ਕਰਵਾਉਂਦੇ ਹਨ। ਇਸ ਦੀ ਪ੍ਰਸੰਗਿਕਤਾ ਅੱਜ ਕੌਮਾਂਤਰੀ ਪੱਧਰ 'ਤੇ ਹੋਰ ਵੀ ਵਧ ਜਾਂਦੀ ਹੈ, ਜਦੋਂ ਵਾਯੂਮੰਡਲ ਵਿਚ ਹਵਾਵਾਂ ਦੂਸ਼ਿਤ ਹੋ ਰਹੀਆਂ ਹਨ, ਧਰਤੀ ਹੇਠੋਂ ਪਾਣੀ ਮੁਕਦਾ ਜਾ ਰਿਹਾ ਹੈ, ਦਰਿਆਵਾਂ-ਨਦੀਆਂ ਵਿਚ ਕੈਮੀਕਲ ਮਿਲ ਰਹੇ ਹਨ, ਅਨੇਕਾਂ ਜੀਵ-ਜੰਤੂਆਂ ਦਾ ਜੀਵਨ ਖਤਮ ਹੋ ਰਿਹਾ ਹੈ। ਦੁਨੀਆ ਦੇ ਤਾਕਤਵਰ ਦੇਸਾਂ ਵਲੋਂ ਪੁਲਾੜਾਂ ਵਿਚ ਵੀ ਤਬਾਹੀ ਮਚਾਈ ਜਾ ਰਹੀ ਹੈ ਅਤੇ ਪ੍ਰਮਾਣੂ ਹਥਿਆਰਾਂ ਦੀ ਅੰਨੀ ਦੌੜ ਮਨੁੱਖਤਾ ਨੂੰ ਬਾਰੂਦ ਦੇ ਢੇਰ 'ਤੇ ਬਿਠਾ ਚੁੱਕੀ ਹੈ।

ਅਜਿਹੇ ਭਿਆਨਕ ਦੌਰ ਵਿਚ ਗੁਰੂ ਨਾਨਕ ਚਿੰਤਨ ਹੀ ਸੰਸਾਰ ਦੀ ਅਗਵਾਈ ਦਾ ਲਿਖਾਇਕ ਹੈ। ਇਸ ਲਈ ਮੁਢਲੇ ਰੂਪ ਵਿਚ ਕਦਮ ਚੁਕਦਿਆਂ ਪਵਿੱਤਰ ਵੇਈਂ ਦੇ ਪਾਣੀ ਦੀ ਸ਼ੁੱਧਤਾ ਤੋਂ ਲੈ ਕੇ ਪੰਜਾਬ ਦੇ ਨਾਲਿਆਂ ਤੇ ਨਦੀਆਂ ਨੂੰ ਬਚਾਉਣ ਲਈ ਅੱਗੇ ਆਉਣਾ ਹੋਵੇਗਾ। ਹਰ ਰੋਜ਼ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਪੜ੍ਹ ਲੈਣ ਮਗਰੋਂ ਉਸ 'ਤੇ ਅਮਲ ਕਰਨਾ ਵੀ ਲਾਜ਼ਮੀ ਹੈ, ਜਿਸ ਨੂੰ ਦੇਸ਼ ਦੀਆਂ ਹੱਦਾਂ ਤੋਂ ਅੱਗੇ, ਕੌਮਾਂਤਰੀ ਪੱਧਰ 'ਤੇ ਲਿਜਾਣ ਦੀ ਲੋੜ ਹੈ। ਰਹੀ ਗੱਲ ਬੰਬਾਂ, ਮਿਜ਼ਾਈਲਾਂ ਤੇ ਪ੍ਰਮਾਣੂ ਹਥਿਆਰਾਂ ਦੇ ਜ਼ਖੀਰੇ ਤਿਆਰ ਕਰ ਰਹੇ ਦੇਸਾਂ ਦੀ, ਅੱਜ ਐਟਮਾਂ ਦੇ ਘਾੜਿਆਂ ਤੇ ਬਾਰੂਦ ਦੇ ਵਣਜਾਰਿਆਂ ਨੂੰ ਵਾਸਤੇ ਪਾ ਕੇ ਦੁਨੀਆਂ ਨੂੰ ਤਬਾਹ ਹੋਣ ਤੋਂ ਬਚਾਉਣਾ ਹੋਵੇਗਾ।

ਇਜ਼ਰਾਇਲ ਵੱਲੋਂ ਫਲਸਤੀਨ ਵਿੱਚ ਹਜ਼ਾਰਾਂ ਬੱਚਿਆਂ ਦੀ ਕਤਲੋਗਾਰਤ ਅਜਿਹੇ ਦੁਖਦਾਈ ਮੰਜ਼ਰ ਬਿਆਨ ਕਰ ਰਹੀ ਹੈ। ਜਿਉਂਦੇ ਜਾਗਦੇ ਮਨੁੱਖਾਂ, ਕੁਦਰਤੀ ਰੁੱਤਾਂ, ਮੌਸਮਾਂ ਤੇ ਸਰੋਤਾਂ ਨੂੰ ਤਬਾਹ ਕਰਕੇ ਕਾਇਮ ਕੀਤੀ ਸੱਤਾ ਸ਼ਮਸ਼ਾਨਭੂਮੀ ਦੀ ਬਾਦਸ਼ਾਹਤ ਤੋਂ ਵੱਧ ਕੁਝ ਨਹੀਂ। ਅਜੋਕੇ ਯੁੱਗ ਵਿਚ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਸਮੂਹ ਮੁੱਦਿਆਂ ਨੂੰ ਵੀ ਵਿਚਾਰਨ ਦੀ ਲੋੜ ਹੈ, ਉਹ ਚਾਹੇ ਸਮਾਜੀ ਢਾਂਚੇ ਨਾਲ ਸੰਬੰਧਿਤ ਹੋਣ ਜਾਂ ਸਭਿਆਚਾਰਕ ਵਰਤਾਰੇ ਨਾਲ। ਗੁਰੂ ਨਾਨਕ ਦਰਸ਼ਨ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੇ ਸਿਧਾਂਤ ਤੇ ਆਧਾਰਤ ਹੈ। ਵਿਸ਼ਵ ਗੁਰੂ ਨਾਨਕ ਸਾਹਿਬ ਨੇ ਸੰਸਾਰ ਨੂੰ ਸੱਚੀ-ਸੁੱਚੀ ਕਿਰਤ ਕਰਦਿਆਂ, ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ ਹੈ।

ਕਿਰਤੀ ਵਜੋਂ ਹੀ ਇਕ ਵਿਸ਼ੇਸ਼ ਰੂਪ ਕਿਸਾਨ ਅਤੇ ਕਿਸਾਨੀ ਨੂੰ ਗੁਰੂ ਸਾਹਿਬ ਨੇ ਆਪਣੇ ਜੀਵਨ ਵਿੱਚ ਖ਼ਾਸ ਮਹੱਤਵ ਦਿੱਤਾ। 'ਹਲ-ਵਾਹਕ' ਦੇ ਰੂਪ ਵਿੱਚ ਗੁਰੂ ਨਾਨਕ ਸਾਹਿਬ, ਦਸਾਂ ਨਹੁੰਆਂ ਦੀ ਕਿਰਤ ਦੀ ਮਹਾਨਤਾ ਉਜਾਗਰ ਕਰਨ ਲਈ, ਜੀਵਨ ਕਾਲ ਦੇ ਅੰਤਿਮ 18 ਵਰ੍ਹੇ ਰਾਵੀ ਕਿਨਾਰੇ ਵਸਾਏ ਨਗਰ ਕਰਤਾਰਪੁਰ ਸਾਹਿਬ ਵਿਖੇ ਕਿਸਾਨੀ ਕਰਦੇ ਹੋਏ, ਕਿਰਤੀ ਤੇ ਮਿਹਨਤਕਸ਼ਾਂ ਦੀ ਢਾਣੀ ਦੇ ਮੋਢੀ ਬਣੇ। ਕਿਸਾਨੀ ਹੱਕਾਂ ਲਈ ਜੂਝਣ ਵਾਲੇ ਬਹਾਦਰ ਲੋਕ ਗੁਰੂ ਨਾਨਕ ਸਾਹਿਬ ਦੇ ਰਾਹ ਦੇ ਪਾਂਧੀ ਹਨ, ਜਦਕਿ ਕਿਸਾਨ ਵਿਰੋਧੀ ਕਾਨੂੰਨਾਂ ਦੇ ਘਾੜੇ ਗੁਰੂ ਨਾਨਕ ਸਿਧਾਂਤ ਦੇ ਵਿਰੋਧੀ ਹਨ।

ਗੁਰੂ ਨਾਨਕ ਸਾਹਿਬ ਵਲੋਂ ਇਸਤਰੀ ਜਾਤੀ ਨੂੰ ਇਖ਼ਲਾਕੀ ਪੱਧਰ 'ਤੇ ਉੱਚਾ ਰੁਤਬਾ ਦਿੱਤਾ ਗਿਆ ਅਤੇ ਸਤੀ ਪ੍ਰਥਾ ਤੇ ਬਾਲ ਵਿਆਹ ਆਦਿ ਦਾ ਖੰਡਨ ਕੀਤਾ ਗਿਆ। ਸਮੂਹਿਕ ਪੱਧਰ 'ਤੇ ਵਿਚਾਰਨਾ ਹੋਵੇਗਾ ਕਿ ਇਹਨਾਂ ਸਿੱਖਿਆਵਾਂ ਦੀ ਅੱਜ ਦੇ ਸਮੇਂ, ਸਾਢੇ ਪੰਜ ਸੌ ਸਾਲ ਪਹਿਲਾਂ ਨਾਲੋਂ ਵੱਧ ਲੋੜ ਹੈ। ਕਾਰਨ ਇਹ ਹੈ ਕਿ ਕਿਧਰੇ ਜਬਰ-ਜਿਨਾਹ, ਤਸ਼ੱਦਦ ਅਤੇ ਵਿਤਕਰੇ ਰਾਹੀਂ ਔਰਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਕਿਧਰੇ ਦਾਜ-ਦਹੇਜ, ਲਾਲਚ ਅਤੇ ਲੁੱਟ-ਖਸੁੱਟ ਰਾਹੀਂ ਤਬਾਹ ਕੀਤਾ ਜਾ ਰਿਹਾ ਹੈ। ਨਿੱਤ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜਿਹਨਾਂ ਨੂੰ ਸੁਣਦਿਆਂ ਤੇ ਤਕਦਿਆਂ ਕਾਲਜਾ ਮੂੰਹ ਨੂੰ ਆਉਂਦਾ ਹੈ। ਇਥੋਂ ਤੱਕ ਕਿ ਸਿੱਖ ਸਮਾਜ ਵੀ ਇਹਨਾਂ ਤੋਂ ਨਹੀਂ ਬਚਿਆ ਹੋਇਆ। ਸਿੱਖ ਸੰਸਥਾਵਾਂ ਦੇ ਆਗੂਆਂ ਉੱਪਰ ਵੀ ਦਾਜ ਦਹੇਜ ਦੇ ਦੋਸ਼, ਭਰੂਣ ਹੱਤਿਆ ਦੇ ਜੁਰਮ ਸਿੱਧ ਹੋਣੇ ਸ਼ਰਮਨਾਕ ਵਰਤਾਰਾ ਹਨ। ਗੁਰੂ ਨਾਨਕ ਸਿਧਾਂਤ ਤਾਂ ਕੁੜੀਮਾਰ ਤੇ ਨੜੀਮਾਰ ਨਾਲ ਸਾਮਾਜਿਕ ਸਾਂਝ ਦੀ ਆਗਿਆ ਵੀ ਨਹੀਂ ਦਿੰਦਾ, ਤਦ ਅਜਿਹੇ ਲੋਕਾਂ ਦੀ ਸਿੱਖ ਜਗਤ ਵਿਚ ਸੱਤਾ 'ਤੇ ਕਾਬਜ਼ ਹੋਣ ਦੀ ਸੌੜੀ ਸਿਆਸਤ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਗੁਰੂ ਨਾਨਕ ਸਾਹਿਬ ਦੇ ਜੀਵਨ ਦਰਸ਼ਨ ਤੋਂ ਰੂਹਾਨੀ ਸੇਧ ਲੈ ਕੇ ਇਕੋ-ਇਕ ਰੱਬੀ ਸਿਧਾਂਤ ਨਾਲ ਜੁੜਿਆ ਜਾ ਸਕਦਾ ਹੈ। ਗੁਰੂ ਨਾਨਕ ਵਿਚਾਰਧਾਰਾ ਅੱਜ ਦੀਆਂ ਗੰਭੀਰ ਸਮੱਸਿਆਵਾਂ ਦਾ ਸਹੀ ਹੱਲ ਹੈ। ਅਧਿਆਤਮਕ ਚਿੰਤਨ ਅਤੇ ਧਾਰਮਿਕ ਵਿਚਾਰਧਾਰਾ ਪੱਖੋਂ ਵੀ ਅਜੋਕਾ ਸਮੇਂ ਠੋਸ ਫੈਸਲੇ ਲੈਣ ਦੀ ਲੋੜ ਹੈ। ਮਨੁੱਖੀ ਅਧਿਕਾਰਾਂ ਦੀ ਅਜ਼ਾਦੀ ਦੀ ਪ੍ਰਾਪਤੀ ਲਈ ਦ੍ਰਿੜ ਇਰਾਦੇ ਅਤੇ ਮਜ਼ਬੂਤ ਕਦਮ ਚੁੱਕਣੇ ਹੋਣਗੇ। ਅਜਿਹੇ ਮਨੁੱਖ ਦਾ ਖਾਧਾ ਪੀਤਾ ਸਭ ਹਰਾਮ ਹੈ, ਜਿਸ ਦੀ ਪੱਤ ਲੱਥੀ ਹੋਵੇ ਤੇ ਬੇ-ਗੈਰਤ ਹੋ ਕੇ ਜਿਉ ਰਿਹਾ ਹੋਵੇ ਤੇ ਉਸ ਨੂੰ ਹੱਕਾਂ ਨੂੰ ਵਾਂਝਿਆਂ ਰੱਖਿਆ ਗਿਆ ਹੋਵੇ। ਇਥੇ ਸਿੱਖ ਸਿਧਾਂਤ ਦਾ ਅਹਿਮ ਪਹਿਲੂ ਵਿਚਾਰਨਯੋਗ ਹੈ ਕਿ ਸਰਬੱਤ ਦੀ ਅਜ਼ਾਦੀ, ਸਰਬੱਤ ਦੇ ਭਲੇ ਦੇ ਹੱਕਾਂ ਲਈ ਖੜੇ ਹੋਣਾ ਹੀ ਗੁਰੂ ਨਾਨਕ ਫਲਸਫੇ ਨੂੰ ਅਮਲ ਵਿਚ ਲਿਆਉਣਾ ਹੈ।

ਇਸ ਦੀ ਮਿਸਾਲ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਜਨੇਊ ਪਾਉਣ ਤੋਂ ਇਨਕਾਰ ਕਰਕੇ, ਧੱਕੇ ਨਾਲ ਕੀਤੀ ਜਾਂਦੀ ਬਿਪਰਵਾਦੀ ਰੀਤੀ ਦਾ ਵਿਰੋਧ ਕਰਦੇ ਹਨ, ਜਦ ਕਿ 350 ਸਾਲ ਪਹਿਲਾਂ ਨੌਵੀ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਧਾਰਮਿਕ ਤੇ ਮਨੁੱਖੀ ਆਜ਼ਾਦੀ ਦੇ ਹੱਕ ਵਿੱਚ ਅਤੇ ਮੁਗਲ ਸਲਤਨਤ ਖਿਲਾਫ਼ ਆਵਾਜ਼ ਉਠਾਉਂਦੇ ਹੋਏ, ਸ਼ਹੀਦੀ ਪਾਉਂਦੇ ਹਨ। ਗੁਰੂ ਨਾਨਕ ਫ਼ਲਸਫੇ ਦੀ ਪ੍ਰਸੰਗਿਕਤਾ ਉਦੋਂ ਹੋਰ ਵੀ ਵਧੇਰੇ ਵਧ ਜਾਂਦੀ ਹੈ, ਜਦੋਂ ਸਟੇਟ ਦੀ ਅਗਵਾਈ ਵਿਚ ਜਬਰੀ ਖਾਣ-ਪਹਿਨਣ ਦੇ ਨਾਂ 'ਤੇ ਧੱਕੇਸ਼ਾਹੀ ਹੋ ਰਹੀ ਹੈ, ਕਿਧਰੇ ਮਨੂਵਾਦੀਆਂ ਵਲੋਂ ਦੱਬੇ ਕੁਚਲੇ ਲੋਕਾਂ ਤੇ ਮੁਸਲਮਾਨਾਂ ਨੂੰ ਗਾਂ ਦੇ ਵਪਾਰ ਅਤੇ ਮੁਰਦਾ ਪਸ਼ੂ ਢੋਹਣ ਕਾਰਨ ਕਤਲ ਕੀਤਾ ਜਾ ਰਿਹਾ ਹੈ, ਕਿਧਰੇ ਮੁਸਲਿਮ ਲੋਕਾਂ ਨੂੰ ਭਾਰਤ ਮਾਂ ਦੀ ਜੈ ਜਾਂ ਜੈ ਸ੍ਰੀ ਰਾਮ ਨਾ ਬੋਲਣ 'ਤੇ ਮਾਰਿਆ ਜਾ ਰਿਹਾ ਹੈ।

ਅੱਜ ਤੋਂ 41 ਸਾਲ ਪਹਿਲਾਂ ਨਵੰਬਰ 1984 ਵਿਚ ਦਿੱਲੀ ਤੋਂ ਲੈ ਕੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ, ਸਿੱਖਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਚੁਣ-ਚੁਣ ਕੇ ਜਿਉਂਦੇ ਸਾੜਨਾ, ਗੈਂਗ-ਰੇਪ ਕਰਨਾ ਅਤੇ ਘਰ-ਬਾਰ ਉਜਾੜ ਕੇ ਸਿੱਖਾਂ ਦੀ ਨਸਲਕੁਸ਼ੀ ਕਰਨੀ, ਇਸਦੀ ਨਾ ਭੁੱਲਣ ਯੋਗ ਅਤੇ ਨਾ ਬਖਸ਼ਣ ਯੋਗ ਮਿਸਾਲ ਹੈ। ਜੇਕਰ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਔਰੰਗਜ਼ੇਬ ਦੇ ਅੱਤਿਆਚਾਰ ਦਾ ਵਿਰੋਧ ਕਰਦੇ ਹਨ ਤੇ ਸ਼ਹੀਦੀ ਦਿੰਦੇ ਹਨ, ਕੀ ਦਿੱਲੀ ਵਿਚ ਬਿਪਰਵਾਦੀਆਂ ਤਾਕਤਾਂ ਦੁਆਰਾ ਸਰਕਾਰ ਦੀ ਸ਼ਹਿ 'ਤੇ ਕੀਤੀ ਨਸਲਕੁਸ਼ੀ ਵਿਰੁੱਧ ਆਵਾਜ਼ ਬੁਲੰਦ ਕਰਨਾ, ਸਭਨਾਂ ਦਾ ਫਰਜ਼ ਨਹੀਂ ਸੀ ਬਣਦਾ? ਕਿਧਰੇ ਉੜੀਸਾ ਵਿਚ ਈਸਾਈ ਪਾਦਰੀ ਨੂੰ ਬਜਰੰਗ ਦਲ ਵਲੋਂ ਬੱਚਿਆਂ ਤੇ ਪਰਿਵਾਰ ਸਮੇਤ ਜਿਉਂਦੇ ਸਾੜਿਆ ਜਾਣਾ ਵੀ ਬਹੁਗਿਣਤੀ ਤੇ ਹਿੰਦੂਤਵੀ ਤਾਕਤਾਂ ਦੇ ਜ਼ੁਲਮ ਦੀ ਦਿਲ ਕਮਾਉ ਦਾਸਤਾਨ ਹੈ।

ਗੁਰੂ ਨਾਨਕ ਰਾਜ ਸਿਧਾਂਤ ਮਨੁੱਖੀ ਹੱਕਾਂ ਦੀ ਆਜ਼ਾਦੀ ਨੂੰ ਲਾਗੂ ਕਰਨ ਲਈ ਸਾਮਾਜਿਕ ਬਰਾਬਰੀ ਨੂੰ ਆਧਾਰ ਬਣਾਉਂਦਾ ਹੈ। ਜੇਕਰ ਸਮਾਜ ਵਿਚ ਬਰਾਬਰੀ ਨਹੀਂ, ਤਾਂ ਅਜ਼ਾਦੀ ਦੀ ਪਰਿਭਾਸ਼ਾ ਵੀ ਇਕਸਾਰ ਨਹੀਂ ਹੋ ਸਕਦੀ। ਗੁਰੂ ਨਾਨਕ ਸਿਧਾਂਤ ਤਾਂ ਚਹੁੰ ਵਰਨਾਂ, ਸਭ ਨਸਲਾਂ-ਰੰਗਾਂ ਤੇ ਜਾਤਾਂ-ਲਿੰਗਾਂ ਨੂੰ ਬਰਾਬਰ ਲਿਆ ਕੇ, ਫਿਰ ਉਹਨਾਂ ਨੂੰ ਅਜ਼ਾਦੀ ਦੇ ਰਾਹ ਚੱਲਣ ਲਈ ਪ੍ਰੇਰਿਤ ਕਰਦਾ ਹੈ। ਜਿਸ ਸਮਾਜ ਵਿਚ ਬਰਾਬਰੀ ਨਹੀਂ, ਉੱਥੇ ਸਥਾਪਿਤ ਰਾਜਾਂ ਵਿਚ ਅਜ਼ਾਦੀ ਦਾ ਹੱਕ ਵੀ ਇਕ ਸਮਾਨ ਨਹੀਂ ਹੋ ਸਕਦਾ।

ਮੂਲ ਰੂਪ ਵਿਚ ਗੁਰੂ ਨਾਨਕ ਸਾਹਿਬ ਵਲੋਂ ਜਿਸ ਸੱਚੇ ਪਾਤਸ਼ਾਹ ਦਾ ਹਲੇਮੀ, ਨਿਰਮਲ ਤੇ ਬੇਗਮਪੁਰਾ, ਜਿੱਥੇ 'ਦੁੱਖ, ਮੁਸੀਬਤਾਂ ਨਹੀਂ ਤੇ ਸਭ ਨਾਲ ਇਨਸਾਫ਼ ਹੈ' ਰਾਜ ਦਾ ਸਿਧਾਂਤ ਦਿੱਤਾ, ਉਹ ਵਰਗਾਂ-ਵੰਡਾਂ, ਕੌਮਾਂ-ਦੇਸਾਂ ਤੇ ਰਾਸ਼ਟਰਾਂ ਦੀਆਂ ਵਲਗਣਾਂ ਤੋਂ ਮੁਕਤ ਹੈ। ਅਜਿਹਾ ਰਾਜ ਸਭਨਾਂ ਲਈ ਮੁਕਤੀ ਦਾ ਮਾਰਗ ਵੀ ਹੈ ਤੇ ਬੇਗਮਪੁਰੇ ਦਾ ਪ੍ਰਤੀਕ ਵੀ। ਇਸ ਧਾਰਨਾ ਨੂੰ ਅਜੋਕੇ ਵਿਸ਼ਵ ਲਈ ਰਾਹ-ਦਸੇਰਾ ਮੰਨਦੇ ਹੋਏ ਇਹ ਪਾਵਨ ਸ਼ਬਦ ਮਾਰਗ ਦਰਸ਼ਨ ਕਹੇ ਜਾ ਸਕਦੇ ਹਨ :

**ਹੁਣਿ ਹੁਕਮੁ ਹੋਆ ਮਿਹਰਵਾਣ ਦਾ॥**
**ਪੈ ਕੋਇ ਨ ਕਿਸੈ ਰਞਾਣਦਾ॥**
**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥ (ਗੁਰੂ ਗ੍ਰੰਥ ਸਾਹਿਬ : 74)**

# ਗੁਰੂ ਨਾਨਕ ਬਾਣੀ ਅਤੇ ਔਰਤ ਦੇ ਅਧਿਕਾਰਾਂ ਦੀ ਚੇਤਨਾ

ਸਮੁੱਚੀ ਸ੍ਰਿਸ਼ਟੀ ਦਾ ਦਾਰੋਮਦਾਰ ਔਰਤ ਦੇ ਮਹੱਤਵਪੂਰਨ ਸਰੋਕਾਰਾਂ ਦੀ ਬੁਨਿਆਦ 'ਤੇ ਟਿਕਿਆ ਹੋਇਆ ਹੈ। ਪੁਰਾਤਨ ਪਿਛੋਕੜ ਵਿਚ ਸਾਡੇ ਪੂਰਵਜਾਂ ਦੁਆਰਾ ਕਿਤੇ ਔਰਤ ਦੀ ਨਿੰਦਾ ਤੇ ਕਿਤੇ ਹੱਕ ਦੀ ਗੱਲ ਹੋਈ ਹੈ। ਔਰਤ ਕੇਵਲ ਜਗ-ਜਨਣੀ ਹੀ ਨਹੀਂ, ਸਗੋਂ ਮੋਹ-ਮਮਤਾ ਤੇ ਸਹਿਣਸ਼ੀਲਤਾ ਅਤੇ ਰਿਸ਼ਤਿਆਂ ਨੂੰ ਪਰੋ ਕੇ ਰੱਖਣ ਦੀ ਸ਼ਕਤੀ ਵੀ ਹੈ। ਜੇਕਰ ਔਰਤ ਸ਼ਾਂਤੀ ਦਾ ਪ੍ਰਤੀਕ ਹੈ ਤਾਂ ਉਹ ਚੰਡੀ ਅਤੇ ਹੱਕ-ਸੱਚ ਦੀ ਆਵਾਜ਼ ਵੀ ਹੈ। ਇਸ ਦੇ ਬਾਵਜੂਦ ਪ੍ਰਾਚੀਨ ਸਮੇਂ ਤੋਂ ਮਰਦਾਵੇਂ ਦਾਬੇ ਵਾਲੇ ਸਮਾਜ ਵਿਚ ਔਰਤ ਪ੍ਰਤੀ ਨਜ਼ਰੀਆ ਗ਼ੁਲਾਮੀ ਦੀ ਜ਼ਹਿਨੀਅਤ ਵਾਲਾ ਹੀ ਰਿਹਾ ਹੈ। ਭਾਰਤੀ ਪਰੰਪਰਾ ਦੇ ਸੰਦਰਭ ਵਿਚ ਔਰਤ ਆਦਿ ਕਾਲ ਤੋਂ ਹੀ ਤ੍ਰਿਸਕਾਰ ਦੀ ਪਾਤਰ ਰਹੀ ਹੈ। ਮੰਨੂ ਸਿਮ੍ਰਿਤੀ ਵਿਚ ਔਰਤ ਨੂੰ ਨਾ ਹੀ ਬਹੁਤਾ ਸਤਿਕਾਰ ਮਿਲਿਆ ਹੈ ਤੇ ਨਾ ਹੀ ਸੁਤੰਤਰਤਾ। ਪ੍ਰਾਚੀਨ ਭਾਰਤੀ ਧਰਮ-ਸ਼ਾਸਤਰ, ਵੈਦਿਕ ਯੁੱਗ ਤੇ ਸਮਾਜਿਕ ਵਿਵਸਥਾ ਵਿਚ ਪੁੱਤਰੀ ਦਾ ਸਥਾਨ ਪੁੱਤਰ ਤੋਂ ਨੀਵਾਂ ਮੰਨਿਆ ਗਿਆ ਹੈ। ਨਾਥ ਜੋਗੀਆਂ ਦੇ ਨਾਲ ਪ੍ਰਭਾਵ ਔਰਤ ਦੇ ਹਾਲਾਤ ਵਿਚ ਹੋਰ ਵੀ ਨਿਘਾਰ ਆਇਆ। ਮੁਸਲਮਾਨਾਂ ਦੇ ਭਾਰਤ ਆਉਣ ਨਾਲ ਪਰਦੇ ਦੀ ਪ੍ਰਥਾ ਦੀ ਸ਼ੁਰੂਆਤ ਹੋਈ ਤੇ ਔਰਤ ਦੀ ਹਾਲਤ ਹੋਰ ਵੀ ਪਤਲੀ ਹੋ ਗਈ। ਜੇ ਵਿਧਵਾ ਔਰਤ ਨੂੰ ਪਤੀ ਦੇ ਦਿਹਾਂਤ ਤੋਂ ਉਪਰੰਤ ਜਿਊਣ ਦਾ ਅਧਿਕਾਰ ਦੇ ਵੀ ਦਿੱਤਾ ਜਾਂਦਾ ਸੀ, ਤਾਂ ਉਸ ਨੂੰ ਬਹੁਤ ਸਖ਼ਤ ਅਨੁਸ਼ਾਸਨ ਵਿਚ ਰਹਿਣਾ ਪੈਂਦਾ ਸੀ। ਉਸ ਨੂੰ ਕਿਸੇ ਵੀ ਪ੍ਰਕਾਰ ਦੀ ਸੁਤੰਤਰਤਾ ਅਤੇ ਸਮਾਨਤਾ ਦਾ ਅਧਿਕਾਰ ਨਹੀਂ ਸੀ। ਕੇਵਲ ਭਾਰਤੀ ਸਮਾਜ ਵਿਚ ਹੀ ਨਹੀਂ ਵਿਦੇਸ਼ੀ ਸਮਾਜਾਂ ਵਿਚ ਵੀ ਔਰਤ ਦੀ ਸਥਿਤੀ ਬਹੁਤੀ ਸੁਖਾਵੀਂ ਨਹੀਂ ਰਹੀ ਸੀ। ਪਲੈਟੋ ਵਰਗੇ ਮਹਾਨ ਦਾਰਸ਼ਨਿਕ ਨੇ ਵੀ ਪਰਮਾਤਮਾ ਦੀ ਸਭ ਤੋਂ ਵੱਡੀ ਕਿਰਪਾ ਇਹ ਮੰਨੀ ਹੈ ਕਿ ਪਰਮਾਤਮਾ ਨੇ ਉਸ ਦਾ ਨਿਰਮਾਣ ਇੱਕ ਸੁਤੰਤਰ ਮਨੁੱਖ ਵਜੋਂ ਬਣਾਇਆ ਹੈ ਔਰਤ ਨਹੀਂ। ਰੋਮਨ ਪਰੰਪਰਾ ਵਿਚ ਔਰਤ ਨੂੰ ਘੱਟ ਬੁੱਧੀ ਵਾਲੀ ਅਤੇ ਅਸੰਤੁਲਿਤ ਕਿਹਾ ਹੈ। ਸੰਤ ਅਗਸਤੀਨ ਦਾ ਕਥਨ ਹੈ ਕਿ ਔਰਤ ਨਾ ਸਥਿਰ ਹੈ ਤੇ ਨਾ ਦ੍ਰਿੜ੍ਹ ਸੰਕਲਪ। ਬਾਈਬਲ ਅੰਦਰ ਸੰਤ ਪਾਲ ਅਨੁਸਾਰ ਔਰਤ ਪੁਰਸ਼ ਲਈ ਬਣੀ ਹੈ ਤੇ ਪੁਰਸ਼ ਔਰਤ ਲਈ ਨਹੀਂ। ਇਨ੍ਹਾਂ ਹਾਲਾਤ ਵਿਚ ਧਾਰਮਿਕ, ਸਮਾਜਿਕ ਤੇ ਸਭਿਆਚਾਰਕ ਕੱਟੜਤਾ ਕਰਕੇ ਔਰਤ ਦੀ ਸਥਿਤੀ ਦਿਨੋ-ਦਿਨ ਪਤਲੀ ਹੁੰਦੀ ਚਲੀ ਗਈ। ਮੱਧ ਕਾਲੀ ਸਾਹਿਤ ਵਿਚ ਇਹ ਪ੍ਰਤੱਖ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਅੱਠਵੀਂ-ਨੌਵੀਂ ਸਦੀ ਵਿਚ ਵਿਚਰੇ ਨਾਥ ਜੋਗੀ ਔਰਤ ਵਿਰੋਧੀ ਭੁਗਤਦੇ ਹਨ। ਔਰਤ ਦੀ ਕੁੱਖ ਤੋਂ ਜਨਮ ਲੈਣ ਵਾਲੇ ਇਹ ਲੋਕ ਔਰਤ ਨੂੰ ਬਘਿਆੜੀ ਤੱਕ ਕਹਿ ਦਿੰਦੇ ਹਨ। ਗੋਰਖ ਨਾਥ ਅਨੁਸਾਰ:

ਬਾਘਨਿ ਜਿੰਦ ਲੈ, ਬਾਘਨਿ ਬਿੰਦ ਲੈ, ਬਾਘਨਿ ਹਮਰੀ ਕਾਇਆ।
ਇਨ ਬਾਘਨਿ ਤ੍ਰੈ ਲੋਈ ਖਾਈ, ਬਧਿਤ ਗੋਰਖ ਰਾਇਆ।

ਮੱਧ ਕਾਲ ਦੀ ਮਸ਼ਹੂਰ ਵੰਨਗੀ ਕਿੱਸਾ ਕਾਵਿ ਵਿਚ ਵਾਰਿਸ, ਪੀਲੂ, ਵਰਗੇ ਪ੍ਰਮੁੱਖ ਸ਼ਾਇਰਾਂ ਦਾ ਔਰਤਾਂ ਪ੍ਰਤੀ ਨਜ਼ਰੀਆ ਦੁਜੈਲਾ ਹੀ ਰਿਹਾ ਹੈ। ਪੀਲੂ ਅਨੁਸਾਰ 'ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ' ਵਰਗੇ ਸ਼ਬਦ ਲਿਖ ਕੇ



ਔਰਤ ਨੂੰ ਨੀਵਾਂ ਦਿਖਾਉਣ ਦਾ ਯਤਨ ਕੀਤਾ ਗਿਆ। ਮਹਾਂਭਾਰਤ ਸਮੇਂ ਵੀ ਔਰਤ ਨੂੰ ਬਰਾਬਰੀ ਦਾ ਸਨਮਾਨ ਨਹੀਂ ਮਿਲਿਆ।

**ਡਾ. ਹਰਿੰਦਰਜੀਤ ਸਿੰਘ ਕਲੇਰ**

ਦ੍ਰੋਪਤੀ ਨੂੰ ਉਦਾਹਰਨ ਵਜੋਂ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਕਾਲ ਤੋਂ ਪਹਿਲਾਂ ਅਤੇ ਗੁਰੂ ਨਾਨਕ ਕਾਲ ਦੇ ਸਮੇਂ ਵੀ ਔਰਤ ਦੀ ਦਸ਼ਾ ਖਸਤਾ ਹੀ ਸੀ ਪਰ ਗਿਆਰਵੀਂ ਬਾਰ੍ਹਵੀਂ ਸਦੀ ਵਿਚ ਵਿਚਰੇ ਬਾਬਾ ਸ਼ੇਖ਼ ਫ਼ਰੀਦ ਜੀ ਨੇ ਜ਼ਰੂਰ ਔਰਤ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ:

**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ।**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ।**

ਮੱਧ ਕਾਲੀਨ ਭਾਰਤ ਵਿਚ ਭਾਰਤੀ ਤੇ ਸਾਮੀ ਸੱਭਿਆਚਾਰਾਂ ਨੇ ਦੇਸ਼ ਦੀ ਰਾਜਨੀਤਕ ਸਥਿਤੀ 'ਤੇ ਮਰਦ ਅਤੇ ਔਰਤ ਦੇ ਨਸਲੀ ਵਿਤਕਰੇ ਨੇ ਔਰਤਾਂ ਨੂੰ ਬੁਰਕੇ ਵਿਚ ਲਪੇਟਣਾ, ਘੁੰਡ ਵਿਚ ਬੰਦ ਕਰਨਾ, ਪਤੀ ਦੇ ਮਰਨ ਉਤੇ ਔਰਤ ਨੂੰ ਬਲਦੀ ਚਿਤਾ ਵਿਚ ਬਿਠਾ ਕੇ ਸਤੀ ਕਰਨ, ਕੁੜੀਆਂ ਨੂੰ ਵੇਚਣ, ਛੋਟੀ ਉਮਰ ਵਿਚ ਵਿਆਹ ਦੇਣ ਜਾਂ ਜੰਮਦਿਆਂ ਮਾਰ ਦੇਣ ਆਦਿ ਘਿਨਾਉਣੀਆਂ ਸਮਾਜਿਕ ਕੁਰੀਤੀਆਂ ਤੇ ਵਹਿਮਾਂ ਭਰਮਾਂ ਵਿਚ ਗ੍ਰਸਿਆ ਹੋਇਆ ਸੀ। ਕਿੱਸਾ ਕਾਵਿ ਜੋ ਮੱਧ ਕਾਲ ਦੀਆਂ ਮਕਬੂਲ ਵੰਨਗੀਆਂ ਵਿਚੋਂ ਇਕ ਹੈ ਵਿਚ ਵੀ ਔਰਤਾਂ ਨੂੰ ਬਰਾਬਰੀ ਨਹੀਂ ਮਿਲੀ। ਇੱਥੋਂ ਤੱਕ ਕਿ ਲੋਕ ਕਥਾਵਾਂ, ਲੋਕ ਕਹਾਣੀਆਂ ਆਦਿ ਵਿਚ ਵੀ ਔਰਤ ਨਾਲ ਇਹੋ ਜਿਹਾ ਵਿਤਕਰਾ ਹੁੰਦਾ ਰਿਹਾ ਹੈ। ਸਿੱਖ-ਗੁਰੂਆਂ ਜਿੱਥੇ ਔਰਤਾਂ ਪ੍ਰਤੀ ਆਪਣੀ ਸਿਰਜਨਾ ਤੇ ਕਾਵਿ ਕੌਸ਼ਲਤਾ ਰਾਹੀਂ ਮਨੁੱਖਤਾ ਵਿਚ ਮਾਨਸਿਕ ਤੇ ਸਮਾਜਿਕ ਚੇਤਨਾ ਪੈਦਾ ਕੀਤੀ ਉਥੇ ਔਰਤ ਦੀ ਮਾੜੀ ਦਸ਼ਾ ਨੂੰ ਸਮਝਦਿਆਂ ਇਸ ਦੀ ਨਿੰਦਾ ਹੀ ਨਹੀਂ ਕੀਤੀ, ਸਗੋਂ ਸਿੱਖ ਸੱਭਿਆਚਾਰ ਵਿਚ ਇਨ੍ਹਾਂ ਲਾਹਣਤਾਂ ਨੂੰ ਦੂਰ ਕਰਨ ਦੀ ਤਾਕੀਦ ਵੀ ਕੀਤੀ ਅਤੇ ਉਨ੍ਹਾਂ ਲਈ ਬਰਾਬਰਤਾ, ਸਮਾਨਤਾ, ਸੁਤੰਤਰਤਾ ਤੇ ਸਨਮਾਨ ਦੇ ਵੀ ਭਾਵ ਪ੍ਰਗਟ ਕੀਤੇ ਹਨ। ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੇ ਪਵਿੱਤਰ ਸੰਦੇਸ਼ ਦੇਣ ਤੇ ਬਾਬਰ ਨੂੰ ਜਾਬਰ ਕਹਿਣ ਵਾਲੇ ਗੁਰੂ ਨੇ ਸਥਾਪਤੀ ਦੇ ਦਮਨਕਾਰੀ ਵਿਹਾਰ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ, ਕਿਉਂਕਿ ਉਹ ਬਦਲ ਰਹੀਆਂ ਪ੍ਰਸਥਿਤੀਆਂ ਤੇ ਸਮੇਂ ਦੇ ਇਤਿਹਾਸਕ ਵੇਗ ਨੂੰ ਸਮਝਣ ਦੇ ਸਮਰੱਥ ਸਨ, ਉਨ੍ਹਾਂ ਉਸ ਸਮੇਂ ਦੀਆਂ ਕੁਰੀਤੀਆਂ ਖ਼ਿਲਾਫ਼ ਵਿਰੋਧੀ ਸੁਰ ਵਾਲੀ ਭਾਸ਼ਾ ਦੀ ਵਰਤੋਂ ਕੀਤੀ। ਸਦੀਆਂ ਤੋਂ ਦੁਰਕਾਰੀ ਤੇ ਲਿਤਾੜੀ ਜਾ ਰਹੀ ਔਰਤ ਦੇ ਸਵੈ-ਮਾਣ ਦੇ ਹੱਕ ਵਿਚ ਆਵਾਜ਼ ਉਠਾਈ। ਆਸਾ ਦੀ ਵਾਰ ਦੀ ਪਾਉੜੀ 19ਵੀਂ ਵਿਚ ਉਹ ਵਿਸਥਾਰ ਨਾਲ ਸਮਝਾਉਂਦੇ ਹਨ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**

ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਸਮਾਜਿਕ ਸੁਧਾਰਾਂ ਦੇ ਨਾਲ ਬਰਾਬਰਤਾ ਦੀ ਗੱਲ ਵੀ ਸ਼ੁਰੂ ਹੋਈ। ਜਿੱਥੇ ਉਨ੍ਹਾਂ ਨੇ ਲੋਕਾਈ ਨੂੰ ਧਰਮ ਦੀ ਅਸਲੀਅਤ ਬਾਰੇ ਬਾਖ਼ੂਬੀ ਜਾਣਕਾਰੀ ਦਿੱਤੀ, ਉੱਥੇ ਜਬਰ ਵਿਰੁੱਧ ਲੜਨ ਦੀ ਪ੍ਰੇਰਨਾ ਅਤੇ ਹੱਕਾਂ ਪ੍ਰਤੀ ਸੁਚੇਤਤਾ ਵੀ ਪ੍ਰਦਾਨ ਕੀਤੀ, ਜਿਸ ਦੀ ਵਧੀਆ ਉਦਾਹਰਨ ਉਨ੍ਹਾਂ ਵਲੋਂ ਬਾਬਰ ਦੇ ਖ਼ਿਲਾਫ਼ ਲਿਖੀ ਹੋਈ ਬਾਬਰ ਬਾਣੀ ਹੈ। ਇਤਿਹਾਸ ਗਵਾਹ ਹੈ ਕਿ ਔਰਤ ਨੇ ਆਪਣੇ ਸਵੈ-ਮਾਣ ਨੂੰ ਬਹਾਲ ਕਰਨ ਲਈ ਸਖ਼ਤ ਮੁਸ਼ੱਕਤ ਕੀਤੀ ਹੈ। ਮੱਧਕਾਲ ਤੋਂ ਵਰਤਮਾਨ ਤੱਕ ਅਨੇਕਾਂ ਔਰਤ ਸ਼ਖ਼ਸੀਅਤਾਂ ਜ਼ਿਕਰਯੋਗ ਹਨ, ਜਿਨ੍ਹਾਂ 'ਤੇ ਪੂਰੀ ਕੌਮੀਅਤ ਮਾਣ ਕਰਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਔਰਤ ਮਰਦ ਦੇ ਹਰ ਖੇਤਰ ਵਿਚ ਬਰਾਬਰ ਖੜ੍ਹੀ ਨਜ਼ਰੀ ਆਉਂਦੀ ਹੈ। ਸਾਨੂੰ ਔਰਤ ਪ੍ਰਤੀ ਆਪਣੀ ਮਾਨਸਿਕਤਾ ਬਦਲਣ ਦੀ ਲੋੜ ਹੈ। ਔਰਤ ਵੀ ਆਪਣੇ ਹੱਕਾਂ ਲਈ ਜਥੇਬੰਦਕ ਹੋ ਕੇ ਲੜਾਈ ਲੜੇ, ਤਾਂ ਕਿ ਉਸ ਵਿਚ ਚੇਤਨਤਾ ਅਤੇ ਨਾਬਰੀ ਦਾ ਅਹਿਸਾਸ ਤਿੱਖਾ ਹੋਵੇ।

ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ ਲੱਖ ਵਧਾਈਆਂ

# A&I Trucking Co.

**123 E. Lee Road Watsonville, CA**

**Ph: 931-247-4637**



ਅਮੋਲਕ ਸਿੰਘ ਗਾਖਲ



ਇਕਬਾਲ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



Gurvinder Singh Gakhal



Paramvir Singh Gakhal



Jaskaran Singh Gakhal



Karamvir Singh Gakhal



Amarvir Singh Gakhal

ਆਓ ਸਰਬੱਤ ਦੇ ਭਲੇ ਦੇ ਧਾਰਨੀ ਬਣੀਏ ਸਰਬਸਾਂਝੀ ਗੁਰਬਾਣੀ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗੀਏ, ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਖੇਡਾਂ ਨੂੰ ਦੁਨੀਆਂ ਭਰ ਵਿਚ ਪ੍ਰਮੋਟ ਕਰਨ ਵਾਲੇ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਸੱਚੇ ਸੇਵਾਦਾਰ ਪੰਜਾਬ ਦੀ ਧਰਤੀ ਉਪਰ ਨਸ਼ਿਆਂ ਵਿਰੁੱਧ ਵਿਆਪਕ ਲਹਿਰ ਛੇੜਨ ਵਾਲੇ ਗੋਲਡਨ ਜਿਮ ਅਤੇ ਏ ਐਂਡ ਆਈ ਟਰੱਕਿੰਗ ਕੈਲੀਫੋਰਨੀਆ ਦੇ ਮਾਲਕ

# ਗਾਖਲ ਬ੍ਰਦਰਜ਼

**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ**

ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ-ਲੱਖ ਵਧਾਈਆਂ



ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ ਸਾਬਕਾ ਜਰਨਲ ਸਕੱਤਰ

# ਸ:ਸੰਤੋਖ ਸਿੰਘ ਝਿੰਗੜਾ




ਕਮਿਊਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ ਸੀਨੀਅਰ ਪੱਤਰਕਾਰ ਸ੍ਰ. ਬਲਜੀਤਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ, ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ

ਫੇਰ ਉਠੀ ਆਖਿਰ ਸਦਾ ਤੌਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ




# ਲੱਖ-ਲੱਖ ਵਧਾਈ





ਧੰਨਵਾਦ ਸਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

ਫੇਰ ਉਠੀ ਆਖਿਰ ਸਦਾ ਤੋਹੀਦ ਹਿੰਦ ਦੀ ਪੰਜਾਬ ਸੇ,
ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖਾਬ ਸੇ



ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪਾਵਨ ਪ੍ਰਕਾਸ਼ ਦਿਵਸ ਮੌਕੇ ਸਮੂਹ ਜਗਤ ਨੂੰ

# ਲੱਖ ਲੱਖ ਵਧਾਈਆਂ



ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ
ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ
ਲਾਹੌਰ ਰਹਿੰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਤਣ ਲਈ ਤਿੰਨ ਚਿੱਠੀਆਂ ਸ੍ਰੀ ਗੁਰੂ ਰਾਮਦਾਸ ਜੀ ਪ੍ਰਤੀ ਲਿਖੀਆਂ ਪਰ ਪ੍ਰਿਥੀਚੰਦ ਨੇ ਉਹ ਚਿੱਠੀਆਂ ਗੁਰੂ ਤੱਕ ਨਾ ਪਹੁੰਚਣ ਦਿੱਤੀਆਂ। ਕੁਝ ਚਿਰ ਬਾਅਦ ਉਹ ਗੋਇੰਦਵਾਲ ਵਿਖੇ ਪਰਤ ਆਏ। ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾ ਰਹੇ ਸਨ ਅਤੇ ਉਨ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਜਾ ਕੇ ਸਰੋਵਰ ਦੀ ਖੁਦਾਈ ਕਰਵਾਉਣ ਦਾ ਕੰਮ ਸੌਂਪ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸ਼ਹਿਰ ਨੂੰ ਹੋਰ ਆਬਾਦ ਕਰਨ ਲਈ ਕਈ ਉਪਰਾਲੇ ਕੀਤੇ। ਦੂਜੇ ਯਤਨ ਵਿਚ ਤਰਨ ਤਾਰਨ ਸ਼ਹਿਰ ਦੀ ਬੁਨਿਆਦ ਰੱਖਣ ਅਤੇ ਹਾਕਮ ਨੂਰਦੀਨ ਵਲੋਂ ਜਬਰੀ ਇੱਟਾਂ ਚੁਕਵਾ ਕੇ ਇਕ ਸਰਾਂ ਨੂੰ ਲਗਵਾਉਣ ਦੀ ਸੂਚਨਾ ਹੈ। ਅਗਲੇ ਪ੍ਰਸੰਗ ਵਿਚ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੇ ਆਗਮਨ ਅਤੇ ਪ੍ਰਿਥੀਚੰਦ ਵਲੋਂ ਗੁਰਗੱਦੀ ਦੇ ਲਾਲਚ ਵਿਚ ਚੱਲੀਆਂ ਚਾਲਾਂ ਦਾ ਵਰਨਣ ਹੈ। ਪ੍ਰਿਥੀਚੰਦ ਇੱਥੇ ਹੀ ਨਹੀਂ ਰੁਕਿਆ, ਉਸ ਨੇ ਗੁਰੂ ਜੀ ਦੇ ਵਿਰੁੱਧ ਬਾਦਸ਼ਾਹ ਅਕਬਰ ਕੋਲ ਵੀ ਸ਼ਿਕਾਇਤ ਕਰ ਦਿੱਤੀ। ਉਸ ਨੇ ਸੁਲਹੀ ਖ਼ਾਨ ਦੇ ਕੰਨ ਭਰ ਕੇ ਗੁਰੂ ਸਾਹਿਬ ਵਿਰੁੱਧ ਫੌਜਕਸ਼ੀ ਵੀ ਕਰਵਾਈ, ਪਰ ਸੁਲਹੀ ਖ਼ਾਨ ਇੱਟਾਂ ਦੇ ਭੱਠੇ ਵਿਚ ਡਿਗ ਕੇ ਮਰ ਗਿਆ।

**ਸੁਲਹੀ ਖ਼ਾਨ ਦੇ ਨਾਲ ਸਲਾਹ ਕਰਕੇ**
**ਗੱਦੀ ਲੈਣ ਦਾ ਮਤਾ ਪਕਾਂਵਦਾ ਜੀ।**
**ਦਿੱਲੀ ਜਾਇ ਕੇ ਕੂਕ ਫਰਿਆਦ ਕੀਤੀ,**
**ਬਾਦਸ਼ਾਹ ਨੂੰ ਹਾਲ ਬਤਾਯਾ ਜੀ।**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੋਰ ਯਾਦਗਾਰੀ ਕੰਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਸੰਪਾਦਨਾ ਸੀ। ਪਹਿਲਾਂ ਬਾਣੀ ਇਕੱਠੀ ਕੀਤੀ ਗਈ ਅਤੇ ਫਿਰ ਗੁਰਦੁਆਰਾ ਰਾਮਸਰ ਵਾਲੇ ਰਮਣੀਕ ਥਾਂ ਉੱਪਰ ਬੀੜ ਲਿਖਵਾਉਣ ਦਾ ਕੰਮ ਆਰੰਭਿਆ ਗਿਆ ਹੈ:

**ਜਿਥੇ ਬੈਠ ਸਤਿਗੁਰਾਂ ਇਹ ਕਾਜ ਕੀਤਾ,**
**ਧਰਿਆ ਰਾਮਸਰ ਨਾਂ ਉਸ ਜਾ ਪਿਆਰੇ।**
**ਉਸੇ ਥਾਉ ਤੇ ਸੁਖਮਨੀ ਸਾਹਿਬ ਬਾਣੀ ਰਚੀ,**

ਡਾ. ਧਰਮ ਸਿੰਘ

**ਆਪ ਸੱਚੇ ਪਾਤਸ਼ਾਹ ਪਿਆਰੇ।**
**ਸੁੰਦਰ ਤਾਲ ਮੰਦਰ ਖੂਬ ਜੋਧ ਸਿੰਘਾ,**
**ਅਜੇ ਤੀਕ ਉਥੇ ਖ਼ੁਸ਼ਨੁਮਾ ਪਿਆਰੇ।**

ਬੀੜ ਤਿਆਰ ਹੋ ਗਈ ਅਤੇ ਪ੍ਰਿਥੀਚੰਦ ਨੂੰ ਸ਼ਿਕਾਇਤ ਦਾ ਇਕ ਹੋਰ ਮੌਕਾ ਮਿਲ ਗਿਆ। ਉਸ ਨੇ ਅਕਬਰ ਅੱਗੇ ਸ਼ਿਕਾਇਤ ਕੀਤੀ ਕਿ ਨਵੇਂ ਤਿਆਰ ਕੀਤੇ ਗਏ ਗ੍ਰੰਥ ਵਿਚ ਇਸਲਾਮ ਦੀ ਨਿੰਦਿਆ ਹੈ। ਅਕਬਰ ਪਹਿਲਾਂ ਤੋਂ ਹੀ ਉਸ ਦੀਆਂ ਹਰਕਤਾਂ ਤੋਂ ਜਾਣੂ ਸੀ। ਸੋ, ਉਸ ਨੇ ਬਹੁਤੀ ਤਵੱਜੋ ਨਾ ਦਿੱਤੀ ਅਤੇ ਕਿਹਾ ਕਿ ਉਹ ਆਪਣੀ ਲਾਹੌਰ ਫੇਰੀ ਸਮੇਂ ਇਸ ਗੱਲ ਦੀ ਪੜਤਾਲ ਕਰਵਾ ਲਵੇਗਾ। ਉਹ ਦਿਨ ਵੀ ਆ ਗਿਆ। ਗੁਰੂ ਜੀ ਨੂੰ ਬਾਦਸ਼ਾਹ ਵਲੋਂ ਲਿਖ ਭੇਜਿਆ ਗਿਆ ਕਿ ਉਹ ਬੀੜ ਲੈ ਕੇ ਆਉਣ। ਅਜਿਹਾ ਹੀ ਹੋਇਆ। ਭਾਈ ਗੁਰਦਾਸ ਜੀ ਬੀੜ ਲੈ ਕੇ ਨਿਸ਼ਚਿਤ ਥਾਂ ਉੱਪਰ ਪਹੁੰਚ ਗਏ। ਉਨ੍ਹਾਂ ਨਾਲ ਬਾਬਾ ਬੁੱਢਾ ਜੀ ਵੀ ਸਨ। ਚਾਰ-ਪੰਜ ਥਾਵਾਂ ਤੋਂ ਵਾਕ ਲਏ ਗਏ ਅਤੇ ਹਰ ਥਾਂ ਬ੍ਰਹਮ ਗਿਆਨ ਦੀ ਗੱਲ ਸੁਣ ਕੇ ਅਕਬਰ ਬੜਾ ਪ੍ਰਸੰਨ ਹੋਇਆ। ਸਤਿਕਾਰ ਵਜੋਂ ਉਸ ਨੇ ਇਕਵੰਜਾ ਮੋਹਰਾਂ ਭੇਟ ਕੀਤੀਆਂ ਅਤੇ ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖਿਲਅਤ ਭੇਜੀ:

**ਬਾਦਸ਼ਾਹ ਨੂੰ ਬੜਾ ਅਨੰਦ ਆਯਾ**
**ਸੁਣ ਕੇ ਪ੍ਰੇਮ ਹੋਯਾ ਬੇਹਿਸਾਬ ਸਾਈਂ।**
**ਮੁਹਰਾਂ ਤੁਰੰਤ ਪਚਾਸ ਤੇ ਇਕ ਉਤੇ,**
**ਮੰਗਵਾਇਕੇ ਆਪ ਸ਼ਤਾਬ ਸਾਈਂ।**
**ਗੁਰੂ ਗ੍ਰੰਥ ਜੀ ਦੀ ਭੇਟਾ ਕੀਤੀਆਂ ਸੂ**
**ਦਿਲੋਂ ਦੂਰ ਕਰਕੇ ਇਜ਼ਤਰਾਬ ਸਾਈਂ।**

ਇਸ ਤੋਂ ਅੱਗੇ ਸ਼ਹੀਦੀ ਪ੍ਰਸੰਗ ਹੈ। ਭਾਈ ਜੋਧ ਸਿੰਘ ਆਮ ਰਵਾਇਤ ਨੂੰ ਮੰਨਦਿਆਂ ਹੋਇਆਂ ਵਧੇਰੇ ਕਸੂਰਵਾਰ ਦੀਵਾਨ ਚੰਦੂ ਨੂੰ ਦੱਸਦਾ ਹੈ। ਇਸ ਵੇਲੇ ਤੱਕ ਅਕਬਰ ਦਾ ਦਿਹਾਂਤ ਹੋ ਚੁੱਕਾ ਸੀ ਅਤੇ ਬਾਦਸ਼ਾਹਤ ਜਹਾਂਗੀਰ ਦੇ ਹੱਥ ਵਿਚ ਸੀ। ਦੀਵਾਨ ਚੰਦੂ ਨੂੰ ਆਪਣੀ ਲੜਕੀ ਦੇ ਰਿਸ਼ਤੇ ਨੂੰ ਨਕਾਰਨ ਦਾ ਦਰਦ ਸੀ ਅਤੇ ਉਹ ਪਹਿਲਾਂ ਵੀ ਪ੍ਰਿਥੀਚੰਦ ਨਾਲ ਰਲ ਕੇ ਕੋਝੀਆਂ ਹਰਕਤਾਂ ਕਰ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਉਣ ਵਾਲੇ ਸਮੇਂ ਦਾ ਅਨੁਮਾਨ ਲਗਾ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਗੁਰਗੱਦੀ ਸੌਂਪ ਦਿੱਤੀ। ਖ਼ੁਸਰੋ ਨੂੰ ਆਪਣੇ ਦਰਬਾਰ ਵਿਚ ਪਨਾਹ ਦੇਣ ਦਾ ਦੋਸ਼ ਲਗਾ ਕੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਦੋ ਲੱਖ ਰੁਪਿਆ ਜੁਰਮਾਨੇ ਵਜੋਂ ਦੇਣ ਦਾ ਹੁਕਮ ਕਰ ਦਿੱਤਾ ਅਤੇ ਇਸ ਦੀ ਉਗਰਾਹੀ ਲਈ ਦੀਵਾਨ ਚੰਦੂ ਨੂੰ ਮੁਕੱਰਰ ਕਰ ਦਿੱਤਾ। ਚੰਦੂ ਨੇ ਦਿਲ ਖੋਲ੍ਹ ਕੇ ਗੁਰੂ ਜੀ ਉੱਪਰ ਜ਼ੁਲਮ ਕੀਤਾ। ਗੁਰੂ ਜੀ ਨੂੰ ਤੱਤੇ ਪਾਣੀ ਦੀ ਦੇਗ ਵਿਚ ਬਿਠਾਇਆ ਗਿਆ। ਉਨ੍ਹਾਂ ਨੂੰ ਤੱਤੀ ਤਵੀ ਉੱਪਰ ਵੀ ਬਿਠਾਇਆ ਗਿਆ, ਸਰੀਰ ਉੱਪਰ ਗਰਮ ਰੇਤਾ ਪਾਇਆ ਗਿਆ ਪਰ ਗੁਰੂ ਜੀ ਸ਼ਾਂਤ ਚਿੱਤ ਹੋ ਕੇ ਇਹ ਸਾਰੇ ਜ਼ੁਲਮ ਸਹਿੰਦੇ ਰਹੇ:

**ਮੌਸਮ ਗਰਮੀਆਂ ਦਾ ਮਾਹ ਜੇਠ ਆਹਾ,**
**ਅੱਗੇ ਤਪਤ ਦੇਂਦੀ ਪਿੰਡਾ ਜਾਰ ਬੇਲੀ।**
**ਦੂਜਾ ਗਰਮ ਡਾਢਾ ਪਾਣੀ ਦੇਗ ਵਾਲਾ**
**ਬਲਦੀ ਅੱਗ ਏ ਵਾਂਗ ਸ਼ੁਮਾਰ ਬੇਲੀ।**
**ਸ਼ਕਤੀਵਾਨ ਸਤਿਗੁਰ ਜੀ ਜਿਸਮ ਉਤੇ,**
**ਸਾਰੇ ਕਸ਼ਟ ਇਹ ਸਹਾਰ ਬੇਲੀ।**
**ਹਾਏ ਸੀ ਯਾ ਉਫ਼ ਨ ਮੂਲ ਕੀਤੀ**
**ਜਪਦੇ ਰਹੇ ਕਰਤਾਰ ਕਰਤਾਰ ਬੇਲੀ।**

ਏਨੇ ਤਸ਼ੱਦਦ ਸਹਿੰਦਿਆਂ ਸਾਰਾ ਸਰੀਰ ਛਾਲਿਆਂ ਨਾਲ ਭਰ ਗਿਆ। ਗੁਰੂ ਜੀ ਨੇ ਇਸ਼ਨਾਨ ਦੀ ਇੱਛਾ ਪ੍ਰਗਟ ਕੀਤੀ। ਚੰਦੂ ਨੇ ਸੋਚਿਆ ਕਿ ਗਰਮ ਸਰੀਰ ਨੂੰ ਜਦ ਠੰਢਾ ਪਾਣੀ ਛੂਹੇਗਾ ਤਾਂ ਤਕਲੀਫ਼ ਹੋਰ ਵਧ ਜਾਵੇਗੀ। ਸੋ, ਅਹਿਲਕਾਰ ਗੁਰੂ ਜੀ ਨੂੰ ਇਸ਼ਨਾਨ ਕਰਵਾਉਣ ਲਈ ਰਾਵੀ ਦਰਿਆ 'ਤੇ ਲੈ ਗਏ। ਗੁਰੂ ਜੀ ਨੇ ਜਲ ਸਮਾਧੀ ਲੈ ਲਈ ਅਤੇ ਸਰੀਰ ਤਿਆਗ ਦਿੱਤਾ। ਉਸ ਥਾਂ 'ਤੇ ਯਾਦਗਾਰ ਕਾਇਮ ਹੋਈ (ਅੱਜਕਲ੍ਹ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ) ਜਿਸ ਦੇ ਨਾਂਅ 'ਤੇ ਕੁਝ ਜਾਗੀਰ ਲਵਾ ਦਿੱਤੀ ਗਈ। ਇਸੇ ਸਥਾਨ 'ਤੇ ਜੇਠ ਸੁਦੀ ਚੌਥ ਨੂੰ ਜੋੜ-ਮੇਲਾ ਲਗਦਾ ਹੈ, ਜਿੱਥੇ ਸੰਗਤ ਹੁੰਮ-ਹੁਮਾ ਕੇ ਪੁੱਜਦੀ ਹੈ।

# ਗੁਰੂ ਤੇਗ ਬਹਾਦਰ ਜੀ ਦਾ ਭੈ-ਮੁਕਤ ਸਮਾਜ ਦਾ ਸੰਕਲਪ

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਗੁਰਬਾਣੀ, ਗੁਰੂ ਜੀ ਦੀਆਂ ਯਾਤਰਾਵਾਂ ਅਤੇ ਸ਼ਹਾਦਤ ਤਿੰਨਾਂ ਨੂੰ ਜੋੜ ਕੇ ਦੇਖਣ ਦੀ ਜ਼ਰੂਰਤ ਹੈ। ਗੁਰੂ ਜੀ ਕੋਲ ਵੈਰਾਗ ਦੀ ਥਾਂ ਅੰਧਕਾਰ ਨੂੰ ਵੰਗਾਰਦੀ ਪ੍ਰਭਾਤ ਦਾ ਸੁਨੇਹਾ ਹੈ। ਗੁਰੂ ਤੇਗ ਬਹਾਦਰ ਜੀ ਕਿਸੇ ਧਰਮ ਵਿਸ਼ੇਸ਼ ਦੀ ਥਾਂ ਸਮੁੱਚੀ ਮਾਨਵਤਾ ਦੀ ਚਾਦਰ ਅਤੇ ਧੱਕੇਸ਼ਾਹੀ ਖ਼ਿਲਾਫ਼ ਸੰਘਰਸ਼ ਦੀ ਮਹਾਨ ਪ੍ਰੇਰਨਾ ਹਨ। ਗੁਰੂ ਜੀ ਲਈ ਕੋਈ ਬੇਗਾਨਾ ਨਹੀਂ, ਸਾਰੇ ਉਨ੍ਹਾਂ ਦੇ ਆਪਣੇ ਸਨ। ਗੁਰੂ ਜੀ ਨੇ ਮਨੁੱਖਤਾ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਮਹਿਸੂਸ ਕੀਤਾ। ਗੁਰੂ ਜੀ ਲਈ ਧਰਮ ਨਿੱਜੀ ਮੁਕਤੀ ਤੱਕ ਸੀਮਤ ਨਹੀਂ ਹੈ। ਧਰਮ ਸਮਾਜ ਕਲਿਆਣ ਦਾ ਰਸਤਾ ਹੈ। ਅਨੇਕਤਾ ਵਿਚ ਏਕਤਾ ਦਾ ਵਿਗਾਸ ਹੈ। ਰੂਹਾਨੀਅਤ, ਸਾਂਝੀਵਾਲਤਾ ਅਤੇ ਸਮਾਜਿਕ ਨਿਆਂ ਦੀ ਸਥਾਪਨਾ ਕਰਨਾ ਸਿੱਖ ਧਰਮ ਦਾ ਅੰਗ ਹੈ। ਖ਼ਾਸ ਕਰਕੇ ਲੋਕਾਂ ਦਾ ਲਹੂ ਪੀਣ ਵਾਲੇ ਭ੍ਰਿਸ਼ਟ ਹਾਕਮ ਅਤੇ ਨਾਰੀ ਦਾ ਨਿਰਾਦਰ ਕਰਨ ਦੀ ਬਿਰਤੀ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਨੇ ਸੁਚੇਤ ਕਾਰਜ ਅਰੰਭ ਕੀਤੇ। ਇਸ ਕਾਰਜ ਦੀ ਸਫ਼ਲਤਾ ਲਈ ਭੈ-ਮੁਕਤ ਨਿਰਮਲ ਸਮਾਜ ਦੀ ਸਿਰਜਣਾ ਅਤਿ ਜ਼ਰੂਰੀ ਸੀ। ਗੁਰੂ ਜੀ ਨੇ ਇਸ ਕਾਰਜ ਲਈ ਗੁਰੂ ਨਾਨਕ ਸਾਹਿਬ ਵਾਂਗ ਭਾਰਤ ਦੇ ਬਹੁਤ ਸਾਰੇ ਨਗਰਾਂ ਵਿਚ ਯਾਤਰਾਵਾਂ ਕਰਕੇ ਚੇਤਨਾ ਜਗਾਈ। ਜ਼ੁਲਮ ਦੇ ਸਤਾਏ ਲੋਕਾਂ ਨੂੰ ਰੋਣ ਦੀ ਥਾਂ ਉੱਠਣ ਦਾ ਬਲ ਪ੍ਰਦਾਨ ਕੀਤਾ।

ਭੈਅ ਅਤੇ ਲਾਲਚ ਮਨੁੱਖੀ ਕਿਰਦਾਰ ਲਈ ਘਾਤਕ ਸਾਬਤ ਹੁੰਦੇ ਹਨ। ਡਰੇ ਲੋਕ ਚੁੱਪ-ਚਾਪ ਜ਼ੁਲਮ ਸਹਿੰਦੇ ਰਹਿੰਦੇ ਹਨ ਅਤੇ ਤਾਨਾਸ਼ਾਹੀ ਬਿਰਤੀ ਵਧਦੀ ਰਹਿੰਦੀ ਹੈ। ਗੁਰੂ ਜੀ ਸਮੇਂ ਔਰੰਗਜ਼ੇਬ ਦਾ ਰਾਜ ਸੀ। ਉਸ ਨੇ ਆਪਣੇ ਪਿਤਾ ਨੂੰ ਕੈਦ ਕਰ ਕੇ ਅਤੇ ਭਰਾਵਾਂ ਨੂੰ ਬੇਰਹਿਮੀ ਨਾਲ ਕਤਲ ਕਰ ਕੇ ਰਾਜ ਸੱਤਾ ਹਾਸਲ ਕੀਤੀ ਸੀ। ਇਸ ਕਲੰਕ ਨੂੰ ਲੁਕਾਉਣ ਲਈ ਉਹ ਇਸਲਾਮ ਦੇ ਪ੍ਰਸਾਰ ਦੇ ਨਾਂਅ ਹੇਠ ਲੋਕਾਂ ਨੂੰ ਤਲਵਾਰ ਦੇ ਜ਼ੋਰ 'ਤੇ ਜ਼ਬਰਦਸਤੀ ਮੁਸਲਮਾਨ ਬਣਾਉਣ ਲੱਗ ਪਿਆ। ਇਸ ਨਾਲ ਕੱਟੜਪੰਥੀ ਮੁਸਲਮਾਨਾਂ ਦਾ ਸਮਰਥਨ ਉਸ ਨੂੰ ਹਾਸਲ ਹੋ ਗਿਆ ਤੇ ਦੂਜੇ ਪਾਸੇ ਗ਼ੈਰ ਮੁਸਲਮਾਨਾਂ ਵਿਚ ਦਹਿਸ਼ਤ ਫੈਲ ਗਈ। ਗੁਰੂ ਤੇਗ ਬਹਾਦਰ ਜੀ ਲਈ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨੀ ਮਹੱਤਵਪੂਰਨ ਮਸਲਾ ਸੀ। ਲੋਕਾਂ ਅੰਦਰ ਡਰ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਅਤੇ ਬਿਖਮ ਕਾਰਜ ਸੀ। ਡਰ ਖ਼ਤਮ ਕਰਨ ਲਈ ਮਨੁੱਖ ਅੰਦਰ ਨੈਤਿਕਤਾ ਅਤੇ ਪਵਿੱਤਰਤਾ ਦਾ ਹੋਣਾ ਅਤਿ ਜ਼ਰੂਰੀ ਸੀ। ਧਨ, ਸੰਪਤੀ ਅਤੇ ਪਰਿਵਾਰਵਾਦ ਵਿਚ ਘਿਰੇ ਲੋਕ ਉੱਚੇ ਅਦਰਸ਼ਾਂ ਲਈ ਕੁਰਬਾਨੀ ਨਹੀਂ ਦੇ ਸਕਦੇ। ਉਹ ਵਕਤ ਨਾਲ ਸਮਝੌਤਾ ਕਰ ਲੈਂਦੇ ਹਨ। ਗੁਰੂ ਜੀ ਨੇ ਇਸ ਅਧੋਗਤੀ ਦੀ ਨਿਸ਼ਾਨਦੇਹੀ ਕੀਤੀ।

ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਨਿਰਭਉ, ਉਦਾਰ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਦੇ ਧਾਰਨੀ ਬਣਾਉਣ ਲਈ ਮੁਕਤੀ ਨੂੰ ਮੌਤ ਤੋਂ ਬਾਅਦ ਦੀ ਥਾਂ ਵਰਤਮਾਨ ਜੀਵਨ ਨਾਲ ਜੋੜਿਆ। ਸੁੱਖ-ਦੁੱਖ, ਵੈਰੀ-ਮੀਤ, ਉਸਤਤ-ਨਿੰਦਾ, ਹਰਖ-ਸੋਗ, ਕੰਚਨ (ਅਮੀਰੀ) ਲੋਹ (ਗਰੀਬੀ) ਨੂੰ ਬਰਾਬਰ

ਡਾ. ਰਾਜਿੰਦਰ ਸਿੰਘ ਕੁਰਾਲੀ

ਸਮਝਣ ਦੀ ਅਵਸਥਾ ਨੂੰ ਮੁਕਤੀ ਆਖਿਆ ਹੈ। ਮਨੁੱਖ ਨੂੰ ਲਾਭ-ਹਾਨੀ ਤੇ ਵਿਤਕਰਿਆਂ ਦੀਆਂ ਬੰਦਸ਼ਾਂ ਤੋਂ ਮੁਕਤ ਕਰ ਕੇ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਜਗਾਇਆ।

ਗੁਰੂ ਤੇਗ ਬਹਾਦਰ ਜੀ ਦੇ ਪ੍ਰਵਚਨਾਂ ਵਿਚ ਗਿਆਨ ਨੂੰ ਭੈਅ ਤੋਂ ਮੁਕਤ ਕਰ ਕੇ ਮਾਨਵਤਾ ਲਈ ਕਲਿਆਣਕਾਰੀ ਬਣਾਉਣ ਦੀ ਪ੍ਰੇਰਨਾ ਹੈ। ਗਿਆਨਵਾਨ ਅਕਸਰ ਸਮੇਂ ਦੀ ਹਕੂਮਤ ਦੇ ਪ੍ਰਭਾਵ ਹੇਠ ਸਮਾਜ ਦੀਆਂ ਸਮੱਸਿਆਵਾਂ ਤੋਂ ਮੂੰਹ ਫੇਰ ਲੈਂਦੇ ਹਨ। ਉਹ ਹਕੂਮਤ ਦੇ ਸ਼ੋਸ਼ਣ ਦਾ ਵਿਰੋਧ ਕਰਨ ਦੀ ਥਾਂ ਸਮਰਥਨ ਕਰਨ ਲਗਦੇ ਹਨ। ਗੁਰੂ ਜੀ ਨੇ ਨਾ ਕਿਸੇ ਤੋਂ ਡਰਨ, ਨਾ ਕਿਸੇ ਨੂੰ ਡਰਾਉਣ, ਨਾ ਜ਼ੁਲਮ ਕਰਨ ਤੇ ਨਾ ਜ਼ੁਲਮ ਸਹਿਣ ਦਾ ਸੰਦੇਸ਼ ਦਿੱਤਾ ਹੈ। ਇਸ ਨਾਲ ਗਿਆਨੀ ਲਈ ਹਕੂਮਤ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਆਵਾਜ਼ ਉਠਾਉਣਾ ਲਾਜ਼ਮੀ ਬਣ ਗਿਆ। ਜ਼ੁਲਮ ਦੇ ਝੰਬੇ ਲੋਕਾਂ ਦੀ ਬਾਂਹ ਫੜਨ ਤੇ ਉਨ੍ਹਾਂ ਲਈ ਸਿਰ-ਧੜ ਦੀ ਬਾਜ਼ੀ ਲਾਉਣਾ ਧਾਰਮਿਕ ਫ਼ਰਜ਼ ਬਣ ਗਿਆ।

ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਉਨ੍ਹਾਂ ਦਾ ਧਰਮ ਤਬਦੀਲ ਕਰਨ ਲਈ ਕੀਤੇ ਜਾ ਰਹੇ ਧੱਕੇ ਖ਼ਿਲਾਫ਼ ਸ਼ਹਾਦਤ ਦੇਣ ਦਾ ਨਿਸਚਾ ਕਰ ਲਿਆ। ਗੁਰੂ ਜੀ ਦੇ ਮਨ ਵਿਚ ਇਸਲਾਮ ਪ੍ਰਤੀ ਘਿਰਣਾ ਨਹੀਂ ਸੀ। ਉਹ ਹਿੰਦੂ ਧਰਮ ਦੀ ਵਰਣ ਵਿਵਸਥਾ ਦੀ ਊਚ-ਨੀਚ ਤੇ ਕਰਮ ਕਾਂਡ ਦੇ ਵਿਰੋਧੀ ਸਨ। ਗੁਰੂ ਜੀ ਨੇ ਤੀਰਥ, ਵਰਤ ਤੇ ਦਿਖਾਵੇ ਲਈ ਦਾਨ ਕਰਨ ਦੇ ਅਭਿਮਾਨ ਦੀ ਬਿਰਤੀ ਨੂੰ ਕੁੰਚਰ ਇਸ਼ਨਾਨ ਵਾਂਗ ਦੱਸਿਆ ਅਰਥਾਤ ਹਾਥੀ ਜਿਵੇਂ ਇਸ਼ਨਾਨ ਕਰਕੇ ਆਪਣੇ ਉੱਤੇ ਖੇਹ ਸੁੱਟ ਕੇ ਮੁੜ ਮਲੀਨ ਹੋ ਜਾਂਦਾ ਹੈ, ਇਹ ਕਰਮ ਨਿਰਮਲਤਾ ਦੀ ਥਾਂ ਹਉਮੈ ਦਾ ਕਾਰਨ ਬਣਦੇ ਹਨ। ਇਸ ਦੇ ਬਾਵਜੂਦ ਗੁਰੂ ਜੀ ਹਿੰਦੂਆਂ 'ਤੇ ਜ਼ਬਰਦਸਤੀ ਇਸਲਾਮ ਥੋਪਣ ਦੇ ਵਿਰੁੱਧ ਸਨ। ਹਕੂਮਤ ਦਾ ਵਿਰੋਧ ਕਰਨਾ ਮੌਤ ਨੂੰ ਆਵਾਜ਼ ਮਾਰਨ ਵਾਂਗ ਸੀ। ਹਕੂਮਤ ਵਲੋਂ ਗੁਰੂ ਜੀ ਨੂੰ ਝੁਕਾਉਣ ਲਈ ਅਣਮਨੁੱਖੀ ਤਸੀਹੇ ਦਿੱਤੇ ਗਏ। ਦਿੱਲੀ ਦੇ ਚਾਂਦਨੀ ਚੌਕ ਵਿਚ ਭਾਈ ਮਤੀ ਦਾਸ ਨੇ ਆਰੇ ਦੇ ਤਿੱਖੇ ਦੰਦਿਆਂ, ਭਾਈ ਦਿਆਲਾ ਜੀ ਨੇ ਉਬਲਦੀ ਦੇਗ ਅਤੇ ਭਾਈ ਸਤੀ ਦਾਸ ਨੇ ਮਚਦੀਆਂ ਲਾਟਾਂ ਦੇ ਕਹਿਰ ਵਿਚ ਬੇਮਿਸਾਲ ਅਡੋਲਤਾ ਦਿਖਾਈ। ਗੁਰੂ ਜੀ ਅਤੇ ਸਿੱਖਾਂ ਨੂੰ ਡਰਾਉਣ ਲਈ ਕੀਤੇ ਇਹ ਖ਼ੌਫਨਾਕ ਮੰਜ਼ਰ ਗੁਰੂ ਜੀ ਅਤੇ ਸਿੱਖਾਂ ਦੇ ਸਿਦਕ ਸਾਹਮਣੇ ਨਿਸਫਲ ਹੋ ਗਏ। ਗੁਰੂ ਜੀ ਲਈ ਜੀਵਨ ਨਹੀਂ, ਅਦਰਸ਼ ਵੱਡਾ ਸੀ। ਸੁਆਰਥਾਂ ਦੀ ਥਾਂ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦੇਣ ਦਾ ਚਾਅ ਸੀ। ਗੁਰੂ ਜੀ ਨੇ ਮਹਾਨ ਸ਼ਹਾਦਤ ਦੇ ਕੇ ਸਰਬ ਧਰਮ ਸਨਮਾਨ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਦੀ ਬਲਬਾਨ ਪ੍ਰੇਰਨਾ ਜਗਾਈ। ਗੁਰੂ ਜੀ ਦੇ ਪਾਵਨ ਲਹੂ ਵਿਚੋਂ ਨਿਰਧਨ ਨੂੰ ਪਾਲਣ ਅਤੇ ਦੁਸ਼ਟ ਨੂੰ ਗਾਲਣ ਵਾਲਾ ਅਮਰ ਖ਼ਾਲਸਾ ਪੈਦਾ ਹੋਇਆ।

# ਮਰਦ-ਔਰਤਾਂ ਦੀ ਤਨਖਾਹ ਸਮਾਨਤਾ ਅਤੇ ਭਾਰਤ

**ਸ਼ਮਾ ਸ਼ਰਮਾ**



ਬਹੁਤ ਸਾਲ ਪਹਿਲਾਂ ਮੈਂ ਇਕ ਟੀ. ਵੀ. ਪ੍ਰੋਗਰਾਮ ’ਚ ਗਈ ਸੀ। ਉਸ ਦਾ ਵਿਸ਼ਾ ਸੀ ਮਹਿਲਾ-ਪੁਰਸ਼ ਦੀ ਤਨਖਾਹ ’ਚ ਅਸਮਾਨਤਾ। ਇਹ ਪ੍ਰੋਗਰਾਮ ਦਰਸ਼ਕਾਂ ਦੇ ’ਚ ਸੀ। ਇਸ ’ਚ ਉਸ ਸਮੇਂ ਦੀਆਂ ਔਰਤ ਮਾਮਲਿਆਂ ਨਾਲ ਸੰਬੰਧਤ ਮੰਤਰੀ ਵੀ ਆਈ ਹੋਈ ਸੀ। ਗੱਲਬਾਤ ਦੌਰਾਨ ਮੰਤਰੀ ਬੋਲੀ ਕਿ ਉਹ ਚਾਹੁੰਦੀ ਹੈ ਕਿ ਘਰ ’ਚ ਰਹਿ ਕੇ ਘਰ ਸੰਭਾਲਣ ਵਾਲੀਆਂ ਅਤੇ ਬੱਚਿਆਂ ਨੂੰ ਪਾਲਣ ਵਾਲੀਆਂ ਮਹਿਲਾਵਾਂ ਨੂੰ ਵੀ ਤਨਖਾਹ ਮਿਲੇ। ਤਨਖਾਹ ਦੇਵੇਗਾ ਕੌਣ। ਇਸ ’ਤੇ ਉਹ ਬੋਲੀ ਕਿ ਮਹਿਲਾ ਦਾ ਪਤੀ।

ਉਦਾਹਰਣ ਦੇ ਤੌਰ ’ਤੇ ਉਨ੍ਹਾਂ ਨੇ ਕਿਹਾ ਕਿ ਜੇਕਰ ਇਕ ਰਿਕਸ਼ਾ ਵਾਲਾ 2000 ਰੁਪਏ ਮਹੀਨਾ ਕਮਾਉਂਦਾ ਹੈ ਤਾਂ ਉਸ ਨੂੰ ਆਪਣੀ ਪਤਨੀ ਨੂੰ ਆਮਦਨ ਦਾ ਅੱਧਾ ਹਿੱਸਾ ਭਾਵ ਕਿ 1000 ਰੁਪਏ ਮਹੀਨਾ ਦੇਣਾ ਚਾਹੀਦਾ। ਉਦੋਂ ਇਸ ਲੇਖਿਕਾ ਅਤੇ ਹੋਰ ਕੋਈ ਲੋਕਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਕਾਇਦੇ ਨਾਲ ਉਨ੍ਹਾਂ ਨੂੰ ਰਿਕਸ਼ੇ ਵਾਲੇ ਦੀ ਆਮਦਨ ਵਧਾਉਣ ਬਾਰੇ ਪਹਿਲਾਂ ਸੋਚਣਾ ਚਾਹੀਦਾ ਹੈ, ਉਸ ਦੇ ਬਾਅਦ ਆਮਦਨ ਦੀ ਵੰਡ ਦੀ ਗੱਲ ਹੋਵੇ। ਬਹੁਤ ਸਾਰੇ ਮਾਹਿਰ ਕਹਿੰਦੇ ਰਹਿੰਦੇ ਹਨ ਕਿ ਘਰ ’ਚ ਰਹਿਣ ਵਾਲੀਆਂ ਔਰਤਾਂ ਨੂੰ ਤਨਖਾਹ ਮਿਲਣੀ ਚਾਹੀਦੀ ਹੈ। ਇਸ ਦੇ ਮੁਕਾਬਲੇ ਕਿਉਂ ਨਾ ਅਜਿਹਾ ਹੋਵੇ ਕਿ ਘਰ ’ਚ ਰਹਿਣ ਵਾਲੀਆਂ ਔਰਤਾਂ ਵੀ ਆਤਮ- ਨਿਰਭਰ ਹੋਣ। ਉਨ੍ਹਾਂ ਦੀ ਆਮਦਨ ਤਾਂ ਵਧੇਗੀ ਹੀ, ਘਰ ਦੀ ਆਮਦਨ ਵੀ ਵਧੇਗੀ। ਇਸ ਤੋਂ ਇਲਾਵਾ ਮਹਿਲਾ ਅਤੇ ਮਰਦਾਂ ਦੀ ਤਨਖਾਹ ’ਚ ਅਸਮਾਨਤਾ ਵੀ ਖ਼ੂਬ ਦਿਖਾਈ ਦਿੰਦੀ ਹੈ। ਸੰਗਠਿਤ ਖੇਤਰ ਦੇ ਮੁਕਾਬਲੇ ਇਹ ਅਸਮਾਨਤਾ ਅਸੰਗਠਿਤ ਖੇਤਰ ’ਚ ਬਹੁਤ ਜ਼ਿਆਦਾ ਹੈ। ਇਸ ਨੂੰ ਦੂਰ ਕਰਨ ਦੇ ਯਤਨ ਵੀ ਬਹੁਤ ਸਫਲ ਨਹੀਂ ਹੁੰਦੇ। ਔਰਤਾਂ ਅਸੰਗਠਿਤ ਖੇਤਰਾਂ ’ਚ ਮਰਦਾਂ ਨਾਲੋਂ ਘੱਟ ਮਿਹਨਤ ਨਹੀਂ ਕਰਦੀਆਂ ਹਨ ਪਰ ਉਨ੍ਹਾਂ ਦੀ ਆਮਦਨ ਘੱਟ ਹੁੰਦੀ ਹੈ। ਪਤਾ ਨਹੀਂ ਕਿਉਂ ਇਹ ਹੈ ਮੰਨ ਲਿਆ ਜਾਂਦਾ ਹੈ ਕਿ ਕਿਸੇ ਵੀ ਕੰਮ ਨੂੰ ਕਰਨ ’ਚ ਮਰਦਾਂ ਦੀ ਜਿੰਨੀ ਮਿਹਨਤ ਲੱਗਦੀ ਹੈ ਮਹਿਲਾਵਾਂ ਦੀ ਨਹੀਂ ਅਤੇ ਇਹ ਹਾਲਤ ਦੁਨੀਆ ਭਰ ’ਚ ਹੈ।

ਪਰ ਜਿਉਂ-ਜਿਉਂ ਔਰਤਾਂ ਮਜ਼ਬੂਤ ਹੋ ਰਹੀਆਂ ਹਨ, ਪੜ੍ਹ-ਲਿਖ ਰਹੀਆਂ ਹਨ, ਘਰੋਂ ਬਾਹਰ ਨਿਕਲ ਰਹੀਆਂ ਹਨ, ਹਾਲਾਤ ਵੀ ਬਦਲ ਰਹੇ ਹਨ। ਹਾਲ ਹੀ ’ਚ ਗਲੋਬਲ ਪੇਰੋਲ ਐਂਡ ਕੰਪਲਾਇੰਸ ਦੀ ਇਕ ਰਿਪੋਰਟ ਆਈ ਹੈ। ਇਸ ’ਚ ਦੱਸਿਆ ਗਿਆ ਹੈ ਕਿ ਭਾਰਤ ’ਚ ਔਰਤਾਂ ਅਤੇ ਮਰਦਾਂ ਦੀ ਤਨਖਾਹ ਬਰਾਬਰ ਹੈ। ਇਸ ਰਿਪੋਰਟ ’ਚ 150 ਦੇਸ਼ਾਂ ਦੇ ਮਹਿਲਾ-ਪੁਰਸ਼ ਕਰਮਚਾਰੀਆਂ ਦੇ ਬਾਰੇ ਅਧਿਐਨ ਕੀਤਾ ਗਿਆ। ਉਨ੍ਹਾਂ ਦੀਆਂ ਰੋਜ਼ਗਾਰ ਦੀਆਂ ਸ਼ਰਤਾਂ ਨੂੰ ਦੇਖਿਆ ਗਿਆ। ਇਸ ’ਚ 10 ਲੱਖ ਕੰਟ੍ਰੈਕਟਸ ਦਾ ਅਧਿਐਨ ਕੀਤਾ ਗਿਆ।

ਦੁਨੀਆ ਭਰ ਦੀਆਂ 35000 ਕੰਪਨੀਆਂ ਦੇ ਡੇਟਾ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ’ਚ ਦੱਸਿਆ ਗਿਆ ਕਿ ਤਨਖਾਹ ’ਚ ਭੇਦਭਾਵ ਦਾ ਸਭ ਤੋਂ ਜ਼ਿਆਦਾ ਫਰਕ ਕੈਨੇਡਾ ਅਤੇ ਫਰਾਂਸ ’ਚ ਦੇਖਿਆ ਗਿਆ। ਕੀ ਹੈਰਾਨੀ ਨਹੀਂ ਹੁੰਦੀ ਕਿ ਕੈਨੇਡਾ ਅਤੇ ਫਰਾਂਸ ਪਹਿਲੀ ਦੁਨੀਆ ਭਾਵ ਕਿ ਵਿਕਸਿਤ ਦੁਨੀਆ ਦੇ ਦੇਸ਼ ਕਹਿਲਾਉਂਦੇ ਹਨ। ਅਤੇ ਇਸ ਗੱਲ ’ਤੇ ਇਤਰਾਕਰ ਦੁਨੀਆ ਨੂੰ ਤਮਾਮ ਮਾਨਵ ਅਧਿਕਾਰੀਆਂ ਦੇ ਉਪਦੇਸ਼ ਵੀ ਦਿੰਦੇ ਰਹਿੰਦੇ ਹਨ। ਜਦਕਿ ਸਾਨੂੰ ਤੀਜੀ ਦੁਨੀਆ ਦਾ ਦੇਸ਼ ਕਿਹਾ ਜਾਂਦਾ ਹੈ। ਇਸ ਹਿਸਾਬ ਨਾਲ ਅਸੀਂ ਤੀਜੀ ਦੁਨੀਆ ਦੇ ਹੀ ਦੇਸ਼ ਚੰਗੇ। ਫਰਾਂਸ ਦਾ ਉਹ ਨਾਅਰਾ-ਲਿਬਰਟੀ, ਇਕਵਲਿਟੀ, ਫੈਟਰਨਿਟੀ ਇਕ ਵਲੋਂ ਤਾਂ ਸਭ ਦੀ ਬਰਾਬਰੀ ਦੀ ਗੱਲ ਕਰਦਾ ਹੈ ਪਰ ਅਤੇ ਮਾਮਲਿਆਂ ’ਚ ਤਾਂ ਬਰਾਬਰੀ ਛੱਡੋ ਤਨਖਾਹ ਦੇ ਮਾਮਲੇ ’ਚ ਹੀ ਮਹਿਲਾ, ਮਰਦ ’ਚ ਭੇਦਭਾਵ ਹੈ। ਇਹ ਭੇਦਭਾਵ ਦੁਨੀਆ ਦੇ ਦਾਦਾ ਅਮਰੀਕਾ ’ਚ ਵੀ ਹੈ। ਇਸਤਰੀਵਾਦ ਦਾ ਦੁਨੀਆ ਨੂੰ ਪਾਠ ਪੜ੍ਹਾਉਣ ਦੇ ਮਾਮਲੇ ’ਚ ਫਰਾਂਸ ਅਤੇ ਅਮਰੀਕਾ ਆਪਣੇ ਆਪ ਨੂੰ ਦੁਨੀਆ ਦਾ ਦਾਦਾ ਸਮਝਦੇ ਹਨ ਪਰ ਅਸਲੀਅਤ ਕੁਝ ਹੋਰ ਹੁੰਦੀ ਹੈ।

ਅਮਰੀਕਾ ਜਾਂ ਯੂਰਪ ’ਚ ਦੇਖਿਆ ਹੈ ਕਿ ਕਹਿ ਕੁਝ ਵੀ ਲਿਆ ਜਾਵੇ ਪਰ ਅੱਜ ਵੀ ਉਥੇ ਬੱਚਿਆਂ ਨੂੰ ਪਾਲਣ ਅਤੇ ਘਰ ਚਲਾਉਣ ਦੀ ਜ਼ਿੰਮੇਵਾਰੀ ਔਰਤਾਂ ਦੀ ਹੀ ਹੈ। ਬਹੁਤ ਸਾਰੀਆਂ ਥਾਵਾਂ ’ਚ ਦੇਖਦੀ ਰਹੀ ਹਾਂ ਕਿ ਮਹਿਲਾ ਨੇ ਇਕ ਬੱਚੇ ਨੂੰ ਗੋਦ ’ਚ ਚੁੱਕਿਆ ਹੋਇਆ ਹੈ, ਇਕ ਬੱਚਾ ਇੱਧਰ-ਉੱਧਰ ਦੌੜ ਰਿਹਾ ਹੈ, ਤੀਜਾ ਬੱਚਾ ਪ੍ਰੈਮ ’ਚ ਹੈ। ਚਾਰ, ਪੰਜ ਬੱਚੇ ਵੀ ਦਿਖਾਈ ਦਿੰਦੇ ਹਨ।

ਕਈ ਦ੍ਰਿਸ਼ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ’ਚ ਕਿਸੇ ਪਾਰਕ ’ਚ ਜਾਂ ਕਿਸੇ ਏਅਰਪੋਰਟ ’ਤੇ ਪਤੀਦੇਵ ਬੜੇ ਆਰਾਮ ਨਾਲ ਕੋਈ ਕਿਤਾਬ ਪੜ੍ਹ ਰਹੇ ਹਨ ਜਾਂ ਮੋਬਾਈਲ ’ਤੇ ਕੋਈ ਫਿਲਮ ਦੇਖ ਰਹੇ ਹਨ। ਪਤਨੀ ਤਿੰਨ-ਚਾਰ ਬੱਚਿਆਂ ਨੂੰ ਸੰਭਾਲ ਰਹੀ ਹੈ। ਕੋਈ ਬੱਚਾ ਝੂਲਾ ਝੂਲ ਰਿਹਾ ਹੈ ਤਾਂ ਕੋਈ ਕੁਝ ਖਾਣਾ ਚਾਹੁੰਦਾ ਹੈ, ਕੋਈ ਗੋਦ ’ਚ ਸੌਂ ਗਿਆ ਹੈ। ਇਸੇ ਤਰ੍ਹਾਂ ਹੀ ਕਿਸੇ ਰੈਸਟੋਰੈਂਟ ’ਚ ਮਾਂ ਹੀ ਹੈ ਜੋ ਬੱਚਿਆਂ ਨੂੰ ਖੁਆਉਂਦੀ ਨਜ਼ਰ ਆਉਂਦੀ ਹੈ ਅਤੇ ਮਹਿਲਾ ਅਧਿਕਾਰਾਂ ਦੇ ਮਾਮਲੇ ’ਚ ਠੁਕਾਈ ਦੇ ਲਈ ਕਿਸ ਦੇਸ਼ ਨੂੰ ਚੁਣਿਆ ਜਾਂਦਾ ਹੈ ਸਾਡੇ ਵਰਗੇ ਦੇਸ਼ ਨੂੰ।

ਜੇਕਰ ਅਸੀਂ ਔਰਤ ਮਰਦ ਦੀ ਤਨਖਾਹ ਦੇ ਮਾਮਲੇ ’ਚ ਤਮਾਮ ਵਿਕਸਤ ਕਹੇ ਜਾਣ ਵਾਲੇ ਦੇਸ਼ਾਂ ਨੂੰ ਪਿੱਛੇ ਛੱਡ ਚੁੱਕੇ ਹਾਂ ਤਾਂ ਇਸ ਨਾਲ ਇਹੀ ਗੱਲ ਸਾਬਿਤ ਹੁੰਦੀ ਹੈ ਕਿ ਜ਼ਮੀਨੀ ਪੱਧਰ ’ਤੇ ਅਸੀਂ ਮਹਿਲਾਵਾਂ ਨੂੰ ਅੱਗੇ ਵਧਾਉਣ ਦਾ ਕੰਮ ਕਰ ਰਹੇ ਹਾਂ। ਇਹ ਦਿਖਾਈ ਵੀ ਦਿੰਦਾ ਹੈ। ਕੁਝ ਦਹਾਕੇ ਪਹਿਲਾਂ ਤੱਕ ਮਹਿਲਾਵਾਂ ਦੀ ਸਭ ਤੋਂ ਵੱਡੀ ਗਿਣਤੀ ਕੰਮਕਾਜ ਕਰਦੀ ਸ਼ਹਿਰਾਂ ’ਚ ਜ਼ਿਆਦਾ ਦਿਖਾਈ ਦਿੰਦੀ ਸੀ। ਹਾਲਾਂਕਿ ਪਿੰਡਾਂ ’ਚ ਕੰਮ ਕਰਨ ਵਾਲੀਆਂ ਮਹਿਲਾਵਾਂ ਦੀ ਗਿਣਤੀ ਵੀ ਕੋਈ ਘੱਟ ਨਹੀਂ ਸੀ।

ਇਹ ਮਹਿਲਾਵਾਂ ਖੇਤਾਂ ਅਤੇ ਘਰਾਂ ’ਚ ਕੰਮ ਕਰਦੀਆਂ ਸਨ ਪਰ ਹੁਣ ਵੱਡੀ ਗਿਣਤੀ ’ਚ ਮਹਿਲਾਵਾਂ ਖੇਤੀ, ਕਿਸਾਨੀ ਅਤੇ ਘਰ ਦੇ ਕੰਮਾਂ ਤੋਂ ਇਲਾਵਾ ਬਹੁਤ ਸਾਰੇ ਕੰਮ ਪਿੰਡਾਂ ਅਤੇ ਛੋਟੇ ਸ਼ਹਿਰਾਂ ’ਚ ਕਰ ਰਹੀਆਂ ਹਨ। ਕਈ ਕੰਮ ਅਜਿਹੇ ਹਨ ਜਿਨ੍ਹਾਂ ਬਾਰੇ ਪਹਿਲਾਂ ਕਦੇ ਸੋਚਿਆ ਨਹੀਂ ਗਿਆ ਸੀ ਕਿ ਇਨ੍ਹਾਂ ਨੂੰ ਮਹਿਲਾਵਾਂ ਵੀ ਕਰ ਸਕਦੀਆਂ ਹਨ।

ਜਿਵੇਂ ਕਿ ਆਟੋ ਜਾਂ ਈ-ਰਿਕਸ਼ਾ ਚਲਾਉਣਾ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਇਨ੍ਹਾਂ ’ਚ ਉਨ੍ਹਾਂ ਨੂੰ ਆਪਣੇ ਪਰਿਵਾਰ ਵਾਲਿਆਂ ਦਾ ਸਹਿਯੋਜ ਮਿਲ ਰਿਹਾ ਹੈ। ਸਹੁਰੇ ਅਤੇ ਅਤੇ ਪਤੀ ਵੀ ਸਹਿਯੋਗ ਕਰ ਰਹੇ ਹਨ ਕਿਉਂਕਿ ਮਹਿਲਾਵਾਂ ਆਤਮ-ਨਿਰਭਰ ਹੋ ਕੇ ਪੈਸੇ ਘਰ ਲਿਆ ਰਹੀਆਂ ਹਨ। ਇਹੀ ਅਸਲੀ ਤਸਵੀਰ ਹੈ ਜਿਸ ਨੂੰ ਪੱਛਮੀ ਦੇਸ਼ਾਂ ਨੂੰ ਆਪਣੇ-ਆਪਣੇ ਚਸ਼ਮਿਆਂ ’ਚ ਉਤਾਰ ਕੇ ਜ਼ਰੂਰ ਦੇਖਣਾ ਚਾਹੀਦਾ ਹੈ।

# ਸੋਚ ਕੇ ਕਰੋ ਬੱਚਿਆਂ ਲਈ ਸਕੂਲ ਦੀ ਚੋਣ

ਅਜੋਕਾ ਸਮਾਂ ਅਗਾਂਹਵਧੂ ਯੁੱਗ ਹੈ। ਹਰ ਕੋਈ ਚਾਹੁੰਦਾ ਹੈ ਕਿ ਮੇਰਾ ਬੱਚਾ ਪੜ੍ਹ-ਲਿਖ ਕੇ ਵਧੀਆਂ ਅਫ਼ਸਰ ਜਾਂ ਕਾਮਯਾਬ ਇਨਸਾਨ ਬਣੇ। ਇਸ ਲਈ ਬੱਚੇ ਨੂੰ ਗਿਆਨ ਦੇਣ ਲਈ ਸਭ ਤੋਂ ਪਹਿਲਾਂ ਸਕੂਲ ਦੀ ਚੋਣ ਕੀਤੀ ਜਾਂਦੀ ਹੈ। ਮਾਪਿਆ ਵੱਲੋਂ ਭਾਵੇਂ ਬੱਚੇ ਨੂੰ ਵਧੀਆ ਸਕੂਲ ’ਚ ਪਾਉਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਪਰ ਕਈ ਵਾਰ ਅਸੀਂ ਵਧੀਆ ਦੇ ਚੱਕਰ ’ਚ ਸਕੂਲ ਦੀ ਚੋਣ ਘਰ ਤੋਂ ਜ਼ਿਆਦਾ ਦੂਰ ਕਰ ਲੈਣ ਕਾਰਨ ਬੱਚੇ ਦੇ ਸਰੀਰਕ ਤੇ ਬੌਧਿਕ ਵਿਕਾਸ ਵੱਲ ਧਿਆਨ ਹੀ ਨਹੀਂ ਦਿੰਦੇ। ਇਸ ਲਈ ਸਕੂਲ ਦੀ ਚੋਣ ਬੱਚੇ ਦੀ ਸੁਵਿਧਾ ਅਨੁਸਾਰ ਕਰਨੀ ਜ਼ਰੂਰੀ ਹੈ ਨਾ ਕਿ ਦੇਖੋਦੇਖੀ। ਬਹੁਤ ਸਾਰੀਆਂ ਗੱਲਾਂ ਹਨ, ਜਿਨ੍ਹਾਂ ਨੂੰ ਸਮਝਣਾ ਸਿਰਫ਼ ਇਕ ਅਧਿਆਪਕ ਲਈ ਹੀ ਨਹੀਂ ਸਗੋਂ ਇਕ ਮਾਪੇ ਹੋਣ ਨਾਤੇ ਮਾਂ ਤੇ ਬਾਪ ਦੋਵਾਂ ਲਈ ਬਹੁਤ ਜ਼ਰੂਰੀ ਹੈ।

ਛੋਟੇ ਬੱਚਿਆਂ ਲਈ ਸਭ ਤੋਂ ਜ਼ਰੂਰੀ ਤਿੰਨ ਚੀਜ਼ਾਂ ਹਨ ਸੌਣਾ, ਖਾਣਾ ਤੇ ਖੇਡਣਾ। ਇਹ ਜ਼ਰੂਰਤਾਂ ਉਦੋਂ ਹੀ ਪੂਰੀਆਂ ਹੋ ਸਕਦੀਆਂ ਹਨ, ਜੇ ਆਪਾਂ ਸਕੂਲ ਨੇੜੇ ਚੁਣੀਏ। ਅੱਜ-ਕੱਲ੍ਹ ਮੁਕਾਬਲੇ ਦਾ ਯੁੱਗ ਬਣ ਗਿਆ ਹੈ, ਜਿਸ ਵਿਚ ਅਸੀਂ ਸੋਚਦੇ ਹਾਂ ਕਿ ਬੱਚੇ ਲਈ ਸਭ ਤੋਂ ਵਧੀਆ ਤੇ ਮਹਿੰਗਾ ਸਕੂਲ ਚੁਣੀਏ। ਚਾਹੇ ਉਹ ਘਰ ਤੋਂ ਦੂਰ ਹੋਵੇ ਜਾਂ ਦੂਜੇ ਸ਼ਹਿਰ ਵਿਚ। ਕਈ ਵਾਰ ਭਵਿੱਖ ਦੀ ਚਿੰਤਾਂ ਕਰਦੇ-ਕਰਦੇ ਆਪਾਂ ਬੱਚਿਆਂ ਦਾ ਅੱਜ ਵੀ ਖ਼ਰਾਬ ਕਰ ਦਿੰਦੇ ਹਾਂ। ਬੱਚੇ ਦੀ ਚੰਗੀ ਸਿਹਤ ਲਈ ਨੀਂਦ ਦਾ ਸਭ ਤੋਂ ਵੱਡਾ ਰੋਲ ਹੈ ਪਰ ਸਕੂਲ ਦੀ ਦੂਰੀ ਕਰਕੇ ਬੱਚੇ ਮੁਸ਼ਕਿਲ ਨਾਲ ਹੀ ਆਪਣੀ ਨੀਂਦ ਪੂਰੀ ਕਰਦੇ ਹਨ। ਟਾਇਮ ਤੋਂ ਪਹਿਲਾਂ ਉੱਠਣ ਕਰਕੇ ਉਹ ਸਵੇਰੇ ਨਾ ਤਾਂ ਤਾਜ਼ਾ ਹੋ ਕੇ ਸਕੂਲ ਜਾਂਦੇ ਹਨ ਤੇ ਨਾ ਹੀ ਕੁਝ ਵਧੀਆ ਖਾ ਕੇ। ਅਕਸਰ ਦੇਖਿਆ ਜਾਂਦਾ ਹੈ ਕਿ ਬੱਚਾ ਸਕੂਲ ਜਾਣ ਮੌਕੇ ਵਾਹਨ ’ਚ ਹੀ ਸੌਂਦਾ ਜਾਂਦਾ ਹੈ। ਇਹ ਚੀਜ਼ਾਂ ਬਿਮਾਰੀਆਂ ਨੂੰ ਸੱਦਾ ਦੇ ਰਹੀਆਂ ਹਨ। ਸੋਚੋ ਜੇ 8 ਵਜੇ ਸਕੂਲ ਦਾ ਟਾਇਮ ਹੈ ਤਾਂ 6 ਵਜੇ ਬੱਚਾ ਬੱਸ ’ਚ ਬੈਠ ਜਾਂਦਾ ਹੈ। ਜੇ ਇਕ ਦਿਨ ’ਚ ਬੱਚਾ ਚਾਰ ਤੋਂ ਪੰਜ ਘੰਟੇ ਸਫ਼ਰ ਕਰੇਗਾ ਤਾਂ ਕੀ ਉਸ ਨੂੰ ਆਪਣੇ ਲਈ ਸਮਾਂ ਮਿਲ ਰਿਹਾ ਹੈ ਜਾਂ ਨਹੀਂ। ਸੋਚੋ, ਬੱਚਾ ਖੇਡੇਗਾ ਕਦੋਂ? ਛੋਟੀ ਉਮਰ ਵਿਚ ਸਭ ਤੋਂ ਜ਼ਰੂਰੀ ਬੱਚੇ ਦਾ ਖੇਡਣਾ ਹੈ, ਜਿਸ ਨਾਲ ਉਸ ਦੀ ਸਿਹਤ ਵੀ ਠੀਕ ਰਹੇਗੀ ਤੇ ਦਿਮਾਗ਼ ਵੀ ਚੁਸਤ ਰਹੇਗਾ। ਛੇ ਵਜੇ ਦਾ ਘਰ ਤੋਂ ਨਿਕਲਿਆ ਬੱਚਾ ਕਦੋਂ ਘਰ ਆਵੇਗਾ। ਆਉਣ ਤੋਂ ਬਾਅਦ ਫੇਰ ਸਕੂਲ ਦਾ ਕੰਮ। ਇਸ ਤਰ੍ਹਾਂ ਬੱਚੇ ਦਾ ਬੌਧਿਕ ਵਿਕਾਸ ਹੋ ਰਿਹਾ ਹੈ ਜਾਂ ਸ਼ੋਸ਼ਣ, ਇਹ ਕੋਈ ਸਮਝ ਹੀ ਨਹੀਂ ਰਿਹਾ।

ਆਖ਼ਰ ਵਧੀਆ ਸਕੂਲ ਦੀ ਅਸਲ ਪਰਿਭਾਸ਼ਾ ਕੀ ਹੈ? ਲੱਗਦਾ ਸਿਰਫ਼ ਦਿਖਾਵੇ ਲਈ ਅਸੀਂ ਬੱਚਿਆ ਨੂੰ ਵੱਡੇ ਸਕੂਲਾਂ ਦੇ ਨਾਂ ’ਤੇ ਉਨ੍ਹਾਂ ਨੂੰ ਮਿਲਣ ਵਾਲੀਆਂ ਜ਼ਰੂਰੀ ਚੀਜ਼ਾਂ ਨਜ਼ਰ-ਅੰਦਾਜ਼ ਕਰ ਰਹੇ ਹਾਂ। ਮੁੱਢਲੀ ਸਿੱਖਿਆ ਤਾਂ ਘਰ ਹੀ ਦੇ ਸਕਦਾ ਹੈ। ਮੇਰੇ ਹਿਸਾਬ ’ਚ ਘਰ ਤੋਂ ਵਧੀਆ ਕੋਈ ਸਕੂਲ ਨਹੀਂ ਤੇ ਨਾ ਹੀ ਮਾਪਿਆਂ ਤੋਂ ਚੰਗਾ ਕੋਈ ਅਧਿਆਪਕ। ਚੰਗੇ ਸਕੂਲ ਦੀ ਚੋਣ ਕਰਨਾ ਕੋਈ ਬੁਰੀ ਗੱਲ ਨਹੀਂ ਪਰ ਜ਼ਰੂਰਤ ਤੋਂ ਜ਼ਿਆਦਾ ਸਕੂਲ ਦੀ ਘਰ ਤੋਂ ਦੂਰੀ ਬੱਚਿਆਂ ਦੀ ਸਿਹਤ ਖ਼ਰਾਬ ਕਰ ਸਕਦੀ ਹੈ। ਕਿਸੇ ਨੇ ਸਹੀ ਕਿਹਾ ਹੈ ਤੰਦਰੁਸਤ ਦਿਮਾਗ਼ ਹੀ ਵਧੀਆ ਸਰੀਰ ’ਚ ਨਿਵਾਸ ਕਰ ਸਕਦਾ ਹੈ। ਸੋ ਆਉਣ ਵਾਲੇ ਸਮੇਂ ’ਚ ਨਵੇ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਹੋਣੀ ਹੈ ਤੇ ਮਾਪਿਆਂ ਵੱਲੋਂ ਆਪਣੇ ਬੱਚਿਆਂ ਦੇ ਭਵਿੱਖ ਲਈ ਸਕੂਲ ਦੀ ਚੋਣ ਕਰਨੀ ਹੈ। ਮਾਪੇ ਬੱਚਿਆਂ ਦੀ ਸੁਵਿਧਾ ਅਨੁਸਾਰ ਹੀ ਸਕੂਲ ਦੀ ਚੋਣ ਕਰਨ, ਤਾਂ ਜੋ ਬੱਚੇ ਦਾ ਸੰਪੂਰਨ ਵਿਕਾਸ ਹੋ ਸਕੇ।

**- ਜਸਪ੍ਰੀਤ ਕੌਰ**


SINGHS TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport,Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595



BHHS BERKSHIRE HATHAWAY HOMESERVICES
CJ Singh
License # 24012019
Real Estate Broker
NORTHWEST REAL ESTATE

BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

# ਤਕਨੀਕ ਨਾਲ ਭਰਪੂਰ ਭਾਰਤ ਅੱਜ ਕਿਸੇ ਅਧੀਨ ਨਹੀਂ

ਭਾਰਤ ਅੱਜ ਵਿਸ਼ਵ ਵਿਗਿਆਨਕ ਪੁਨਰ-ਜਾਗਰਣ ਦੀ ਦਹਿਲੀਜ਼ ’ਤੇ ਖੜ੍ਹਾ ਹੈ। ਤਕਨੀਕ ਨਾਲ ਭਰਪੂਰ ਭਾਰਤ ਕਿਸੇ ਦੇ ਪਿੱਛੇ ਨਹੀਂ ਚੱਲਦਾ, ਸਗੋਂ ਹੋਰਾਂ ਨੂੰ ਆਪਣੇ ਪਿੱਛੇ ਚੱਲਣ ਲਈ ਪ੍ਰੇਰਿਤ ਕਰ ਰਿਹਾ ਹੈ। ਪਿਛਲੇ ਇਕ ਦਹਾਕੇ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਵਿਚ ਦੇਸ਼ ਨੇ ਵਿਗਿਆਨ, ਟੈਕਨਾਲੋਜੀ ਅਤੇ ਨਵੀਨਤਾ ਦੇ ਖੇਤਰ ਵਿਚ ਬੇਮਿਸਾਲ ਤਰੱਕੀ ਦੇਖੀ ਹੈ।



ਡਿਜੀਟਲ ਸਸ਼ਕਤੀਕਰਨ ਤੋਂ ਲੈ ਕੇ ਪੁਲਾੜ ਖੋਜ ਤੱਕ, ਆਤਮ-ਨਿਰਭਰ ਅਤੇ ਤਕਨੀਕ-ਪ੍ਰਧਾਨ ਭਾਰਤ ਦੀ ਰੂਪਰੇਖਾ ਹੁਣ ਸਪੱਸ਼ਟ ਤੌਰ ’ਤੇ ਦਿਸ ਰਹੀ ਹੈ। ਡਿਜੀਟਲ ਇੰਡੀਆ ਅਤੇ ਸਟਾਰਟਅੱਪ ਇੰਡੀਆ ਦੀਆਂ ਸਫ਼ਲਤਾਵਾਂ ਤੋਂ ਲੈ ਕੇ ਸਵੱਛ ਭਾਰਤ ਅਤੇ ਵਨ ਹੈਲਥ ਵਰਗੀਆਂ ਮੁਹਿੰਮਾਂ ਤੱਕ, ਦੇਸ਼ ਨੇ ਇਹ ਸਾਬਤ ਕੀਤਾ ਹੈ ਕਿ ਵਿਗਿਆਨ, ਤਕਨੀਕ ਅਤੇ ਨਵੀਨਤਾ ਰਾਹੀਂ ਵੱਡੇ ਪੱਧਰ ’ਤੇ ਬਦਲਾਅ ਲਿਆਂਦਾ ਜਾ ਸਕਦਾ ਹੈ।

ਯੂ.ਪੀ.ਆਈ. ਕ੍ਰਾਂਤੀ ਨੇ ਡਿਜੀਟਲ ਭੁਗਤਾਨ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਹੈ ਅਤੇ ਭਾਰਤ ਨੂੰ ਇਸ ਖੇਤਰ ਵਿਚ ਵਿਸ਼ਵ ਮੋਹਰੀ ਬਣਾ ਦਿੱਤਾ ਹੈ। ਭਾਰਤ ਦੀ ਜੈਵਿਕ-ਅਰਥਵਿਵਸਥਾ ਨੇ ਪਿਛਲੇ 10 ਸਾਲਾਂ ਵਿਚ ਜ਼ਬਰਦਸਤ ਤਰੱਕੀ ਕੀਤੀ ਹੈ। 2014 ਵਿਚ ਜਿੱਥੇ ਇਸ ਦਾ ਮੁੱਲ 10 ਅਰਬ ਡਾਲਰ ਸੀ, ਉੱਥੇ ਹੀ 2024 ਵਿਚ ਇਹ ਵਧ ਕੇ ਲਗਭਗ 165.7 ਅਰਬ ਡਾਲਰ ਹੋ ਗਿਆ ਹੈ।

ਭਾਰਤ ਹੁਣ ਬਾਇਓਫਿਊਲ, ਬਾਇਓਪਲਾਸਟਿਕ ਅਤੇ ਗ੍ਰੀਨ ਕੈਮੀਕਲਸ ਵਰਗੇ ਖੇਤਰਾਂ ਵਿਚ ਮੋਹਰੀ ਭੂਮਿਕਾ ਨਿਭਾਅ ਰਿਹਾ ਹੈ। ਚੰਦਰਯਾਨ ਅਤੇ ਗਗਨਯਾਨ ਮਿਸ਼ਨਾਂ ਨੇ ਭਾਰਤ ਦੀ ਪਛਾਣ ਪੁਲਾੜ-ਤਾਕਤ ਭਰਪੂਰ ਦੇਸ਼ਾਂ ਵਿਚ ਮਜ਼ਬੂਤ ਕੀਤੀ ਹੈ, ਜਦੋਂ ਕਿ 5ਜੀ ਨੈੱਟਵਰਕ ਦੀ ਸ਼ੁਰੂਆਤ ਅਤੇ ਡਿਜੀਟਲ ਕੂਟਨੀਤੀ ਨੇ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਤੱਕ ਕੁਨੈਕਟੀਵਿਟੀ ਅਤੇ ਸਸ਼ਕਤੀਕਰਨ ਪਹੁੰਚਾਇਆ ਹੈ।

ਭਾਰਤ ਹੁਣ ਸਾਰਿਆਂ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਗਲੋਬਲ ਲੀਡਰ ਵਜੋਂ ਉੱਭਰ ਰਿਹਾ ਹੈ। ਇਸ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬੁੱਧੀ ਅਤੇ ਨਵੀਨਤਾ ਦਾ ਫ਼ਾਇਦਾ ਹਰ ਖੇਤਰ ਤੱਕ ਪਹੁੰਚੇ। ਭਾਵੇਂ ਉਹ ਖੇਤੀਬਾੜੀ ਹੋਵੇ, ਸਿਹਤ ਸੰਭਾਲ ਹੋਵੇ ਜਾਂ ਸ਼ਾਸਨ ਵਿਵਸਥਾ ਹੋਵੇ। ਦੇਸ਼ ਵਿਚ 100 ਤੋਂ ਵੱਧ ਯੂਨੀਕੌਰਨ ਕੰਪਨੀਆਂ ਅਤੇ ਨੌਜਵਾਨਾਂ ਵੱਲੋਂ ਸੰਚਾਲਿਤ ਸਟਾਰਟਅੱਪਸ ਦਾ ਮਜ਼ਬੂਤ ਨੈੱਟਵਰਕ ਭਾਰਤ ਦੀ ਵਿਗਿਆਨਕ ਅਤੇ ਉੱਦਮੀ ਭਾਵਨਾ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾ ਰਿਹਾ ਹੈ। ਗ੍ਰੀਨ ਹਾਈਡ੍ਰੋਜਨ, ਕੁਆਂਟਮ ਵਿਗਿਆਨ ਅਤੇ ਤਕਨੀਕ, ਸੈਮੀਕੰਡਕਟਰ ਨਿਰਮਾਣ ਅਤੇ ਸਟੀਕ ਖੇਤੀਬਾੜੀ ਵਰਗੇ ਖੇਤਰਾਂ ਵਿਚ ਭਾਰਤ ਦੀ ਤਰੱਕੀ ਇਹ ਦਿਖਾਉਂਦੀ ਹੈ ਕਿ ਭਾਰਤ ਹੁਣ ਸਿਰਫ਼ ਦੁਨੀਆ ਦੇ ਨਾਲ ਕਦਮ

**-ਡਾ. ਜਿਤੇਂਦਰ ਸਿੰਘ**

ਨਹੀਂ ਮਿਲਾ ਰਿਹਾ, ਸਗੋਂ ਭਵਿੱਖ ਦੀ ਦਿਸ਼ਾ ਤੈਅ ਕਰਨ ਵਿਚ ਮਦਦ ਕਰ ਰਿਹਾ ਹੈ। ਇਹ ਆਤਮ-ਨਿਰਭਰ ਭਾਰਤ ਦੀ ਕਹਾਣੀ ਹੈ। ਇਕ ਅਜਿਹਾ ਆਤਮ-ਵਿਸ਼ਵਾਸੀ ਅਤੇ ਦੂਰਦਰਸ਼ੀ ਭਾਰਤ, ਜੋ ਵਿਕਸਿਤ ਭਾਰਤ 2047 ਦੇ ਟੀਚੇ ਵੱਲ, ਆਪਣੀ ਆਜ਼ਾਦੀ ਦੇ 100 ਵਰ੍ਹੇ ਪੂਰੇ ਹੋਣ ਤੱਕ, ਦ੍ਰਿੜ੍ਹਤਾ ਨਾਲ ਅੱਗੇ ਵਧ ਰਿਹਾ ਹੈ।

**ਈ. ਐੱਸ. ਟੀ. ਆਈ. ਸੀ.** : ਪ੍ਰਾਪਤੀ ਤੋਂ ਇੱਛਾ ਤੱਕ : ਇਸ ਤਰੱਕੀ ਦੇ ਪਿਛੋਕੜ ਵਿਚ 3 ਤੋਂ 5 ਨਵੰਬਰ, 2025 ਤੱਕ ਭਾਰਤ ਮੰਡਪਮ, ਨਵੀਂ ਦਿੱਲੀ ਵਿਚ ਹੋਣ ਵਾਲਾ ਐਮਰਜਿੰਗ ਸਾਇੰਸ, ਟੈਕਨਾਲੋਜੀ ਐਂਡ ਇਨੋਵੇਸ਼ਨ ਕਨਕਲੇਵ ਇਕ ਦਲੇਰੀ ਵਾਲਾ ਨਵਾਂ ਕਦਮ ਹੈ। ਭਾਰਤ ਸਰਕਾਰ ਦੇ 13 ਮੰਤਰਾਲਿਆਂ ਵੱਲੋਂ ਆਯੋਜਿਤ ਇਹ ਸੰਮੇਲਨ ਸਿਰਫ਼ ਉਪਲਬਧੀਆਂ ਦਾ ਪ੍ਰਦਰਸ਼ਨ ਨਹੀਂ ਹੈ, ਸਗੋਂ ਇਹ ਸਹਿਯੋਗ, ਦੂਰ-ਦ੍ਰਿਸ਼ਟੀ ਅਤੇ ਰਾਸ਼ਟਰੀ ਰਣਨੀਤੀ ਦਾ ਮੰਚ ਹੈ। ਮਾਣਯੋਗ ਪ੍ਰਧਾਨ ਮੰਤਰੀ ਦੇ ਹੱਥੋਂ ਉਦਘਾਟਨ ਕੀਤੇ ਜਾਣ ਵਾਲਾ ਈ. ਐੱਸ. ਟੀ. ਆਈ. ਸੀ. 2025 ਦੇਸ਼-ਵਿਦੇਸ਼ ਦੇ ਪ੍ਰਮੁੱਖ ਵਿਗਿਆਨੀਆਂ, ਇਨੋਵੇਟਰਸ, ਨੀਤੀ ਨਿਰਮਾਤਾਵਾਂ ਅਤੇ ਮਾਹਿਰਾਂ ਨੂੰ ਇਕੱਠਾ ਕਰੇਗਾ ਤਾਂ ਕਿ ਉੱਭਰਦੀਆਂ ਤਕਨੀਕਾਂ ਦੇ ਭਵਿੱਖ ’ਤੇ ਵਿਚਾਰ-ਵਟਾਂਦਰਾ ਕਰ ਸਕੀਏ। ਈ. ਐੱਸ. ਟੀ. ਆਈ. ਸੀ. ਨੂੰ ਵਿਗਿਆਨ ਅਤੇ ਟੈਕਨਾਲੋਜੀ ਵਿਚ ਆਤਮ-ਨਿਰਭਰ ਭਾਰਤ ਲਈ ਅਹਿਮ 11 ਵਿਸ਼ਿਆਂ ’ਤੇ ਕੇਂਦ੍ਰਿਤ ਕੀਤਾ ਗਿਆ ਹੈ। ਇਹ ਸੰਮੇਲਨ ਇਕ ਅਜਿਹਾ ਕੇਂਦਰੀ ਮੰਚ ਬਣੇਗਾ, ਜਿੱਥੇ ਰਣਨੀਤਿਕ ਸੰਵਾਦ, ਸਹਿਯੋਗ ਅਤੇ ਭਾਰਤ ਦੀਆਂ ਸਭ ਤੋਂ ਵਧੀਆ ਉਪਲਬਧੀਆਂ ਨੂੰ ਪੇਸ਼ ਕੀਤਾ ਜਾਵੇਗਾ। ਮੌਜੂਦਾ ਉਪਲਬਧੀਆਂ ਦਾ ਜਸ਼ਨ ਮਨਾਉਣ ਦੇ ਨਾਲ-ਨਾਲ, ਇਹ ਸੰਮੇਲਨ ਨਵੇਂ ਵਿਚਾਰਾਂ ’ਤੇ ਮੰਥਨ ਕਰਨ, ਕਮੀਆਂ ਦੀ ਪਛਾਣ ਕਰਨ ਅਤੇ ਨੀਤੀ-ਨਿਰਮਾਣ ਵਿਚ ਸੁਧਾਰ ਦਾ ਮੌਕਾ ਵੀ ਪ੍ਰਦਾਨ ਕਰੇਗਾ ਤਾਂ ਕਿ ਭਾਰਤ ਦੀ ਵਿਗਿਆਨਕ ਤਰੱਕੀ ਸਮਾਜ ਦੀਆਂ ਜ਼ਰੂਰਤਾਂ ਅਤੇ ਵਿਸ਼ਵ-ਵਿਆਪੀ ਮੌਕਿਆਂ ਦੇ ਨਾਲ ਤਾਲਮੇਲ ਵਿਚ ਬਣੀ ਰਹੇ।

**ਵਿਕਸਿਤ ਭਾਰਤ 2047 ਵੱਲ** : ਕਈ ਮਾਅਨਿਆਂ ਵਿਚ, ਈ. ਐੱਸ. ਟੀ. ਆਈ. ਸੀ. ਭਾਰਤ ਦੇ ਵਧਦੇ ਆਤਮ-ਵਿਸ਼ਵਾਸ ਦਾ ਪ੍ਰਤੀਕ ਹੈ। ਇਕ ਅਜਿਹਾ ਆਤਮ-ਵਿਸ਼ਵਾਸ ਜੋ ਗਿਆਨ ਅਤੇ ਨਵੀਨਤਾ ਦੇ ਖੇਤਰ ਵਿਚ ਭਾਰਤ ਨੂੰ ਵਿਸ਼ਵ-ਵਿਆਪੀ ਅਗਵਾਈ ਵੱਲ ਲੈ ਕੇ ਜਾ ਰਿਹਾ ਹੈ। ਇਹ ਇਕ ਰਾਸ਼ਟਰੀ ਮਿਸ਼ਨ ਹੈ, ਜਿਸ ਦਾ ਉਦੇਸ਼ ਹੈ-ਕਲਪਨਾ ਸ਼ਕਤੀ ਨੂੰ ਜਗਾਉਣਾ, ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਅਤੇ ਭਵਿੱਖ ਲਈ ਨਵੀਨਤਾ ਨੂੰ ਉਤਸ਼ਾਹਿਤ ਕਰਨਾ।

ਈ. ਐੱਸ. ਟੀ. ਆਈ. ਸੀ. 2025 ਵਿਚ ਵਿਚਾਰਵਾਨ ਆਗੂਆਂ, ਨੋਬਲ ਪੁਰਸਕਾਰ ਜੇਤੂਆਂ, ਨੀਤੀ ਨਿਰਮਾਤਾਵਾਂ ਅਤੇ ਉਦਯੋਗ ਜਗਤ ਦੇ ਮੋਢੀਆਂ ਨੂੰ ਇਕੱਠੇ ਲਿਆਂਦਾ ਜਾਵੇਗਾ ਤਾਂ ਕਿ ਭਾਰਤ ਨੂੰ ਇਕ ਵਿਗਿਆਨਕ ਮਹਾਸ਼ਕਤੀ ਅਤੇ ਨਵੀਨਤਾ-ਆਧਾਰਿਤ ਵਿਕਾਸ ਦੇ ਵਿਸ਼ਵ ਕੇਂਦਰ ਵਜੋਂ ਸਥਾਪਿਤ ਕੀਤਾ ਜਾ ਸਕੇ। ਜਿਵੇਂ-ਜਿਵੇਂ ਭਾਰਤ 2047 ਵੱਲ ਵਧ ਰਿਹਾ ਹੈ, ਈ. ਐੱਸ. ਟੀ. ਆਈ. ਸੀ. ਇਕ ਪ੍ਰੇਰਕ ਤਾਕਤ ਅਤੇ ਪ੍ਰਤੀਕ ਦੋਵਾਂ ਦੇ ਰੂਪ ਵਿਚ ਖੜ੍ਹਾ ਹੈ।

# ਚੰਦਰਮਾ ਉਤੇ ਚੱਲੀ ਗੱਡੀ



ਕੁਝ ਦਿਨ ਪਹਿਲਾਂ ਦੀ ਗੱਲ ਹੈ। ਟੀ.ਵੀ. ਉੱਤੇ ਖ਼ਬਰਾਂ ਆ ਰਹੀਆਂ ਸਨ। ਇਕ ਖ਼ਬਰ ਇਹ ਸੀ ਕਿ ‘ਜਾਪਾਨ ਜਲਦ ਹੀ ਚੰਦਰਮਾ ਉੱਤੇ ਰੇਲ ਗੱਡੀ ਭੇਜੇਗਾ।’ ਸੁਣਨ ਵਾਲਿਆਂ ਨੂੰ ਬਹੁਤ ਹੈਰਾਨੀ ਹੋਈ ਕਿ ਚੰਦਰਮਾ ਉੱਤੇ ਗੱਡੀ ਕਿਵੇਂ ਜਾਵੇਗੀ?

‘ਜਾਵੇਗੀ ਜ਼ਰੂਰ ਜਾਵੇਗੀ। ਜਾਪਾਨ ਨੇ ਕਹਿ ਦਿੱਤਾ ਤਾਂ ਜ਼ਰੂਰ ਜਾਵੇਗੀ। ਜਦ ਮੇਰੇ ਵਰਗੇ ਚੰਦ ਤੋਂ ਪਾਣੀ ਲਿਆਉਣ ਲਈ ਜੁਗਾੜ ਸੋਚ ਸਕਦੇ ਹਨ ਤਾਂ ਜਾਪਾਨ ਲਈ ਰੇਲ ਗੱਡੀ ਚੜ੍ਹਾਉਣੀ ਕੋਈ ਮੁਸ਼ਕਿਲ ਨਹੀਂ।’

‘ਯਾਰ ਇਸ ਤਰ੍ਹਾਂ ਹੈਰਾਨ ਹੋਏ ਕਿਉਂ ਦੇਖਦੇ ਹੋ ਮੇਰੇ ਵੱਲ’ ਆਪਾਂ ਹੁਣੇ ਪ੍ਰੈਜ਼ੀਡੈਂਟ ਸਾਬ੍ਹ ਨੂੰ ਫੋਨ ਕਰ ਕੇ ਪੁੱਛ ਲੈਂਦੇ ਹਾਂ, ਉਹ ਆਪਣੇ ਯਾਰ ਨੇ।’ ਕਹਿੰਦਿਆਂ ਮੈਂ ਉਨ੍ਹਾਂ ਨਾਲ ਤਾਰਾਂ ਜੋੜੀਆਂ। ਪਹਿਲੀ ਘੰਟੀ ਹੀ ਉਨ੍ਹਾਂ ਫੋਨ ਚੁੱਕ ਲਿਆ, ਜਿਵੇਂ ਉਹ ਮੇਰੇ ਹੀ ਫੋਨ ਦੀ ਉਡੀਕ ਵਿਚ ਬੈਠੇ ਹੋਣ।

‘ਬਹੁਤ-ਬਹੁਤ ਧੰਨਵਾਦ ਤੁਹਾਡਾ ਜਨਾਬ! ਤੁਸੀਂ ਫੋਨ ਕਰ ਕੇ ਮੇਰਾ ਬਹੁਤ ਸਾਰਾ ਕੀਮਤੀ ਸਮਾਂ ਬਚਾਅ ਦਿੱਤਾ ਹੈ। ਮੈਂ ਤੁਹਾਡਾ ਹੀ ਨੰਬਰ ਲੱਭ ਰਿਹਾ ਸਾਂ।’ ਉਹ ਖ਼ੁਸ਼ੀ ਦੇ ਰੌਂ ਵਿਚ ਬੋਲੇ ‘ਇਸ ਗੱਲ ਦਾ ਤਾਂ ਤੁਹਾਨੂੰ ਪਤਾ ਲੱਗ ਹੀ ਗਿਆ ਹੋਵੇਗਾ ਕਿ ਅਸੀਂ ਚੰਦ ਉੱਤੇ ਰੇਲ ਗੱਡੀ ਲੈ ਜਾਣ ਬਾਰੇ ਵਿਚਾਰ ਕਰ ਰਹੇ ਹਾਂ। ਇਸ ਕੰਮ ਵਿਚ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਮੈਂ ਇਸੇ ਕਰਕੇ ਤੁਹਾਨੂੰ ਫੋਨ ਕਰਨਾ ਸੀ ਕਿ ਤੁਹਾਡਾ ਫੋਨ ਆ ਗਿਆ।’ ਪ੍ਰੈਜ਼ੀਡੈਂਟ ਸਾਬ੍ਹ ਬਹੁਤ ਚਿੰਤਾ ਵਿਚ ਡੁੱਬੇ ਲੱਗ ਰਹੇ ਸਨ। ‘ਜਨਾਬ ਹੁਕਮ ਕਰੋ, ਮੈਂ ਹਾਜ਼ਰ ਹਾਂ। ਇਹ ਤਾਂ ਮੇਰੇ ਧੰਨ ਭਾਗ ਹਨ ਜੋ ਤੁਸੀਂ ਇਸ ਮਹਾਨ ਕੰਮ ਵਿਚ ਮੇਰੀ ਹਾਜ਼ਰੀ ਲੁਆ ਰਹੇ ਹੋ।’ ਮੈਂ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ।

‘ਜੇ ਤੁਸੀਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਮੇਰੇ ਦਫ਼ਤਰ ਆ ਜਾਓ ਤਾਂ ਬਹੁਤ ਮਿਹਰਬਾਨੀ ਹੋਵੇਗੀ’, ਚਿੰਤਾ ਅਜੇ ਵੀ ਉਨ੍ਹਾਂ ਦੇ ਬੋਲਾਂ ਵਿਚ ਸੀ।

‘ਇਹ ਤਾਂ ਖ਼ੁਸ਼ਕਿਸਮਤੀ ਹੋਵੇਗੀ, ਮੇਰੀ ਕਿ ਮੈਂ ਤੁਹਾਡੇ ਕਿਸੇ ਕੰਮ ਆ ਸਕਾਂ ਤੇ ਤੁਹਾਡੇ ਨਾਲ ਚਾਹ ਦਾ ਪਿਆਲਾ ਵੀ ਸਾਂਝਾ ਕਰ ਸਕਾਂ।’

‘ਵਾਹ-ਵਾਹ ਬਹੁਤ ਖ਼ੂਬ ਜਨਾਬ, ਤੁਸੀਂ ਤਾਂ ਆਉਣ ਤੋਂ ਪਹਿਲਾਂ ਹੀ ਆਪਣੀ ਚਾਹ ਦਾ ਪ੍ਰਬੰਧ ਵੀ ਕਰ ਲਿਆ। ਇਹੋ ਤਾਂ ਸਿਆਣੇ ਬੰਦਿਆਂ ਦੀ ਕਰਾਮਾਤ ਹੁੰਦੀ ਹੈ। ਚਲੋ ਆ ਜਾਓ ਫਿਰ, ਮੈਂ ਤੇ ਚਾਹ ਬੇਸਬਰੀ ਨਾਲ ਤੁਹਾਡੀ ਉਡੀਕ ਕਰ ਰਹੇ ਹਾਂ।’

ਫੋਨ ਬੰਦ ਕਰ ਕੇ ਮੈਂ ਆਪਣੇ ਘਰ ਦੀ ਪੰਜਵੀਂ ਮੰਜ਼ਿਲ ਉਤੇ ਗਿਆ ਤੇ ਆਪਣਾ ਉਡਣ ਖਟੋਲਾ ਸਟਾਰਟ ਕੀਤਾ। ਦਸਾਂ ਕੁ ਮਿੰਟਾਂ ’ਚ ਹੀ ਮੈਂ ਪ੍ਰੈਜ਼ੀਡੈਂਟ ਦੇ ਦਫ਼ਤਰ ਵਿਚ ਸਾਂ। ਉਹ ਸਾਰੇ ਨਕਸ਼ੇ ਮੇਜ਼ ਉਤੇ ਖਿਲਾਰ ਕੇ ਬੈਠੇ ਸਨ। ਦੁਆ ਸਲਾਮ ਹੋਈ ਤਾਂ ਉਨ੍ਹਾਂ ਸਵਾਲ ਕੀਤਾ, ‘ਛੇ ਕੁ ਸਾਲ ਪਹਿਲਾਂ ਤੁਸੀਂ ਚੰਦ ਉੱਤੋਂ ਪਾਣੀ ਲਿਆਉਣ ਲਈ ਪਾਇਪ ਲਾਈਨ ਫਿਟ ਕਰਨ ਦਾ ਜੁਗਾੜ ਬਣਾਇਆ ਸੀ, ਉਸ ਵੱਲ ਦੇਖ ਕੇ ਹੀ ਸਾਨੂੰ ਰੇਲ ਬਾਰੇ ਸੋਚਣ ਦਾ ਮੌਕਾ ਮਿਲਿਆ ਸੀ। ਜਰਾ ਉਸ ਜੁਗਾੜ ਬਾਰੇ ਚਾਨਣਾ ਪਾਓ।’ ਉਨ੍ਹਾਂ ਦੇ ਗੱਲ ਕਰਦਿਆਂ ਚਾਹ ਆ ਗਈ।

ਲਓ ਸਰਦਾਰ ਜੀ, ਪਹਿਲਾਂ ਚਾਹ ਦਾ ਆਨੰਦ ਲਈਏ ਫਿਰ ਆਰਾਮ ਨਾਲ ਸਾਰੀ ਗੱਲ ਕਰਦੇ ਹਾਂ। ਉਨ੍ਹਾਂ ਨੇ ਚਾਹ ਦਾ ਕੱਪ ਮੇਰੇ ਵੱਲ ਕਰਦਿਆਂ ਕਿਹਾ। ਮੈਂ ਪਲੇਟ ਫੜਨ ਲੱਗਾ ਤਾਂ ਚਾਹ ਦਾ ਕੱਪ ਤਿਲਕ ਗਿਆ ਤੇ ਫ਼ਰਸ਼ ਉਤੇ ਡਿੱਗ ਕੇ ਟੁੱਟ ਗਿਆ। ਉਸ ਦੇ ਖੜਾਕ ਨਾਲ ਮੇਰੀ ਅੱਖ ਖੁੱਲ੍ਹ ਗਈ। ਸਭ ਕੁਝ ਵਿਚੇ ਰਹਿ ਗਿਆ।

**- ਭੁਪਿੰਦਰ ਸਿੰਘ ਬੱਸਣ**


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਧੰਨ ਧੰਨ ਬਾਬਾ ਨਾਨਕ ਦੇਵ ਜੀ

ਧੰਨ ਬਾਬਾ ਨਾਨਕ ਦੇਵ ਜੀ ਤੇਰੀ ਅਦੁੱਤੀ ਚੰਗਿਆਈ
ਧੰਨ ਬਾਬਾ ਨਾਨਕ ਦੇਵ ਜੀ ਤੇਰੀ ਵੱਡੀ ਕਮਾਈ।

ਧੰਨ ਬਾਬਾ ਨਾਨਕ ਦੇਵ ਜੀ ਕਿਰਤ ਦੀ ਅਲਖ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਨਾਮ ਜਪਣ ਦੀ ਮਤ ਪਾਈ।

ਧੰਨ ਬਾਬਾ ਨਾਨਕ ਦੇਵ ਜੀ ਵੰਡ ਛੱਕਣ ਦੀ ਸੋਝੀ ਬਣਾਈ
ਧੰਨ ਬਾਬਾ ਨਾਨਕ ਦੇਵ ਜੀ ਲੋਕਾਈ ਸਿੱਧੇ ਰਾਹ ਪਾਈ।

ਧੰਨ ਬਾਬਾ ਨਾਨਕ ਦੇਵ ਜੀ ਸੱਜਣ ਠੱਗ ਦੀ ਕੀਤੀ ਸੁਧਾਈ
ਧੰਨ ਬਾਬਾ ਨਾਨਕ ਦੇਵ ਜੀ ਸੱਚੇ ਸੌਦੇ ਦੀ ਪਿਰਤ ਬਣਾਈ।

ਧੰਨ ਬਾਬਾ ਨਾਨਕ ਦੇਵ ਜੀ ਔਰਤਾਂ ਨੂੰ ਬਖਸ਼ੀ ਵਡਿਆਈ
ਧੰਨ ਬਾਬਾ ਨਾਨਕ ਦੇਵ ਜੀ ਸਿੱਖੀ ਸਿਦਕ ਦੀ ਅਲਖ ਜਗਾਈ।

ਧੰਨ ਬਾਬਾ ਨਾਨਕ ਦੇਵ ਜੀ ਹੱਕ ਸੱਚ ਦੀ ਰਮਜ਼ ਸਮਝਾਈ
ਧੰਨ ਬਾਬਾ ਨਾਨਕ ਦੇਵ ਜੀ ਮੱਕੇ ਮਦੀਨੇ ਦਿਸ਼ਾ ਹਿਲਾਈ।

ਧੰਨ ਬਾਬਾ ਨਾਨਕ ਦੇਵ ਜੀ ਮਰਦਾਨੇ ਤੇ ਬਾਲੇ ਸੰਗ ਨਿਭਾਈ
ਧੰਨ ਬਾਬਾ ਨਾਨਕ ਦੇਵ ਜੀ ਕੌਡੇ ਰਾਖਸ਼ ਨੂੰ ਸ਼ੁੱਧ ਮਤ ਬੁੱਧ ਪਾਈ।

ਧੰਨ ਬਾਬਾ ਨਾਨਕ ਦੇਵ ਜੀ ਖਲਕਤ ਅੰਦਰ ਤਰਕ ਦੀ ਚਿਣਗ ਜਗਾਈ
ਧੰਨ ਬਾਬਾ ਨਾਨਕ ਦੇਵ ਜੀ ਵੇਈ ਪਾਰ ਧੁਰ ਪ੍ਰੀਤ ਬਣਾਈ।

ਧੰਨ ਬਾਬਾ ਨਾਨਕ ਦੇਵ ਜੀ ਬਾਣੀ ਦੀ ਦਾਤ ਝੋਲੀ ਪਾਈ
ਧੰਨ ਬਾਬਾ ਨਾਨਕ ਦੇਵ ਜੀ ਵਹਿਮਾਂ ਭਰਮਾਂ ਦੀ ਨੀਂਹ ਹਿਲਾਈ।

ਧੰਨ ਬਾਬਾ ਨਾਨਕ ਦੇਵ ਜੀ ਕੁਦਰਤ ਨਾਲ ਜੋੜੀ ਲੋਕਾਈ
ਧੰਨ ਬਾਬਾ ਨਾਨਕ ਦੇਵ ਜੀ ਵਿਗਿਆਨਕ ਸੋਚ ਅਪਨਾਈ।

ਧੰਨ ਬਾਬਾ ਨਾਨਕ ਦੇਵ ਜੀ ਪਾਂਧੇ, ਮੌਲਵੀ ਨੂੰ ਗਿਆਨ ਦੀ ਚੇਟਕ ਲਗਾਈ
ਧੰਨ ਬਾਬਾ ਨਾਨਕ ਦੇਵ ਜੀ ਮੇਰੀਆਂ ਭੁੱਲਾਂ ਬਖਸ਼ਾਈ।

ਧੰਨ ਬਾਬਾ ਨਾਨਕ ਦੇਵ ਜੀ ਪਾਂਧਿਆਂ ਦੀ ਦੁਵਿਧਾ ਹਟਾਈ
ਧੰਨ ਬਾਬਾ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਬੇਅੰਤ ਵਧਾਈ।

**- ਸੁਰਿੰਦਰਪਾਲ ਸਿੰਘ**

## ਸਿਵਿਆਂ ਦੀ ਸੁਆਹ

ਇਤਿਹਾਸ ਦੇ ਨੇ ਪੰਨੇ ਕਾਲ਼ੇ।
ਚੌਰਾਸੀ ਦੇ ਨਵੰਬਰ ਵਾਲ਼ੇ।
ਮਸੂਮ ਲੋਕ ਅੱਗ 'ਚ ਕੋਹੇ।
ਸ਼ਰਮਸਾਰ ਨਾ ਨੇਤਾ ਹੋਏ।

ਜਨੂੰਨ ਨੇ ਸੀ ਮੇਸੀ ਪੱਟੀ।
ਕਨੂੰਨ ਨੇ ਸੀ ਚੁੱਪ ਵੱਟੀ।
ਅਫ਼ਸਰਸ਼ਾਹੀ ਹੋਈ ਫੇਲ੍ਹ।
ਮਾਰੇ ਘਰੀਂ ਕੂਚੇ ਪਾ ਤੇਲ।

ਲੱਠਮਾਰਾਂ ਨੇ ਫੜ੍ਹਕੇ ਮਾਰੇ।
ਟਾਇਰ ਗਲ਼ ਪਾ ਕੇ ਸਾੜੇ।
ਦੇਸ਼ ਦੇ ਰਾਖੇ ਵੀ ਨ ਛੱਡੇ।
ਕੱਢ ਰੇਲਾਂ ਚੋਂ ਕੀਤੇ ਠੰਢੇ।

ਨੰਗਾ ਨੱਚਦਾ ਭੀੜ੍ਹਤੰਤਰ।
ਲੁੱਟ ਕੇ ਹੋ ਗਏ ਉਡੰਤਰ ।
ਕਿਸ ਨੇ ਕੀਤੇ ਬਲਾਤਕਾਰ।
ਪਰ ਅੰਨ੍ਹੀ ਹੋਈ ਸਰਕਾਰ।

ਤਿੰਨ ਦਿਨ ਤੇ ਤਿੰਨ ਰਾਤਾਂ ।
ਕਾਲੀਆਂ ਸੀ ਉਹ ਪ੍ਰਭਾਤਾਂ।
ਬੱਦਲ ਧੂੰਏਂ ਦੇ ਦਿੱਲੀ ਉੱਠੇ।
ਜ਼ਿੰਦਗੀ ਪਾਈ ਰਸਤੇ ਪੁੱਠੇ।

ਇਨਸਾਫ਼ ਮੰਗਦੇ ਤੁਰ ਗਏ।
ਬਹੁਤੇ ਰੇਤੇ ਵਾਂਗੂੰ ਖ਼ੁਰ ਗਏ।
ਜੱਜ ਗਵਾਹੀ ਹਜੇ ਮੰਗਦਾ।
ਕੇਸ ਬੰਦ ਕਰਨੋਂ ਨ ਸੰਗਦਾ।

ਦੇਖੋ ਕਿੰਨੇ ਆਯੋਗ ਬਿਠਾਏ।
ਨ ਕਿਸੇ ਨੇ ਥਹੁ ਪਤੇ ਫੜਾਏ।
ਕਰਦੇ ਗੱਲਾਂ ਗੋਲ਼ਮੋਲ਼ ਰਹੇ।
ਨਾ ਹੱਕ ਦੀ ਬੋਲੀ ਬੋਲ ਰਹੇ।

ਮਾਮਲੇ ਠੰਢੇ ਬਸਤੇ ਪਾ ਦਿੱਤੇ।
ਸਿਆਸਤ ਨੇ ਚੰਦ ਚੜ੍ਹਾ ਦਿੱਤੇ।
ਸਭ ਨੂੰ ਇਹ ਦੇਰੀ ਹੀ ਜਚੀ।
ਇੱਕ ਸੁਆਹ ਦੀ ਢੇਰੀ ਬਚੀ।

**-ਸੇਵਾ ਸਿੰਘ "ਨੂਰਪੁਰੀ"**

## ਨੰਦਨ ਹਰਗੋਬਿੰਦ ਕੋ, ਗਜ ਕੀ ਸੁਨੋ ਪੁਕਾਰ

**(ਗੁਰੂ ਤੇਗ ਬਹਾਦੁਰ ਜੀ ਦੇ ਦਰ ਤੇ ਪੰਥ ਦੀ ਪੁਕਾਰ)**

ਨੰਦਨ ਹਰਗੋਬਿੰਦ ਕੋ ਅਭਿਨੰਦਨ ਕਰੋਂ ਚਿਤ ਲਾਇ।
ਸਿਖ ਤਿਹਾਰੇ ਆਤੁਰ ਭਏ, 'ਕਿਰਪਾ ਰਾਮ' ਸਮ ਆਏ।
ਧਰਮ ਤਿਹਾਰਾ ਛਿੰਨ੍ਹ ਕਰੋਂ ਜਬ ਭਾਖਿਆ ਤੁਰਕ ਦਿਲੀਸ।
ਦਾਰਦ ਦੇਖ ਦਰਿਦ੍ਰ ਕਾ ਦ੍ਰਵਿਤ ਭਏ 'ਅਵਨੀਸ਼'।
ਸ਼ਿਖਾ ਸੂਤ ਸਭ ਰਾਖ ਲਏ, ਦੇ ਕਰ ਆਪਣਾ ਸੀਸ।
ਸੀਸ ਗੰਜ ਤੇ ਉਤਪਤ ਭਏ ਅਗਣਿਤ ਗੰਜ ਸ਼ਹੀਦ।
ਧਰਮ ਜਿਨ੍ਹਾਂ ਕਾ ਰਾਖਿਆ, ਅਬ ਉਹ ਭਏ ਦਿਲੀਸ।
ਧਰਮ ਨਾ ਚੀਨੇਂ ਸਿਖ ਕਾ, ਇਹ ਕੈਸੋ ਹੈ ਬਿਉਹਾਰ।
ਤਿਲਕ ਜੰਞੂ ਜਿਮ ਰਾਖਿਆ, ਅਬ ਰਾਖੋ ਮੋਰ ਕਕਾਰ।
ਨਿਰਮਲ ਪੰਥ ਪ੍ਰਗਾਸਿਆ ਨਾਨਕ ਸ਼ਾਹ ਸਿਰਦਾਰ।
ਅਬ ਤੁਮਰੇ ਦੁਆਰੇ ਢਹਿ ਪਿਆ ਕਰੇ ਪੰਥ ਪੁਕਾਰ।
ਮੋਹੇ ਅਨਾਜ ਪੇ ਕਿਰਪਾ ਕਰੋ, ਨਾਤਰ ਨਾ ਚਾਹੋਂ ਇਹ ਸੀਸ।
ਪਰ ਪੰਥ ਅਕਾਲੀ ਰਾਖ ਲੇਉ ਕਿਰਪਾ ਕਰ ਜਗਦੀਸ਼।



**ਗੁਰਚਰਨਜੀਤ ਸਿੰਘ ਲਾਂਬਾ**

## ਕਲਿ ਤਾਰਣ ਗੁਰੁ ਨਾਨਕ ਆਇਆ

ਆਇਆ ਆਇਆ ਆਇਆ
ਕਲਿ ਤਾਰਣ ਗੁਰੁ ਨਾਨਕ ਆਇਆ।

ਕਲਯੁਗ ਦਾ ਅੰਧਕਾਰ ਮਿਟਾਇਆ,
ਬਾਬਰ ਨੂੰ ਸਬਕ ਸਿਖਾਇਆ,
ਨਾਲ ਮਰਦਾਨੇ ਵਜਾ ਰਬਾਬ,
ਇਕ ਓਂਕਾਰ ਦਾ ਹੋਕਾ ਲਾਇਆ।

ਵੀਹ ਰੁਪਏ ਦਾ ਕਰ ਸੱਚਾ ਸੌਦਾ,
ਐਸਾ ਪੁੰਨ ਕਮਾਇਆ,
ਮੁਕਿਆ ਨਾ ਕਦੇ ਜੱਗ ਤੋਂ,
ਬਾਬੇ ਐਸਾ ਲੰਗਰ ਲਾਇਆ।

ਕਰ ਰਚਨਾ ਜੁਪਜੀ ਸਾਹਿਬ ਦੀ,
ਈਸ਼ਵਰ ਦੀ ਮਹਿਮਾਂ ਨੂੰ ਦਰਸਾਇਆ,
ਫੜ੍ਹ ਤਕੜੀ ਤੋਲ ਤੇਰਾਂ ਤੇਰਾਂ,
ਈਮਾਨ ਦਾ ਹੋਕਾ ਲਾਇਆ।

ਕਰ ਉਦਾਸੀ ਚਾਰੇ ਪਾਸੇ,
ਦੁਨੀਆਂ ਨੂੰ ਸੱਚ ਦਾ ਰਾਹ ਦਿਖਾਇਆ,
ਸਿੱਖ ਧਰਮ ਨੂੰ ਕਰ ਲੋਕਤੰਤਰ,
ਭਾਈ ਲਹਿਣਾ ਨੂੰ ਆਪਣਾ ਅੰਗ ਬਣਾਇਆ,
ਥਾਪ ਗੁਰੂ ਦੂਜਾ,ਅੰਗਦ ਗੁਰੂ ਬਣਾਇਆ।
ਆਇਆ ਆਇਆ ਆਇਆ
ਕਲਿ ਤਾਰਣ ਗੁਰੁ ਨਾਨਕ ਆਇਆ।



**ਗੁਰਪ੍ਰੀਤ ਕੌਰ ਲੁਧਿਆਣਾ**
76962-09932

## ਚਿੱਟੀ ਸਿਉਂਕ

ਸਾਧ ਬੂਬਨੇ ਲੋਕਾਂ ਨੂੰ ਲੁੱਟ ਖਾ ਗਏ,
ਕੁਝ ਲੀਡਰਾਂ ਦਿੱਤੇ ਮਧੋਲ ਬਾਬਾ।

ਰਾਹ ਸੁੱਝੇ ਨਾ ਕਿਧਰ ਜਾਣ ਲੋਕੀ,
ਮਾਰੇ ਡਰ ਦੇ ਸਕਣ ਨਾ ਬੋਲ ਬਾਬਾ।

ਲੋਕੀ ਪਿਸਦੇ ਚੱਕੀ ਦੇ ਪੁੜਾਂ ਅੰਦਰ,
ਬੱਚਣਾ ਔਖਾ ਜਿਹੜਾ ਕੋਲ ਬਾਬਾ।

ਪਖੰਡੀ ਭਰਮਾਂ ਦਾ ਜਾਲ ਪਾ ਕੇ,
ਲੁੱਟ ਲੈਂਦੇ ਜਨਤਾ ਅਣਭੋਲ ਬਾਬਾ।

ਵੋਟਾਂ ਖਾਤਰ ਨੇਤਾ ਲਾਉਣ ਲਾਰੇ,
ਨਾਲੇ ਕਰਨ ਗੱਲਾਂ ਗੋਲ ਬਾਬਾ।

ਚਿੱਟੀ ਸਿਉਂਕ ਨਾ ਛੱਡੇ ਕਿਸੇ ਤਾਈਂ,
ਕਰੀ ਜਾਂਵਦੀ ਅੰਦਰੋਂ ਖੋਲ ਬਾਬਾ।

ਜੇ ਅੱਗ ਲੱਗੀ ਹੋਵੇ ਪਾਣੀਆਂ ਨੂੰ,
ਤਾਂ ਫਿਰ ਭਰੀਏ ਕਿੱਥੋਂ ਡੋਲ ਬਾਬਾ।

'ਹਰਪ੍ਰੀਤ ਪੱਤੋ' ਸੱਚੀ ਗੱਲ ਲਿਖਦਾ,
ਨਾਲੇ ਰੱਖਦਾ ਬਰਾਬਰ ਤੋਲ ਬਾਬਾ।

**ਹਰਪ੍ਰੀਤ ਪੱਤੋ**
94658-21417

## ਗੀਤ



ਅੰਬਰ ਦੇ ਸਿਰਤਾਜ ਪਰਿੰਦੇ।
ਭਰਦੇ ਜਦੋਂ ਪਰਵਾਜ਼ ਪਰਿੰਦੇ।
ਡੁਬਕੀ ਵਿਚ ਸੰਗੀਤਕ ਲੋਰੀ।
ਪੰਛੀ ਲਾਉਂਦੇ ਚੋਰੀ-ਚੋਰੀ।
ਦਰਿਆ ਦੇ ਵਿਚ ਸਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਇਕ ਦੂਜੇ ਨਾਲ ਕੋਈ ਨਾ ਰੁਸੇ।
ਸਭ ਧਰਮਾਂ ਤੋਂ ਉਚੇ ਸੁੱਚੇ।
ਰੱਬ ਵਰਗੀ ਆਵਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਇੰਦਰ ਧਨੁਸ਼ ਖੰਭਾਂ ਵਿਚ ਤਰਕੇ।
ਰੰਗ ਦੀ ਹੋਂਦ ਸਥਾਪਿਤ ਕਰਕੇ।
ਸਿਰ ਤੇ ਪਹਿਨਣ ਤਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਘਰ ਨਿਰਮਾਣ 'ਚ ਉਤਮ ਸ਼ਿਲਪੀ।
ਬੰਦੇ ਤੋਂ ਸਰਵੋਤਮ ਸ਼ਿਲਪੀ।
ਕਰਮਠਤਾ ਦੇ ਕਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਮਾਲਿਕ ਦੇ ਇੱਕ ਇਸ਼ਾਰੇ 'ਤੇ।
ਵਾਪਸ ਆਉਣ ਚੁਬਾਰੇ ਤੇ।
ਰੱਖ ਲੈਂਦੇ ਨੇ ਲਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਇਨ੍ਹਾਂ ਵਿਚ ਵੀ ਆਦਤ ਹੁੰਦੀ।
ਮੋਹ ਮਮਤਾ ਦੇ ਬਾਬਤ ਹੁੰਦੀ।
ਹੋ ਜਾਂਦੇ ਨਾਰਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਨਾ ਹੱਦਾਂ ਨਾ ਧਰਮ ਨਾ ਜਾਤੀ।
ਰਾਤ, ਦੁਪਹਿਰੇ, ਜਾਂ ਪ੍ਰਭਾਤੀ।
ਧਰਤੀ ਦੇ ਸਵਰਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਮੁਸ਼ਕਿਲ ਹੈ ਇਹਨਾਂ ਦੀ ਭਾਸ਼ਾ।
ਸਮਝਣ ਦੁਖ-ਸੁਖ ਆਸ-ਨਿਰਾਸ਼ਾ।
ਦਿੰਦੇ ਜਦ ਆਵਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਬੰਦੇ ਨਾਲੋਂ ਵੱਧ ਸਿਆਣੇਂ।
ਦਿੰਦੇ ਨਈਂ ਹਨ ਮਿਹਣੇ ਤਾਣੇਂ।
ਲੈਂਦੇ ਨਈਂ ਹਨ ਦਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਆਜ਼ਾਦੀ ਦੇ ਅੰਦਰ ਰਹਿੰਦੇ।
ਕੱਠੇ, ਉਠਦੇ, ਰਲਮਿਲ ਬਹਿੰਦੇ।
ਹੁੰਦੇ ਨਈ ਮੁਹਤਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਇਹਨਾਂ 'ਚੋਂ ਖੋਜੇ ਉਡਣ ਖਟੋਲੇ।
ਲੱਖਾਂ ਮੀਲ ਖੰਭਾਂ ਨਾਲ ਤੋਲੇ।
ਯਾਤਰਾ ਦੇ ਸਮਰਾਜ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
ਸੁਰ-ਸੰਗੀਨ ਇਹਨਾਂ 'ਚੋਂ ਬਣਿਆ।
ਸਭਿਆਚਾਰ ਇਹਨਾਂ 'ਚੋਂ ਜਣਿਆ।
ਸੰਸਕ੍ਰਿਤੀ ਦਾ ਆਗਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।
'ਬਾਲਮ'ਸੁੱਖ ਨੂੰ ਵੰਡਦੇ ਜਾਂਦੇ।
ਆਫ਼ਤ ਵਿਚ ਵੀ ਨਈਂ ਘਬਰਾਂਦੇ।
ਦੁੱਖ ਦਾ ਰੱਖਣ ਰਾਜ਼ ਪਰਿੰਦੇ।
ਅੰਬਰ ਦੇ ਸਿਰਤਾਜ ਪਰਿੰਦੇ।

**ਬਲਵਿੰਦਰ 'ਬਾਲਮ' ਗੁਰਦਾਸਪੁਰ**
98156-25409

## ਆਈਸ ਮਾਰੇ ਸੇਕ ?

ਲੱਗੀ ਹੋਈ ਸੀ 'ਦੇਸ' ਤੋਂ ਰੇਸ ਜਿਹੜੀ
ਲਾ'ਤੀ ਟਰੰਪ ਨੇ ਖਿੱਚ ਬਰੇਕ ਮੀਆਂ।
ਸਾਹ ਸੁੱਕੇ ਗਏ ਬਹੁਤ ਡਰਾਈਵਰਾਂ ਦੇ
ਲਾਉਂਦੇ ਰਹੇ ਜੋ ਮਾਣਕ ਦੀ ਹੇਕ ਮੀਆਂ।
ਸੁਣਕੇ ਖਬਰ 'ਡਿਟੇਨ-ਡਿਪੋਰਟਾਂ' ਦੀ
'ਪਿੱਛੇ' ਪੈਣ ਕਲੇਜੇ ਨੂੰ 'ਛੇਕ' ਮੀਆਂ।
ਫਿਰਦੀ ਲੱਭਦੀ ਉਨ੍ਹਾਂ ਪਰਦੇਸੀਆਂ ਨੂੰ
ਘੜਕੇ ਆਏ ਕਹਾਣੀਆਂ ਫੇਕ ਮੀਆਂ।
ਕਹਿੰਦੀ ਕੁੱਝ ਨਾ ਉਨ੍ਹਾਂ ਪ੍ਰਵਾਸੀਆਂ ਨੂੰ
ਆਉਂਦੇ ਵਰਤ ਕੇ ਢੰਗ ਜੋ ਨੇਕ ਮੀਆਂ।
ਹੈ 'ਏਜੰਸੀ' ਅਮਰੀਕਾ ਦੀ ਖਾਸ ਯਾਰੋ
ਨਾਂ 'ਆਈਸ' ਪਰ ਮਾਰਦੀ ਸੇਕ ਮੀਆਂ।



**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ

ਹਾਰ ਨੂੰ ਜਿੱਤ ਕਹਿ ਨਹੀਓਂ ਸੱਚ ਉਲੰਘੀਦਾ,
ਹਾਰ ਨੂੰ ਮੰਨ ਕੇ ਜਿੱਤ ਦਾ ਸਫ਼ਰ ਆਰੰਭੀਦਾ।
ਜਿੰਦ ਨੂੰ ਏਨਾਂ ਕੂੜ੍ਹ ਹੇਠ ਨਹੀਂ ਦੱਬੀਦਾ,
ਕਦੇ ਕਦੇ ਤਾਂ ਸੱਚ ਜ਼ੁਬਾਨੋਂ ਕੱਢੀਦਾ।
ਲਿਖ ਦਿਓ ਇਹਦੇ ਪਾਣੀ, ਹਵਾ, ਅਸਮਾਨ ਉੱਤੇ,

ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।
ਔਰਤ ਜੰਮਣੋਂ ਪਹਿਲਾਂ ਮਾਰ ਮੁਕਾਈ ਹੈ
ਫੇਰ ਸਰੋਵਰ-ਤੀਰਥ ਡੁਬਕੀ ਲਾਈ ਹੈ।
ਗੁਰਬਾਣੀ ਨੂੰ ਜਿਹਨਾਂ ਭੋਗ ਲੱਗਵਾਇਆ ਹੈ
ਬਾਣੀ ਸਾਹਵੇਂ ਆਰਤੀ-ਥਾਲ ਨਚਾਇਆ ਹੈ
ਮੂਰਤੀ ਪੂਜਾ ਨੂੰ ਵੀ ਸ਼ਰਮ 'ਚ ਲਾਇਆ ਹੈ,
ਉਸੇ ਮਨ ਜ਼ੁਬਾਨ ਕਹੀਏ ਕਿਸ ਮਾਣ ਉੱਤੇ
ਵਸਦਾ ਹੈ ਪੰਜਾਬ ਗੁਰਾਂ ਦੇ ਨਾਮ ਉੱਤੇ ?

ਲੱਗਦੀ ਵਾਹ ਜੁਆਨੀ 'ਬਾਹਰ' ਨੂੰ ਭੱਜ ਰਹੀ,
ਰਹਿੰਦੀ 'ਨਾ-ਹੋਣੀ' ਹੋ ਨਸ਼ੇ 'ਤੇ ਲੱਗ ਰਹੀ।
'ਭਾਗੋ' ਜ਼ਿੰਦਗੀ ਮੌਤੋਂ ਮੁਸ਼ਕਲ ਕਰ ਰਿਹਾ,
'ਲਾਲੋ' ਨਿੱਤ ਹੀ ਖ਼ੁਦ ਦੀ ਫ਼ਾਂਸੀ ਚੜ੍ਹ ਰਿਹਾ।
ਇਹਨੂੰ ਵਸੋਂ ਜੇ ਕਹਿੰਦੇ ਤਾਂ ਉਜਾੜ ਕਿੱਥੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਬਹੁਤਾ ਉੱਜੜ ਚੁੱਕਿਆਂ ਰਹਿੰਦਾ ਉੱਜੜ ਜਊ,
ਰੂਹ ਵਿੱਚ ਨ੍ਹੇਰਾ ਹੋਰ ਵੀ ਡੂੰਘਾ ਉੱਤਰ ਜਊ,
ਜੇ ਸਿਰਾਂ 'ਚੇ ਗਿਆਨ ਦਾ ਲਾਟੂ ਬਲਿਆ ਨਾ,
ਤਰਕ ਅਤੇ ਵਿਗਿਆਨ ਦਾ ਸੂਰਜ ਚੜਿਆ ਨਾ।
ਅਜੇ ਤਾਂ ਚੱਲਦਾ ਬਹੁਤਾ ਕੁਛ ਅਗਿਆਨ ਉੱਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਅੰਧਵਿਸ਼ਵਾਸ ਕੁਰੀਤਾਂ ਜ਼ੁਲਮ ਪਾਖ਼ੰਡਾਂ ਨੂੰ,
ਲੁੱਟ-ਖੋਹ ਵਾਲੇ ਇਨ੍ਹਾਂ ਧਰਮ ਦੇ ਸੰਦਾਂ ਨੂੰ,
ਮੇਟਣ ਦੇ ਲਈ ਗੁਰੂਆਂ ਲਹਿਰ ਚਲਾਈ ਸੀ
ਸੱਚ ਤਰਕ ਤੇ ਹੱਕ ਸੰਗ ਢੋਈ ਲਾਈ ਸੀ।
ਕੰਧ ਜ਼ੁਲਮ ਦੀ ਹਿੱਲੀ ਕਲਮ ਜ਼ਬਾਨ ਉੱਤੇ,
ਵਸਿਆ ਸੀ ਪੰਜਾਬ ਗੁਰਾਂ ਦੇ ਨਾਮ ਉੱਤੇ!

ਪਾਖੰਡੀ ਬਾਬੇ ਹਾਲੇ ਵੀ ਮਹਾਂਰਾਜ ਸਜੇ
ਗਿਆਨ 'ਤੇ ਅੰਧਵਿਸ਼ਵਾਸ ਕਰੇਂਦਾ ਰਾਜ ਅਜੇ।
ਸਿੱਖੀ ਵਿੱਚ ਵੜ ਜਾਤਾਂ ਜਰਬਾਂ ਖਾ ਚੁੱਕੀਆਂ
ਰੂਹੇ-ਤੀਰਥ ਨਾਲ ਸਰੋਵਰੀ ਆ ਢੁੱਕੀਆਂ,
ਸੰਗਤਾਂ ਜੁੜੀਆਂ ਗੁਰਧਾਮੀ ਇਸ਼ਨਾਨ ਉੱਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਉਹੀ ਧਰਮ ਕੁਰੀਤਾਂ ਜਾਤ ਪਾਖ਼ੰਡਾਂ ਨੂੰ
ਮੋੜ ਲਿਆਇਆਂ ਕੌਣ ਮਹੰਤ ਮਸੰਦਾਂ ਨੂੰ।
ਵੱਡ ਟੁੱਕ ਕੇ ਪੰਜਾਬ ਨੇਤਾਵਾਂ ਧਰ ਛੱਡਿਆ
ਆਪੋ ਆਪਣੇ ਮਤਲਬ ਮੇਚ ਦਾ ਕਰ ਛੱਡਿਆਂ।
ਹਾਕਮ ਨੱਚਦੇ ਮੁਗ਼ਲਾਂ ਵਾਲੇ ਤਾਨ ਉੱਤੇ,
ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਮ ਉੱਤੇ।

ਮਰਦ ਜਿੰਨਾ ਹੀ ਔਰਤ ਦਾ ਅਧਿਕਾਰ ਹੋਊ
ਧਰਮ ਪਾਖ਼ੰਡ ਕੁਰੀਤਾਂ ਦਾ ਅੰਬਾਰ ਢਊ।
ਮਨੁੱਖੀ ਲੁੱਟ ਦਾ ਬੰਦਾ ਨਾ ਸ਼ਿਕਾਰ ਹੋਊ
ਅੰਧਵਿਸ਼ਵਾਸੋਂ ਨਿੱਕਲ ਤਰਕ-ਸਵਾਰ ਹੋਊ
'ਪਰਖ਼ੇ' ਨੂੰ ਤਦ ਬੰਦੇ 'ਤੇ ਇਤਬਾਰ ਹੋਊ
ਕੰਮ ਸੋਚ ਸਮਾਜ ਚਲੂ ਵਿਗਿਆਨ ਉੱਤੇ,
ਫੇਰ ਵਸੂ ਪੰਜਾਬ ਗੁਰਾਂ ਨਾਮ ਉੱਤੇ।

**ਸੁਖਪਾਲ ਸੰਘੇੜਾ ਓਰਫ ਪਰਖ਼ਾ**

# ਪਰਾਲੀ ਸਾੜਨ ਦੀ ਸਮੱਸਿਆ ਦਾ ਸੰਭਵ ਹੱਲ



ਉੱਤਰੀ ਭਾਰਤ ਵਿੱਚ ਫਸਲਾਂ ਦੀ ਰਹਿੰਦ-ਖੂੰਹਦ, ਜਾਂ ਪਰਾਲੀ ਸਾੜਨਾ ਬਹੁਤ ਜ਼ਿਆਦਾ ਵਧ ਗਿਆ ਹੈ। ਪਿਛਲੇ ਸੱਤ ਸਾਲਾਂ ਵਿੱਚ, ਇਸ ਪ੍ਰਦੂਸ਼ਣ ਪੈਦਾ ਕਰਨ ਵਾਲੇ ਅਭਿਆਸ ਨੂੰ ਰੋਕਣ ਲਈ ਕਈ ਉਪਾਅ ਕੀਤੇ ਗਏ ਹਨ, ਜਿਸ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਵੰਡਣ ਤੋਂ ਲੈ ਕੇ ਬਾਇਓਫਿਊਲ ਪ੍ਰੋਜੈਕਟਾਂ ਦਾ ਸਮਰਥਨ ਕਰਨ ਅਤੇ ਜੁਰਮਾਨੇ ਲਗਾਉਣ ਤੱਕ ਸ਼ਾਮਲ ਹਨ। ਇਸ ਦੇ ਬਾਵਜੂਦ, ਵਿੱਤੀ ਰੁਕਾਵਟਾਂ ਅਤੇ ਪ੍ਰਣਾਲੀਗਤ ਕਮੀਆਂ ਨੇ ਬਹੁਤ ਸਾਰੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਸੀਮਤ ਵਿਕਲਪ ਛੱਡ ਦਿੱਤੇ ਹਨ। ਜਦੋਂ ਕਿ ਪਰਾਲੀ ਸਾੜਨ ਲਈ ਜੁਰਮਾਨੇ ਲਗਾਉਣਾ ਕੁਝ ਲੋਕਾਂ ਲਈ ਆਕਰਸ਼ਕ ਹੋ ਸਕਦਾ ਹੈ, ਇੱਕ ਸਥਾਈ ਹੱਲ ਸਿਰਫ ਮੂਲ ਕਾਰਨਾਂ ਨੂੰ ਸੰਬੋਧਿਤ ਕਰਕੇ ਹੀ ਲੱਭਿਆ ਜਾ ਸਕਦਾ ਹੈ। ਏਅਰ ਕੁਆਲਿਟੀ ਡਿਸੀਜ਼ਨ ਸਪੋਰਟ ਸਿਸਟਮ ਦੇ ਅਨੁਸਾਰ, ਜੋ ਦਿੱਲੀ ਦੀ ਹਵਾ ਦੀ ਗੁਣਵੱਤਾ ਨੂੰ ਮਾਪਦਾ ਹੈ, ਹਰ ਸਾਲ ਲਗਭਗ 20 ਦਿਨਾਂ ਲਈ ਪਰਾਲੀ ਸਾੜਨ ਦੇ ਸਿਖਰ ਦੌਰਾਨ, ਦਿੱਲੀ ਦਾ PM 2.5 ਪ੍ਰਦੂਸ਼ਣ 15-30 ਪ੍ਰਤੀਸ਼ਤ ਵਧ ਜਾਂਦਾ ਹੈ। ਇਹ ਸ਼ਹਿਰ ਦੇ ਬਾਹਰ ਪੈਦਾ ਹੋਣ ਵਾਲੇ ਪ੍ਰਦੂਸ਼ਣ ਕਾਰਨ ਹੈ। ਇਸ ਲਈ, ਪੰਜਾਬ ਅਤੇ ਹਰਿਆਣਾ ਵਿਚਕਾਰ ਤਾਲਮੇਲ ਵਾਲੇ ਯਤਨ ਜ਼ਰੂਰੀ ਹਨ। ਅਜਿਹੇ ਸਹਿਯੋਗ ਰਾਹੀਂ ਹੀ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਹੈ। ਅਗਲੇ ਤਿੰਨ ਸਾਲਾਂ ਵਿੱਚ ਸਾਂਝੇ ਯਤਨਾਂ ਰਾਹੀਂ ਹੀ ਅਸੀਂ ਅਕਤੂਬਰ ਅਤੇ ਨਵੰਬਰ ਦੇ ਵਿਚਕਾਰ ਪ੍ਰਦੂਸ਼ਣ ਘਟਾਉਣ ਦਾ ਮਾਹੌਲ ਪ੍ਰਾਪਤ ਕਰ ਸਕਦੇ ਹਾਂ। 2028 ਤੱਕ, ਇਹ ਉਪਾਅ ਪਰਾਲੀ ਸਾੜਨ ਦੇ ਸੀਜ਼ਨ ਦੌਰਾਨ PM 2.5 ਨੂੰ ਔਸਤਨ 14 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਅਤੇ ਨਵੰਬਰ ਵਿੱਚ ਪੀਕ ਪ੍ਰਦੂਸ਼ਣ ਦੀ ਮਿਆਦ ਦੌਰਾਨ 40 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੱਕ ਘਟਾ ਦੇਣਗੇ। ਉਦਾਹਰਣ ਵਜੋਂ, ਨਵੰਬਰ 2024 ਵਿੱਚ, ਦਿੱਲੀ ਵਿੱਚ ਔਸਤ ਮਾਸਿਕ PM 2.5 ਦਾ ਪੱਧਰ 230 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਸੀ। ਪਹਿਲਾਂ, ਕਸਟਮ ਹਾਇਰਿੰਗ ਸੈਂਟਰਾਂ (CHCs) ਨੂੰ ਪਰਾਲੀ ਸੰਭਾਲਣ ਵਾਲੀਆਂ ਮਸ਼ੀਨਾਂ ਦਾ ਬਿਹਤਰ ਪ੍ਰਬੰਧਨ ਕਰਨ ਲਈ ਸੁਧਾਰਿਆ ਜਾਣਾ ਚਾਹੀਦਾ ਹੈ। ਪੰਜਾਬ ਅਤੇ ਹਰਿਆਣਾ ਵਿੱਚ 250,000 ਤੋਂ ਵੱਧ ਅਜਿਹੀਆਂ ਮਸ਼ੀਨਾਂ ਹਨ, ਜੋ ਸਿਧਾਂਤਕ ਤੌਰ 'ਤੇ ਸਾਰੇ ਗੈਰ-ਬਾਸਮਤੀ ਚੌਲਾਂ ਦੇ ਖੇਤਾਂ ਨੂੰ ਕਵਰ ਕਰਨ ਲਈ ਕਾਫ਼ੀ ਹਨ। ਹਾਲਾਂਕਿ, CHCs 'ਤੇ ਭਰਤੀ ਪ੍ਰਣਾਲੀ ਅਰਾਜਕ ਅਤੇ ਅਪਾਰਦਰਸ਼ੀ ਹੈ, ਜਿਸਦੇ ਨਤੀਜੇ ਵਜੋਂ ਸਿਰਫ 40% ਮਸ਼ੀਨਾਂ ਕਾਰਜਸ਼ੀਲ ਹਨ। ਊਰਜਾ, ਵਾਤਾਵਰਣ ਅਤੇ ਪਾਣੀ ਪ੍ਰੀਸ਼ਦ (355➾) ਦੇ ਇੱਕ ਤਾਜ਼ਾ ਅਧਿਐਨ ਦੇ ਅਨੁਸਾਰ, ਪੰਜਾਬ ਵਿੱਚ ਸਿਰਫ 15% ਕਿਸਾਨ ਖੇਤਾਂ ਵਿੱਚ ਪਰਾਲੀ ਪ੍ਰਬੰਧਨ ਦਾ ਅਭਿਆਸ ਕਰਦੇ ਹਨ। ਉਹ ਸੀਐਚਸੀ ਤੋਂ ਮਸ਼ੀਨਾਂ ਕਿਰਾਏ 'ਤੇ ਲੈਂਦੇ ਹਨ। ਹਾਲਾਂਕਿ ਸੀਐਚਸੀ ਇਹ ਮਸ਼ੀਨਾਂ 80% ਸਬਸਿਡੀ 'ਤੇ ਪ੍ਰਾਪਤ ਕਰਦੇ ਹਨ, ਪਰ ਵਿੱਤੀ ਤੌਰ 'ਤੇ ਟਿਕਾਊ ਰਹਿਣ ਲਈ ਉਨ੍ਹਾਂ ਨੂੰ ਹਰ ਸੀਜ਼ਨ ਵਿੱਚ ਕਾਫ਼ੀ ਖੇਤਰ ਕਵਰ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ, ਜੇਕਰ ਸਬਸਿਡੀ ਅਧੀਨ 48,000 ਰੁਪਏ ਵਿੱਚ ਖਰੀਦਿਆ ਗਿਆ ਇੱਕ ਸੁਪਰ ਸੀਡਰ ਅਗਲੇ ਪੰਜ ਸਾਲਾਂ ਲਈ ਹਰ ਸਾਲ 100 ਏਕੜ (40 ਹੈਕਟੇਅਰ) ਜ਼ਮੀਨ 'ਤੇ ਬੀਜ ਬੀਜਣ ਲਈ ਵਰਤਿਆ ਜਾਂਦਾ ਹੈ, ਜਦੋਂ ਕਿਰਾਏ 'ਤੇ ਦਿੱਤਾ ਜਾਂਦਾ ਹੈ ਇਸ ਸਾਲ, ਰਾਜ ਸਰਕਾਰਾਂ ਨੂੰ ਕਈ ਵੱਡੇ ਸੁਧਾਰ ਲਾਗੂ ਕਰਨੇ ਚਾਹੀਦੇ ਹਨ। ਉਦਾਹਰਣ ਵਜੋਂ, ਹਰੇਕ 3813 ਨੂੰ ਸੁਪਰ ਸੀਡਰਾਂ ਲਈ ਘੱਟੋ-ਘੱਟ 40 ਹੈਕਟੇਅਰ ਜ਼ਮੀਨ ਅਲਾਟ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਜ਼ਮੀਨੀ ਕੰਮ ਨੂੰ ਲਾਜ਼ਮੀ ਬਣਾਉਣਾ ਚਾਹੀਦਾ ਹੈ ਅਤੇ ਕਿਸਾਨਾਂ ਅਤੇ ਸੀਐਚਸੀ ਨੂੰ ਪੰਜਾਬ ਦੇ ਉੱਨਤ ਕਿਸਾਨ ਵਰਗੇ ਮੋਬਾਈਲ ਐਪਸ 'ਤੇ ਜੋੜਨਾ ਚਾਹੀਦਾ ਹੈ ਤਾਂ ਜੋ ਮਸ਼ੀਨਾਂ ਦੀ ਨਿਰਵਿਘਨ ਬੁਕਿੰਗ ਦੀ ਸਹੂਲਤ ਮਿਲ ਸਕੇ। ਇਸ ਤੋਂ ਇਲਾਵਾ, ਸਰਕਾਰਾਂ ਨੂੰ ਮਸ਼ੀਨਾਂ ਦੇ ਡਾਊਨਟਾਈਮ ਨੂੰ ਘੱਟ ਤੋਂ ਘੱਟ ਕਰਨ ਲਈ ਇਨ੍ਹਾਂ ਕੇਂਦਰਾਂ ਲਈ ਮਸ਼ੀਨ ਰੱਖ-ਰਖਾਅ 'ਤੇ ਤਕਨੀਕੀ ਸਿਖਲਾਈ ਨੂੰ ਤਰਜੀਹ ਦੇਣੀ ਚਾਹੀਦੀ ਹੈ। 2026 ਤੱਕ, ਸਰਕਾਰ ਨੂੰ ਘੱਟੋ-ਘੱਟ ਸੇਵਾ ਟੀਚਿਆਂ ਨੂੰ ਪੂਰਾ ਕਰਨ ਵਾਲੇ ਸੀਐਚਸੀ ਨੂੰ ਸੰਚਾਲਨ ਸਹਾਇਤਾ ਪ੍ਰਦਾਨ ਕਰਨ ਲਈ ਮਸ਼ੀਨ ਸਬਸਿਡੀ ਸਕੀਮ ਨੂੰ ਦੁਬਾਰਾ ਡਿਜ਼ਾਈਨ ਕਰਨਾ ਚਾਹੀਦਾ ਹੈ। ਦੂਜਾ, ਪੰਜਾਬ ਅਤੇ ਹਰਿਆਣਾ ਦੇ ਖੇਤੀਬਾੜੀ ਵਿਭਾਗਾਂ ਨੂੰ ਜ਼ਮੀਨੀ ਪੱਧਰ 'ਤੇ ਕੰਮ ਕਰਨਾ ਚਾਹੀਦਾ ਹੈ ਅਤੇ ਫਸਲਾਂ ਦੀ ਰਹਿੰਦ-ਖੂੰਹਦ ਪ੍ਰਬੰਧਨ ਦੇ ਆਲੇ ਦੁਆਲੇ ਦੀਆਂ ਮਿੱਥਾਂ ਨੂੰ ਦੂਰ ਕਰਨਾ ਚਾਹੀਦਾ ਹੈ। ਅਜਿਹੀਆਂ ਮਿੱਥਾਂ ਹਨ ਕਿ ਮਸ਼ੀਨਾਂ ਦੀ ਵਰਤੋਂ ਨਾਲ ਕੀੜਿਆਂ ਦੇ ਹਮਲੇ ਅਤੇ ਪੈਦਾਵਾਰ ਘੱਟ ਜਾਵੇਗੀ। ਕੇਂਦਰ ਸਰਕਾਰ ਦੁਆਰਾ ਜਾਰੀ ਕੀਤੇ ਗਏ ਸੋਧੇ ਹੋਏ ਸੀਆਰਐਮ ਸੰਚਾਲਨ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਸਿਖਲਾਈ ਅਤੇ ਪ੍ਰਦਰਸ਼ਨਾਂ ਲਈ ਪ੍ਰਤੀ ਰਾਜ ਸਾਲਾਨਾ ਲਗਭਗ 12.06 ਕਰੋੜ ਅਲਾਟ ਕੀਤੇ ਜਾਣਗੇ। ਇਹ ਰਕਮ ਇਸ ਸਾਲ ਪਰਾਲੀ ਪ੍ਰਬੰਧਨ ਲਈ ਪੰਜਾਬ ਦੁਆਰਾ ਅਲਾਟ ਕੀਤੇ ਗਏ ਲਗਭਗ 500 ਯੂਨਿਟਾਂ ਦੇ ਬਰਾਬਰ ਹੈ। ਇਹ ਸਾਲਾਨਾ ਫਸਲ ਰਹਿੰਦ-ਖੂੰਹਦ ਪ੍ਰਬੰਧਨ (CRM) ਬਜਟ ਦਾ ਸਿਰਫ 0.5% ਦਰਸਾਉਂਦਾ ਹੈ। ਰਾਜਾਂ ਨੂੰ ਆਪਣੇ ਸਾਲਾਨਾ ਫਸਲ ਰਹਿੰਦ-ਖੂੰਹਦ ਪ੍ਰਬੰਧਨ (CRM) ਬਜਟ ਦਾ 5% ਤੱਕ ਰਣਨੀਤਕ ਜਾਣਕਾਰੀ, ਸਿੱਖਿਆ ਅਤੇ ਸੰਚਾਰ (953) ਗਤੀਵਿਧੀਆਂ ਲਈ ਅਲਾਟ ਕਰਨਾ ਚਾਹੀਦਾ ਹੈ। ਇਹਨਾਂ ਵਿੱਚ ਖੇਤਰੀ ਪ੍ਰਦਰਸ਼ਨ, ਵਧੀਆ ਅਭਿਆਸ ਚੈੱਕਲਿਸਟਾਂ, ਅਤੇ ਲਾਗਤ ਬੱਚਤ ਦੇ ਸਬੂਤ ਸ਼ਾਮਲ ਹੋਣੇ ਚਾਹੀਦੇ ਹਨ। ਤੀਜਾ, ਘੱਟੋ-ਘੱਟ 30% ਝੋਨੇ ਦੀ ਰਹਿੰਦ-ਖੂੰਹਦ ਨੂੰ ਐਕਸ-ਸੀਟੂ ਤਰੀਕਿਆਂ ਰਾਹੀਂ ਵਰਤਣ ਲਈ ਬੁਨਿਆਦੀ ਢਾਂਚਾ ਅਤੇ ਸਪਲਾਈ ਚੇਨਾਂ ਨੂੰ ਤੇਜ਼ੀ ਨਾਲ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਐਕਸ-ਸੀਟੂ ਤਰੀਕਿਆਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਉਦਯੋਗਿਕ ਬਾਇਲਰਾਂ ਵਿੱਚ ਬਾਲਣ ਵਜੋਂ ਜਾਂ ਬਾਇਓਗੈਸ ਅਤੇ ਬਾਇਓਚਾਰ ਉਤਪਾਦਨ ਲਈ ਕੱਚੇ ਮਾਲ ਵਜੋਂ ਵਰਤਣਾ ਸ਼ਾਮਲ ਹੈ, ਹੋਰ ਵਰਤੋਂ ਦੇ ਨਾਲ। ਉਦਾਹਰਣ ਵਜੋਂ, ਪੰਜਾਬ ਨੇ ਐਕਸ-ਸੀਟੂ ਤਰੀਕਿਆਂ ਰਾਹੀਂ 59.6 ਲੱਖ ਮੀਟ੍ਰਿਕ ਟਨ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦਾ ਟੀਚਾ ਰੱਖਿਆ ਸੀ, ਪਰ 2023 ਤੱਕ ਇਸ ਟੀਚੇ ਦਾ ਸਿਰਫ 60% ਹੀ ਪ੍ਰਾਪਤ ਕੀਤਾ ਜਾ ਸਕਿਆ। ਅਗਸਤ 2025 ਤੱਕ ਪੰਜਾਬ ਵਿੱਚ ਯੋਜਨਾਬੱਧ 70 ਕੰਪ੍ਰੈਸ਼ਡ ਬਾਇਓਗੈਸ ਪਲਾਂਟਾਂ ਵਿੱਚੋਂ ਸਿਰਫ਼ 6 ਹੀ ਚਾਲੂ ਸਨ। ਉਦਯੋਗਿਕ ਉਦੇਸ਼ਾਂ ਲਈ ਝੋਨੇ ਦੀ ਪਰਾਲੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਮੰਤਰਾਲਿਆਂ ਦੁਆਰਾ ਪੇਸ਼ ਕੀਤੇ ਗਏ ਵਿੱਤੀ ਪ੍ਰੋਤਸਾਹਨ ਦੇ ਬਾਵਜੂਦ, ਟੀਚੇ ਪੂਰੇ ਨਹੀਂ ਕੀਤੇ ਗਏ ਹਨ। ਇਹ ਮੁੱਖ ਤੌਰ 'ਤੇ ਬਾਇਓਮਾਸ ਸਪਲਾਈ ਦੀ ਉੱਚ ਲਾਗਤ, ਢੁਕਵੀਆਂ ਬੇਲਰ ਮਸ਼ੀਨਾਂ ਦੀ ਘਾਟ, ਸਟੋਰੇਜ ਸਹੂਲਤਾਂ ਦੀ ਅਣਉਪਲਬਧਤਾ, ਢੁਕਵੇਂ ਸਪਲਾਈ ਚੇਨ ਭਾਈਵਾਲਾਂ ਦੀ ਘਾਟ ਅਤੇ ਇੱਕ ਹੁਨਰਮੰਦ ਕਾਰਜਬਲ ਦੇ ਕਾਰਨ ਹੈ। ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ, ਰਾਜਾਂ ਨੂੰ ਇਸ ਸਾਲ ਝੋਨੇ ਦੀ ਪਰਾਲੀ-ਅਧਾਰਤ ਪਲਾਂਟਾਂ ਲਈ ਕੀਮਤ ਖੋਜ ਅਧਿਐਨ ਕਰਨੇ ਚਾਹੀਦੇ ਹਨ ਅਤੇ ਪ੍ਰੋਜੈਕਟ ਡਿਵੈਲਪਰਾਂ ਲਈ ਕਿਫਾਇਤੀ ਕੀਮਤ ਨਿਰਧਾਰਤ ਕਰਨੀ ਚਾਹੀਦੀ ਹੈ।




ਵਿਜੈ ਗਰਗ
ਸਾਬਕਾ ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ
9465682110


ਇਹ ਪ੍ਰੋਜੈਕਟ ਡਿਵੈਲਪਰਾਂ ਲਈ ਵਿਹਾਰਕ ਹੈ ਅਤੇ ਕਿਸਾਨਾਂ ਲਈ ਨਿਰਪੱਖ ਰਿਟਰਨ ਨੂੰ ਯਕੀਨੀ ਬਣਾਉਂਦਾ ਹੈ। 2026 ਤੱਕ, ਰਾਜ ਊਰਜਾ ਵਿਕਾਸ ਏਜੰਸੀਆਂ ਨੂੰ ਨੁਕਸਾਨ ਅਤੇ ਅੱਗ ਦੇ ਜੋਖਮ ਨੂੰ ਘਟਾਉਣ ਲਈ ਬਾਇਓਮਾਸ ਸਟੋਰੇਜ ਦਿਸ਼ਾ-ਨਿਰਦੇਸ਼ਾਂ ਨੂੰ ਮਿਆਰੀ ਬਣਾਉਣਾ ਚਾਹੀਦਾ ਹੈ। ਅੰਤ ਵਿੱਚ, ਉੱਭਰ ਰਹੇ ਉਤਪਾਦਾਂ ਜਿਵੇਂ ਕਿ ਫਰਮੈਂਟ ਕੀਤੇ ਜੈਵਿਕ ਖਾਦ ਅਤੇ ਸੰਕੁਚਿਤ ਬਾਇਓਗੈਸ ਪਲਾਂਟਾਂ ਤੋਂ ਪ੍ਰਾਪਤ ਬਾਇਓਚਾਰ ਲਈ ਮਾਰਕੀਟ ਵਿਕਾਸ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਇਆ ਜਾ ਸਕੇ। ਫਰਮੈਂਟ ਕੀਤੀ ਖਾਦ ਅਤੇ ਬਾਇਓਚਾਰ ਮਿੱਟੀ ਦੇ ਪੌਸ਼ਟਿਕ ਤੱਤਾਂ ਵਿੱਚ ਵੀ ਯੋਗਦਾਨ ਪਾ ਸਕਦੇ ਹਨ। ਇਨ੍ਹਾਂ ਉੱਭਰ ਰਹੇ ਖੇਤਰਾਂ ਦੀ ਵਿੱਤੀ ਸਥਿਰਤਾ ਲਈ ਭਰਪੂਰ ਪੌਸ਼ਟਿਕ ਤੱਤਾਂ ਲਈ ਵਪਾਰਕ ਬਾਜ਼ਾਰਾਂ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਹਾਲ ਹੀ ਵਿੱਚ, ਖਾਦ (ਅਜੈਵਿਕ, ਜੈਵਿਕ ਜਾਂ ਮਿਸ਼ਰਤ) ਕੰਟਰੋਲ ਆਰਡਰ, 1985 ਵਿੱਚ ਸੋਧਾਂ ਨੇ ਫਰਮੈਂਟਡ ਖਾਦ ਲਈ ਗੁਣਵੱਤਾ ਦੇ ਮਾਪਦੰਡ ਸਥਾਪਤ ਕੀਤੇ ਹਨ, ਪਰ ਕੇਂਦਰ ਸਰਕਾਰ ਨੇ ਅਜੇ ਤੱਕ ਬਾਇਓਚਾਰ ਲਈ ਮਾਪਦੰਡਾਂ ਨੂੰ ਸੂਚਿਤ ਨਹੀਂ ਕੀਤਾ ਹੈ। ਬਾਇਓਚਾਰ ਤੋਂ ਪ੍ਰਾਪਤ ਪ੍ਰੀਮੀਅਮ ਕਾਰਬਨ ਕ੍ਰੈਡਿਟ ਦੀ ਵਿਸ਼ਵਵਿਆਪੀ ਮੰਗ ਦਾ ਲਾਭ ਉਠਾਉਣ ਨਾਲ ਭਾਰਤੀ ਕਿਸਾਨਾਂ ਲਈ ਨਵੇਂ ਮਾਲੀਆ ਸਰੋਤ ਖੁੱਲ੍ਹ ਸਕਦੇ ਹਨ। 2027 ਤੱਕ, ਸਰਕਾਰਾਂ ਨੂੰ ਰਾਜ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਨੂੰ ਫਰਮੈਂਟਡ ਖਾਦ ਅਤੇ ਬਾਇਓਚਾਰ ਲਈ ਵਰਤੋਂ ਦਿਸ਼ਾ-ਨਿਰਦੇਸ਼ (ਮਾਤਰਾ, ਬਾਰੰਬਾਰਤਾ ਅਤੇ ਵਿਧੀਆਂ) ਵਿਕਸਤ ਕਰਨ ਲਈ ਨਿਰਦੇਸ਼ ਦੇਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਕਿਸਾਨਾਂ ਦੇ ਵਿਸ਼ਵਾਸ ਨੂੰ ਵਧਾਉਣ ਲਈ ਵਧੇਰੇ ਸਬੂਤ, ਸਰਗਰਮ ਸਿਖਲਾਈ ਅਤੇ ਖੇਤ-ਪੱਧਰੀ ਅਜ਼ਮਾਇਸ਼ਾਂ ਦੀ ਲੋੜ ਹੈ। ਰਾਜਾਂ ਨੂੰ ਅਗਲੇ ਬਿਜਾਈ ਸੀਜ਼ਨ ਤੋਂ ਝੋਨੇ ਦੀ ਪਰਾਲੀ ਨੂੰ ਘਟਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਜਿਸ ਲਈ ਅਨਾਜ ਖਰੀਦ ਨਿਯਮਾਂ ਵਿੱਚ ਬਦਲਾਅ ਦੀ ਲੋੜ ਹੁੰਦੀ ਹੈ। ਇਹ PR 126 ਆਦਿ ਵਰਗੀਆਂ ਛੋਟੀ ਮਿਆਦ ਦੀਆਂ ਚੌਲਾਂ ਦੀਆਂ ਕਿਸਮਾਂ ਨੂੰ ਉਤਸ਼ਾਹਿਤ ਕਰਕੇ ਕੀਤਾ ਜਾ ਸਕਦਾ ਹੈ, ਜੋ ਕਿ ਵਧੇਰੇ ਤੀਬਰ ਅਤੇ ਪਾਣੀ ਦੀ ਖਪਤ ਕਰਨ ਵਾਲੀਆਂ ਪੂਸਾ 44 ਨਾਲੋਂ ਇੱਕ ਬਿਹਤਰ ਵਿਕਲਪ ਹਨ। ਪੂਸਾ 44 ਪ੍ਰਤੀ ਹੈਕਟੇਅਰ ਲਗਭਗ ਦੋ ਟਨ ਵਾਧੂ ਪਰਾਲੀ ਪੈਦਾ ਕਰਦਾ ਹੈ, ਜਿਸ ਨਾਲ ਪਰਾਲੀ ਸਾੜਨ ਦੀ ਸਮੱਸਿਆ ਹੋਰ ਵੀ ਵੱਧ ਜਾਂਦੀ ਹੈ। 2023 ਵਿੱਚ, ਪੀਆਰ 126 ਪੰਜਾਬ ਦੇ ਗੈਰ-ਬਾਸਮਤੀ ਏਕੜ ਦਾ 38% ਸੀ। 2026 ਤੱਕ, ਕੇਂਦਰ ਸਰਕਾਰ ਨੂੰ ਜ਼ਿਲ੍ਹਾ ਪੱਧਰ 'ਤੇ ਘੱਟ ਸਮੇਂ ਦੀਆਂ ਕਿਸਮਾਂ ਦੇ ਔਸਤ ਝਾੜ ਦੇ ਬਰਾਬਰ ਪ੍ਰਤੀ ਏਕੜ ਝੋਨੇ ਦੀ ਖਰੀਦ ਸੀਮਾ ਨਿਰਧਾਰਤ ਕਰਨੀ ਚਾਹੀਦੀ ਹੈ। ਇਸ ਨਾਲ ਪੂਸਾ 44 ਦੀ ਖਿੱਚ ਘੱਟ ਜਾਵੇਗੀ, ਕਿਉਂਕਿ ਇਸਦੀ ਵਾਧੂ ਪੈਦਾਵਾਰ ਸਰਕਾਰ ਦੁਆਰਾ ਨਹੀਂ ਖਰੀਦੀ ਜਾਵੇਗੀ। ਇਹ ਪ੍ਰਸ਼ਾਸਕੀ ਤੌਰ 'ਤੇ ਸੰਭਵ ਹੈ, ਕਿਉਂਕਿ ਸਰਕਾਰ ਨੇ ਪਹਿਲਾਂ ਹੀ ਅਨਾਜ ਖਰੀਦ ਪ੍ਰਕਿਰਿਆ ਵਿੱਚ ਜ਼ਮੀਨੀ ਰਿਕਾਰਡ ਨੂੰ ਜੋੜ ਦਿੱਤਾ ਹੈ। ਅਗਲੇ ਤਿੰਨ ਸਾਲਾਂ ਲਈ ਇੱਕ ਵਿਹਾਰਕ ਅਤੇ ਪ੍ਰਾਪਤੀਯੋਗ ਰੋਡਮੈਪ ਲਈ ਨੀਤੀ ਨਿਰਮਾਤਾਵਾਂ, ਕਿਸਾਨਾਂ, ਉਦਯੋਗ ਅਤੇ ਅਕਾਦਮਿਕ ਸੰਸਥਾਵਾਂ ਵਿਚਕਾਰ ਸਹਿਯੋਗ ਦੀ ਲੋੜ ਹੈ।

# ਅਵਾਰਾ ਕੁੱਤਿਆਂ ਦੀ ਦਹਿਸ਼ਤ ਤੋਂ ਕਦੋਂ ਮਿਲੇਗਾ ਛੁਟਕਾਰਾ

ਪਿੱਛੇ ਜਿਹੇ ਖੰਨਾ ਸ਼ਹਿਰ ਵਿਚ ਅਵਾਰਾ ਕੁੱਤਿਆਂ ਨੇ 17 ਬੱਚਿਆਂ ਸਮੇਤ 20 ਤੋਂ ਵੱਧ ਲੋਕਾਂ ਨੂੰ ਵੱਢ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਸ਼ਹਿਰ ਵਿਚ ਖੂੰਖਾਰ ਕੁੱਤਿਆਂ ਦਾ ਹੜ੍ਹ ਆ ਗਿਆ ਲੱਗਦਾ ਹੈ। ਅਵਾਰਾ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਇਸ ਸ਼ਹਿਰ ਦੇ ਅਮਲੋਹ ਰੋਡ, ਦੁਸਹਿਰਾ ਮੇਲਾ ਗਰਾਊਂਡ, ਗੁਲਮੋਹਰ ਨਗਰ, ਕ੍ਰਿਸ਼ਨਾ ਨਗਰ, ਆਜ਼ਾਦ ਨਗਰ ਅਤੇ ਸਬਜ਼ੀ ਮੰਡੀ ਇਲਾਕੇ ਵਿਚ ਵਾਪਰੀਆਂ। ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ ਇਕ ਕਤੂਰੇ ਨੇ ਕਈ ਬੱਚਿਆਂ ਨੂੰ ਵੱਢਿਆ ਸੀ। ਜ਼ਿਆਦਾ ਜ਼ਖ਼ਮੀ ਦੁਸਹਿਰਾ ਮੇਲਾ ਗਰਾਊਂਡ ਤੇ ਕ੍ਰਿਸ਼ਨਾ ਨਗਰ ਦੇ ਸਨ।

ਇਸ ਤੋਂ ਪਹਿਲਾਂ ਵੀ ਖੰਨਾ ਸ਼ਹਿਰ ਵਿਚ ਖੂੰਖਾਰ ਕੁੱਤਿਆਂ ਵੱਲੋਂ ਬਜ਼ੁਰਗਾਂ ਅਤੇ ਬੱਚਿਆਂ ਨੂੰ ਨੋਚ-ਨੋਚ ਕੇ ਖਾਣ ਦੀਆਂ ਦਰਦਨਾਕ ਘਟਨਾਵਾਂ ਵਾਪਰ ਚੁੱਕੀਆਂ ਹਨ। ਖੰਨਾ ਦੀ ਨਵੀਂ ਆਬਾਦੀ ਇਲਾਕੇ 'ਚ ਇਕ ਖੂੰਖਾਰ ਕੁੱਤੇ ਨੇ ਸੇਵਾ ਮੁਕਤ ਕਰਮਚਾਰੀ 70 ਸਾਲਾ ਬਲਵੀਰ ਸਿੰਘ 'ਤੇ ਹਮਲਾ ਕਰ ਦਿੱਤਾ। ਉਸ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਨਹਾ ਕੇ ਬਾਥਰੂਮ ਵਿੱਚੋਂ ਬਾਹਰ ਆ ਰਿਹਾ ਸੀ। ਜਿਉਂ ਹੀ ਕੁੱਤੇ ਨੇ ਹਮਲਾ ਕੀਤਾ ਤਾਂ ਉਹ ਡਿੱਗ ਪਿਆ ਤੇ ਉਸ ਨੂੰ ਲੱਤਾਂ-ਬਾਹਾਂ ਅਤੇ ਪੇਟ 'ਤੇ ਕੁੱਤੇ ਨੇ ਵੱਢ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ।

ਜਤਿੰਦਰ ਸਿੰਘ ਪਮਾਲ

ਦੂਸਰੀ ਘਟਨਾ ਵੀ ਖੰਨਾ ਦੇ ਪਿੰਡ ਇਕੋਲਾਹੀ ਦੀ ਹੈ ਜਿੱਥੇ ਅਵਾਰਾ ਕੁੱਤਿਆਂ ਦੇ ਝੁੰਡ ਨੇ ਅਚਾਨਕ 5 ਸਾਲਾ ਬੱਚੇ 'ਤੇ ਹਮਲਾ ਕਰ ਦਿੱਤਾ। ਬੱਚਾ ਆਪਣੇ ਪਿਤਾ ਨਾਲ ਖੇਤਾਂ 'ਚ ਗਿਆ ਹੋਇਆ ਸੀ। ਪਿਤਾ ਕੁਝ ਸਮੇਂ ਲਈ ਕੁਝ ਦੂਰ ਗਿਆ ਤਾਂ ਪਹਿਲਾਂ ਹੀ ਘੁੰਮ ਰਹੇ 7-8 ਕੁੱਤਿਆਂ ਦੇ ਝੁੰਡ ਨੇ ਬੱਚੇ 'ਤੇ ਹਮਲਾ ਕਰ ਦਿੱਤਾ। ਬੱਚੇ ਦੀ ਗਰਦਨ, ਪੇਟ ਅਤੇ ਹੋਰ ਥਾਵਾਂ 'ਤੇ ਗੰਭੀਰ ਜ਼ਖ਼ਮ ਸਨ ਜਿਨ੍ਹਾਂ ਨੂੰ ਵੇਖਦਿਆਂ ਸਿਵਲ ਹਸਪਤਾਲ ਖੰਨਾ ਨੇ ਬੱਚੇ ਨੂੰ ਪਟਿਆਲੇ ਭੇਜ ਦਿੱਤਾ ਸੀ। ਮਨਜੀਤ ਸਿੰਘ ਨਵਾਂਸ਼ਹਿਰ ਆਪਣੇ ਟਿੱਪਰ ਦੀ ਮੁਰੰਮਤ ਕਰਵਾਉਣ ਲਈ ਖੰਨਾ ਆਇਆ ਸੀ। ਉਸ ਨੇ ਰਾਤ ਉੱਥੇ ਹੀ ਰੁਕਣਾ ਸੀ। ਇਸ ਲਈ ਜਦ ਉਹ 10: 30 ਵਜੇ ਖਾਣਾ ਖਾਣ ਲਈ ਜਾਣ ਲੱਗਾ ਤਾਂ ਸੜਕ ਦੇ ਕਿਨਾਰੇ 7-8 ਕੁੱਤਿਆਂ ਦੇ ਝੁੰਡ ਨੇ ਉਸ 'ਤੇ ਹਮਲਾ ਕਰ ਦਿੱਤਾ। ਕੁੱਤਿਆਂ ਨੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਤੇ ਉਸ ਨੇ ਮਸਾਂ ਜਾਨ ਬਚਾਈ। ਉਸ ਨੂੰ ਸਰਕਾਰੀ ਹਸਪਤਾਲ, ਸੈਕਟਰ-32 ਚੰਡੀਗੜ੍ਹ ਵਿਖੇ ਭੇਜ ਦਿੱਤਾ ਗਿਆ।

ਪਠਾਨਕੋਟ ਦੇ ਨਜ਼ਦੀਕ ਪਿੰਡ ਲਾਡੋਚੱਕ 'ਚ ਘਰ 'ਚ ਰੱਖੇ ਪਿੱਟਬੁੱਲ ਕੁੱਤੇ ਨੇ 13 ਸਾਲਾ ਬੱਚੇ 'ਤੇ ਹਮਲਾ ਕਰ ਕੇ ਉਸ ਦੇ ਸਿਰ ਨੂੰ ਜਬਾੜਿਆਂ 'ਚ ਘੁੱਟ ਕੇ ਫੜ ਲਿਆ। ਬੱਚੇ ਨੂੰ ਬੁਰੀ ਤਰ੍ਹਾਂ ਨੋਚਿਆ। ਖੰਨਾ ਦੇ ਜੀਟੀਬੀ ਮਾਰਕੀਟ 'ਚ ਸੈਰ ਕਰ ਰਹੀ 65 ਸਾਲਾ ਔਰਤ ਅਮਰਜੀਤ ਕੌਰ 'ਤੇ ਅਵਾਰਾ ਕੁੱਤੇ ਨੇ ਹਮਲਾ ਕਰ ਦਿੱਤਾ। ਹਮਲੇ ਦੌਰਾਨ ਕੁੱਤੇ ਨੇ ਔਰਤ ਨੂੰ ਚਿਹਰੇ 'ਤੇ ਬੁਰੀ ਤਰ੍ਹਾਂ ਵੱਢਿਆ। ਉਸ ਨੂੰ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਸਰਕਾਰ ਨੂੰ ਖੂੰਖਾਰ ਕੁੱਤਿਆਂ ਤੇ ਲਾਵਾਰਸ ਪਸ਼ੂਆਂ ਦੀਆਂ ਵਧ ਰਹੀਆਂ ਘਟਨਾਵਾਂ ਦੇ ਹੱਲ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ।



Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI

FREMONT HYUNDAI